
NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਮੁੜ ਕੇ ਦਿੱਲੀ ਦੇ ਵਿੱਚ ਦੁਖਾਂਤ ਹੋਇਆ,
ਹੰਝੂ ਲੀਡਰ ਵਗਾਉਣ ਨੂੰ ਆਉਣਗੇ ਈ।
ਦਿਲਾਸਾ ਦੇਣ ਲਈ ਜਾਣਗੇ ਪੀੜਤਾਂ ਨੂੰ,
ਮਿਥ ਕੇ ਪੋਜ਼ ਤੇ ਫੋਟੋ ਖਿਚਾਉਣਗੇ ਈ।
ਦੂਸ਼ਣਬਾਜ਼ੀ ਦੀ ਰਸਮ ਨਹੀਂ ਰਹਿ ਜਾਵੇ,
ਬਿਨਾਂ ਭੁੱਲਣ ਤੋਂ ਉਹ ਭੁਗਤਾਉਣਗੇ ਈ।
ਮਨ ਵਿੱਚ ਰੱਖਣਗੇ ਚੋਣ ਅਸੈਂਬਲੀ ਦੀ,
ਵੋਟਾਂ ਵਾਸਤੇ ਤਿਕੜਮ ਲੜਾਉਣਗੇ ਈ।
ਦਿਨਾਂ ਚਹੁੰਆਂ ਦੀ ਬਾਤ ਹੈ ਮਸਾਂ ਮਿੱਤਰ,
ਪਿੱਛੋਂ ਗੇੜਾ ਨਾ ਏਧਰ ਦਾ ਲਾਉਣਗੇ ਈ।
ਰੋਣਾ ਉਮਰ ਲਈ ਜਿਨ੍ਹਾਂ ਦੇ ਪਿਆ ਪੱਲੇ,
ਰੋਣਾ ਰੋਂਦੇ ਉਹ ਉਮਰ ਲੰਘਾਉਣਗੇ ਈ।

ਤੀਸ ਮਾਰ ਖਾਂ

# ਰਣਜੀਤ ਕਤਲ ਕੇਸ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਚੱਲਦੇ ਕੇਸਵਿੱਚ ਜੱਜ ਬਦਲਣ ਦੀ ਮੰਗ ਉੱਠੀ



ਚੰਡੀਗੜ੍ਹ, 8 ਦਸੰਬਰ, (ਪੋਸਟ ਬਿਊਰੋ)-ਦੋ ਸਾਧਵੀਆਂ ਨਾਲ ਬਲਾਤਕਾਰ ਤੇ ਇੱਕ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਵਿਰੁੱਧ ਚੱਲਦੇ ਕੇਸ ਵਿੱਚ ਉਸ ਦੇ ਇਕ ਸਹਿਯੋਗੀ ਤੇ ਦੋਸ਼ੀ ਕ੍ਰਿਸ਼ਨ ਲਾਲ ਨੇ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚਅਰਜ਼ੀ ਦੇ ਕੇਕਿਹਾ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਦੇ ਮੈਨੇਜਰ ਰਣਜੀਤ ਸਿੰਘ ਦੇ ਕੇਸ ਵਿੱਚ ਉਹ ਸੀ ਬੀ ਆਈ ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਤੋਂ ਸੁਣਵਾਈ ਨਹੀਂ ਕਰਾਉਣੀ ਚਾਹੁੰਦਾ।ਉਸ ਨੇ ਕਿਹਾ ਕਿ ਰਾਮ ਰਹੀਮ ਦੇ ਖ਼ਿਲਾਫ਼ ਪਹਿਲਾਂ ਦੋ ਕੇਸਾਂ ਵਿੱਚ ਜੱਜ ਜਗਦੀਪ ਸਿੰਘ ਸਜ਼ਾ ਸੁਣਾ ਚੁੱਕੇ ਹਨ, ਇਸ ਲਈ ਤੀਸਰੇ ਕੇਸ ਵਿੱਚ ਉਹ ਕਿਸੇ ਹੋਰ ਜੱਜ ਤੋਂ ਸੁਣਵਾਈ ਚਾਹੁੰਦੇ ਹਨ।ਸੀ ਬੀ ਆਈ ਨੇ ਜਵਾਬ ਦਾਖ਼ਲ ਕਰਦੇ ਹੋਏ ਪਟੀਸ਼ਨ ਵਿਚਲੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਝੂਠ ਕਿਹਾ ਅਤੇ ਕੇਸ ਵਿੱਚ ਜਾਣਬੁੱਝ ਕੇ ਦੇਰੀ ਕਰਵਾਉਣ ਦਾ ਦੋਸ਼ ਲਾਇਆ ਹੈ।

ਵਰਨਣ ਯੋਗ ਹੈ ਕਿ ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਦੀ ਸਜ਼ਾ ਕੱਟ ਰਹੇ ਦੋਸ਼ੀ ਗੁਰਮੀਤ ਰਾਮ ਰਹੀਮ ਉੱਤੇ ਉਸ ਦੇ ਆਪਣੇ ਡੇਰੇ ਦੇ ਮੈਨੇਜਰ ਰਣਜੀਤ ਸਿੰਘ ਦੇ ਕਤਲ ਬਾਰੇ ਕੱਲ੍ਹ ਪੰਚਕੂਲਾ ਵਿਚਲੀਸੀ ਬੀ ਆਈ ਅਦਾਲਤ ਵਿੱਚ ਸੁਣਵਾਈ ਸੀ। ਗੁਰਮੀਤ ਰਾਮ ਰਹੀਮ ਨੂੰ ਵੀਡੀਓ ਕਾਨਫਰੈਂਸਿੰਗ ਰਾਹੀਂ ਪੇਸ਼ ਕੀਤਾ ਗਿਆ ਸੀ। ਬਾਕੀ ਦੋਸ਼ੀ ਕੋਰਟ ਵਿੱਚਪੇਸ਼ ਸਨ। ਸੁਣਵਾਈ ਦੌਰਾਨ ਫਾਈਨਲ ਬਹਿਸ ਸ਼ੁਰੂ ਹੋਣੀ ਸੀ, ਪਰ ਨਹੀਂ ਹੋ ਸਕੀ। ਇਸ ਦੌਰਾਨ ਬਚਾਅ ਪੱਖ ਨੇ ਵਿਸ਼ੇਸ਼ ਸੀ ਬੀ ਆਈ ਕੋਰਟ ਵਿੱਚਮੰਗ ਕਰ ਦਿੱਤੀ ਕਿ ਉਹ ਇਸ ਕੇਸ ਦੀ ਸੁਣਵਾਈ ਸੀ ਬੀ ਆਈ ਕੋਰਟ ਵਿੱਚਨਹੀਂ, ਕਿਸੇ ਹੋਰ ਕੋਰਟਤੋਂ ਕਰਾਉਣੀ ਚਾਹੁੰਦੇ ਹਨ। ਇਸ ਪਟੀਸ਼ਨ ਉੱਤੇਸੀ ਬੀ ਆਈ ਵਿਸ਼ੇਸ਼ ਅਦਾਲਤ ਨੇ ਜਾਂਚ ਏਜੰਸੀ ਸੀ ਬੀ ਆਈਤੋਂ ਜਵਾਬ ਮੰਗਿਆ ਹੈ। ਇਸ ਕੇਸ ਵਿੱਚ ਅਗਲੀ ਸੁਣਵਾਈ 10 ਦਸੰਬਰ ਨੂੰ ਹੋਵੇਗੀ।

## ਪਰਾਲੀ ਮਾਮਲਾ:

## ਧਰਨੇ ਵਾਲੀ ਥਾਂ ਕਿਸਾਨ ਵੱਲੋਂ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ

ਜੈਤੋ, 8 ਦਸੰਬਰ (ਪੋਸਟ ਬਿਊਰੋ)- ਸਬ ਡਵੀਜ਼ਨ ਦਫਤਰ ਅੱਗੇ ਚੱਲਦੇ ਭਾਰਤੀ ਕਿਸਾਨ ਯੂਨੀਅਨ ਦੇ ਧਰਨੇ 'ਚ ਕੱਲ੍ਹ ਇੱਕ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ ਹੈ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦਾ ਨਾਂਅ ਜਗਸੀਰ ਸਿੰਘ ਉਰਫ ਜੱਗਾ ਪੁੱਤਰ ਦਿਆਲ ਸਿੰਘ ਪਿੰਡ ਕੋਟੜਾ ਕੋੜਿਆਂਵਾਲੀ (ਬਠਿੰਡਾ) ਸੀ।

ਪੱਤਰਕਾਰਾਂ ਨੂੰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲਾ ਨੇ ਦੱਸਿਆ ਕਿ ਕਿਸਾਨ ਨੇ ਧਰਨੇ ਕੋਲ ਖੜ੍ਹੀ ਟਰਾਲੀ ਵਿੱਚ ਜਾ ਕੇ ਜ਼ਹਿਰੀਲੀ ਦਵਾਈ ਪੀ ਲਈ, ਜਿਸ ਕਾਰਨ ਉਸ ਦੀ ਹਾਲਤ ਗੰਭੀਰ ਹੋ ਗਈ। ਜਦ ਉਸ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਜੈਤੋ ਵਿਖੇ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਬਾਰੇ ਕਿਸਾਨ ਪਿਛਲੇ ਇੱਕ ਮਹੀਨੇ ਤੋਂ ਧਰਨੇ 'ਤੇ ਬੈਠੇ ਹਨ, ਪਰ ਸਰਕਾਰ ਨੇ ਅਜੇ ਤੱਕ ਉਨ੍ਹਾਂ ਦੀ ਗੱਲ ਸੁਣਨੀ ਵੀ ਜਾਇਜ਼ ਨਹੀਂ ਸਮਝੀ। ਜਗਸੀਰ ਸਿੰਘ ਨੇ ਮਾਨਸਿਕ ਤਣਾਅ ਅਤੇ ਪ੍ਰੇਸ਼ਾਨੀਆਂ ਨਾ ਝੱਲਣ ਕਾਰਨ ਕਦਮ ਚੁੱਕਿਆ। ਉਨ੍ਹਾਂ ਕਿਹਾ ਕਿ ਉਹ ਖ਼ੁਦਕੁਸ਼ੀ ਕਰਨ ਵਰਗੇ ਕੰਮ ਦੇ ਵਿਰੋਧ ਵਿੱਚ ਹਨ, ਪਰ ਉਸ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਕਰ ਕੇ ਇਹ ਖ਼ੁਦਕੁਸ਼ੀ ਨਾ ਹੋ ਕੇ ਸਰਕਾਰੀ ਕਤਲ ਹੈ।

## ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਕਿਹਾ:

## ਮੈਂ ਭਾਰਤ ਨਾਲ ਹਾਂ, ਭਾਰਤ ਤੇ ਹਿੰਦੂ ਵਿਰੋਧੀ ਭਾਵਨਾਵਾਂ ਬਰਦਾਸ਼ਤ ਨਹੀਂ ਕਰਾਂਗੇ



ਬ੍ਰਿਟੇਨ, 8 ਦਸੰਬਰ, (ਪੋਸਟ ਬਿਊਰੋ)-ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਸ਼ਨੀਵਾਰ ਨੂੰ ਲੰਡਨ ਵਿਚਲੇ ਸਵਾਮੀ ਨਾਰਾਇਣ ਮੰਦਰ ਪਹੁੰਚੇ ਤਾਂ ਇਸ ਮੌਕੇ ਉੱਤੇਉਨ੍ਹਾਂ ਨੇ ਕਿਹਾ, 'ਇਸ ਦੇਸ਼ ਵਿਚ ਨਸਲਵਾਦ ਜਾਂ ਭਾਰਤ ਵਿਰੋਧੀ ਮਾਹੌਲ ਦੀ ਕੋਈ ਗੁੰਜਾਇਸ਼ ਨਹੀਂ ਹੈ'। ਵਰਨਣ ਯੋਗ ਹੈ ਕਿ ਬੋਰਿਸ ਜਾਨਸਨ ਇਸ ਵੇਲੇ ਚੋਣ ਦੌਰੇ ਉਤੇ ਹਨ।

ਇਸ ਮੌਕੇ ਪ੍ਰਧਾਨ ਮੰਤਰੀ ਜਾਨਸਨ ਨੇ 'ਹਿੰਦੂ ਵਿਰੋਧੀ' ਅਤੇ 'ਭਾਰਤ ਵਿਰੋਧੀ' ਭਾਵਨਾਵਾਂ ਦਾ ਵੀ ਜ਼ਿਕਰ ਕੀਤਾ ਤੇ ਇਸ ਉੱਤੇ ਚਿੰਤਾ ਜ਼ਾਹਰ ਕੀਤੀ। ਇਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੇ ਖ਼ਾਸ ਇੰਟਰਵਿਊ ਵਿਚ ਪ੍ਰਧਾਨ ਮੰਤਰੀ ਜਾਨਸਨ ਨੇ ਕਿਹਾ, 'ਅਸੀਂ ਭਾਰਤੀ ਭਾਈਚਾਰੇ ਦੀ ਹਰ ਹਾਲਤਰਾਖੀ ਕਰਾਂਗੇ। ਦੁਨੀਆਂ ਵਿਚ ਆਪਸੀ ਵਿਵਾਦ ਨਾਲ ਜਿਹੋ ਜਿਹੇ ਵਿਤਕਰੇ, ਚਿੰਤਾਵਾਂ ਪੈਦਾ ਹੁੰਦੀਆਂ ਪਈਆਂ ਹਨ, ਅਸੀਂ ਉਹ ਇਸ ਦੇਸ਼ ਵਿਚ ਨਹੀਂ ਆਉਣ ਦੇਵਾਂਗੇ'। ਬੋਰਿਸ ਜਾਨਸਨ ਨੇ ਬ੍ਰਿਟੇਨ ਦੇ 6.5 ਫੀਸਦੀ ਜੀਡੀਪੀ ਵਿਚ ਭਾਰਤੀ ਭਾਈਚਾਰੇ ਦੀ ਹਿੱਸੇਦਾਰੀ ਦਾ ਜ਼ਿਕਰ ਕਰ ਕੇ ਕਿਹਾ ਕਿ ਇਸ ਵਿਚ 2 ਫੀਸਦੀ ਯੋਗਦਾਨ ਭਾਰਤੀਆਂ ਦਾ ਹੈ ਅਤੇ ਹੋਰ ਮਜ਼ਬੂਤੀ ਲਈ ਮੇਰੀ ਸਰਕਾਰ ਵੀਜ਼ਾ ਨਿਯਮਾਂ ਵਿਚਲੇਵਿਤਕਰੇ ਖ਼ਤਮ ਕਰੇਗੀ ਅਤੇਬ੍ਰਿਟੇਨ ਵਿਚ ਸਾਲ 2021 ਤੱਕਯੂਰਪੀਨ ਯੂਨੀਅਨ ਦੀ ਬਜਾਏ ਆਸਟ੍ਰੇਲੀਆ ਵਰਗਾ ਪੁਆਇੰਟ ਅਧਾਰਿਤ ਇਮੀਗ੍ਰੇਸ਼ਨ ਸਿਸਟਮ ਲਾਗੂ ਕੀਤਾ ਜਾਵੇਗਾ ਤੇ ਅਸੀਂ ਸਭ ਦੇ ਲਈ ਬਰਾਬਰ ਇਮੀਗ੍ਰੇਸ਼ਨ ਨਿਯਮ ਲਾਗੂ ਕਰਾਂਗੇ। ਭਾਰਤ ਦੇ ਡਾਕਟਰ, ਨਰਸਾਂ ਤੇ ਸਿਹਤ ਮਾਹਰਾਂ ਲਈ 'ਸਪੈਸ਼ਲ ਫਾਸਟ ਟਰੈਕ ਵੀਜ਼ਾ' ਦੇਣ ਦੀ ਵੀ ਯੋਜਨਾ ਹੈ ਤਾਂ ਜੋ ਉਨ੍ਹਾਂ ਨੂੰ ਦੋ ਹਫ਼ਤਿਆਂ ਦੇ ਅੰਦਰ ਵੀਜ਼ਾ ਮਿਲ ਜਾਵੇ'।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਚੰਗੇ ਸਬੰਧਾਂ ਬਾਰੇ ਉਨ੍ਹਾਂ ਕਿਹਾ, 'ਅਸੀਂ ਜਾਣਦੇ ਹਾਂ ਕਿ ਨਰਿੰਦਰ ਮੋਦੀ ਇਕ ਨਵਾਂ ਭਾਰਤ ਬਣਾ ਰਹੇ ਹਨ ਅਤੇ ਬ੍ਰਿਟੇਨ ਤੋਂ ਇਸ ਲਈ ਜਿੰਦਾਂ ਦੀ ਲੋੜ ਹੋਈ, ਅਸੀਂ ਉਹ ਮਦਦ ਕਰਾਂਗੇ'। ਉਨ੍ਹਾ ਕਿਹਾ ਕਿ ਜੇ ਉਹ ਬਹੁਮਤ ਨਾਲ ਜਿੱਤਦੇ ਹਨ ਤਾਂ ਜਲਦੀਤੋਂ ਜਲਦੀ ਭਾਰਤ ਦਾ ਦੌਰਾ ਕਰਨਗੇ ਤਾਂ ਜੋ ਭਾਰਤ ਨਾਲ ਸਬੰਧਾਂ ਨੂੰ ਜ਼ਿਆਦਾ ਮਜ਼ਬੂਤੀ ਦਿੱਤੀ ਜਾ ਸਕੇ।

ਬ੍ਰਿਟੇਨ ਵਿਚ 12 ਦਸੰਬਰ ਨੂੰ ਪਾਰਲੀਮੈਂਟ ਚੋਣਾਂ ਹੋਣੀਆਂ ਹਨ, ਜਿਹੜੀਆਂ ਯੂਰਪੀ ਯੂਨੀਅਨ ਨੂੰ ਛੱਡਣ ਦੇ ਨਾਲ ਸੰਬੰਧਤ 'ਬ੍ਰੈਕਜ਼ਿਟ' ਦੇ ਮੁੱਦੇ ਉੱਤੇ ਹੋ ਰਹੀਆਂ ਹਨ। ਪ੍ਰਧਾਨ ਮੰਤਰੀ ਜਾਨਸਨ ਦਾ ਏਜੰਡਾ ਇਹ ਹੈ ਕਿ ਜੇ ਉਹ ਚੋਣ ਜਿੱਤ ਜਾਂਦੇ ਹਨ ਤਾਂ ਉਹ ਯੂ ਕੇ ਨੂੰ ਪੂਰੀ ਤਰ੍ਹਾਂ 'ਘਬਰਾਹਟ, ਦੇਰੀ ਅਤੇ ਰੁਕਾਵਟ' ਦੇ ਮਾਹੌਲ ਤੋਂ ਨਿਜਾਤ ਦਿਵਾਉਣਗੇ।

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only $9.99
ਮਰਦਾਂ ਲਈ He-Oil Joint Support $19.99
Stress-Care For Men Only $9.99
ਔਰਤਾਂ ਲਈ Chest Massage Oil Feel Relaxed $14.99
Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਵਿਦੇਸ਼ੀਂ ਵਸੇ ਪੁਰਾਣੇ ਖਾੜਕੂਆਂ 'ਤੇ ਮੋਦੀ ਸਰਕਾਰ ਵੱਲੋਂ ਡੋਰੇ

* ਕੈਨੇਡਾ ਦੇ ਅਮੀਰ ਖ਼ਲਿਸਤਾਨੀ ਰਿਪੁਦਮਨ ਸਿੰਘ ਮਲਿਕ ਦਿੱਲੀ ਵਿੱਚ

ਜਲੰਧਰ, 8 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਵਿਦੇਸ਼ਾਂ ਵਿੱਚ ਭਾਰਤ ਵਿਰੋਧੀ ਲਾਬੀ ਨੂੰ ਬੇਅਸਰ ਕਰਨ ਤੇ ਬਾਹਰਲੇ ਦੇਸ਼ਾਂ ਦੇ ਸਿੱਖਾਂ ਦੇ ਮਨਾਂ 'ਚੋਂ ਬੇਗਾਨਗੀ ਦੀ ਭਾਵਨਾ ਦੂਰ ਕਰਨ ਦੀ ਨੀਤੀ ਹੇਠ ਇਨ੍ਹਾਂ ਦੇਸ਼ਾਂ ਵਿੱਚੇ ਪੁਰਾਣੇ ਖਾਲਿਸਤਾਨੀ ਆਗੂਆਂ ਨੂੰ ਆਪਣੇ ਨੇੜੇ ਲਾਉਣ ਦੇ ਯਤਨ ਆਰੰਭ ਕੀਤੇ ਹਨ ਤੇ ਇਨ੍ਹਾਂ ਦਾ ਅਸਰ ਵੀ ਹੁੰਦਾ ਨਜ਼ਰ ਆ ਰਿਹਾ ਹੈ। ਵੱਖ-ਵੱਖ ਦੇਸ਼ਾਂ ਵਿਚਲੇ ਭਾਰਤੀ ਹਾਈ ਕਮਿਸ਼ਨਾਂ ਨੂੰ ਮੋਦੀ ਸਰਕਾਰ ਨੇ ਅਜਿਹੇ ਆਗੂਆਂ ਨੇੜ ਕਰ ਕੇ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਮਿਥੇ ਦੂਤਾਂ ਨਾਲ ਮੀਟਿੰਗਾਂ ਕਰਵਾਉਣ ਤੇ ਅਜਿਹੇ ਆਗੂਆਂ ਨੂੰ ਦਿੱਲੀ ਸੱਦ ਕੇ ਕੇਂਦਰ ਦੇ ਆਗੂਆਂ ਤੇ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਦਾ ਕੰਮ ਚੱਲ ਰਿਹਾ ਹੈ।

ਇਸ ਬਾਰੇ ਇੰਟੈਲੀਜੈਂਸ ਬਿਊਰੋ (ਆਈ ਬੀ) ਦੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਨੂੰ ਵਿਦੇਸ਼ਾਂ ਵਿੱਚ '2020 ਰੈਫਰੈਂਡਮ' ਦਾ ਸੱਦਾ ਬੇਅਸਰ ਕਰਨ ਦਾ ਫੌਰੀ ਕੰਮ ਦਿੱਤਾ ਜਾ ਰਿਹਾ ਹੈ। ਸਰਕਾਰ ਨੇ ਸਿੱਧੇ ਰਾਹ ਪੈ ਰਹੇ ਅਜਿਹੇ ਆਗੂਆਂ ਦੀ ਧਾਂਕ ਪੱਕੀ ਕਰਨ ਲਈ ਪਹਿਲਾਂ ਵਿਦੇਸ਼ੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦਾ ਐਲਾਨ ਕੀਤਾ ਤੇ ਫਿਰ ਅੱਠ ਸਿੱਖ ਨਜ਼ਰਬੰਦਾਂ ਦੀ ਰਿਹਾਈ ਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਐਲਾਨ ਕੀਤਾ ਦੱਸਿਆ ਜਾਂਦਾ ਹੈ। ਇਨ੍ਹਾਂ ਆਗੂਆਂ ਤੇ ਉਨ੍ਹਾਂ ਦੇ ਨੇੜੂਆਂ ਨੂੰ ਭਾਰਤੀ ਅੰਬੈਸੀਆਂ ਤੋਂ ਖੁੱਲ੍ਹੇ ਵੀਜ਼ੇ ਦਿੱਤੇ ਜਾ ਰਹੇ ਹਨ ਤੇ ਦਿੱਲੀ ਹਵਾਈ ਅੱਡੇ 'ਤੇ ਪੁੱਜਣ ਸਮੇਂ ਉਨ੍ਹਾਂ ਦੀ ਪੁੱਛਗਿੱਛ ਵੀ ਨਹੀਂ ਹੁੰਦੀ। ਉਨ੍ਹਾਂ ਦੇ ਵਿਰੁੱਧ ਦਰਜ ਕੇਸ ਵੀ ਖਤਮ ਕੀਤੇ ਜਾ ਰਹੇ ਹਨ।

ਕੈਨੇਡਾ 'ਚ ਭਾਰਤ ਵਿਰੋਧੀ ਖ਼ਤਰਨਾਕ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਰਹੇ ਤੇ ਕਿਸੇ ਸਮੇਂ ਉੱਤਰੀ ਅਮਰੀਕਾ 'ਚ ਖਾਲਿਸਤਾਨੀ ਲਹਿਰ ਦੇ ਮੋਹਰੀਆਂ 'ਚ ਗਿਣੇ ਜਾਂਦੇ ਰਹੇ ਧਨਾਢ ਸਿੱਖ ਰਪੁਦਮਨ ਸਿੰਘ ਮਲਿਕ ਮੋਦੀ ਸਰਕਾਰ ਦੀ ਏਸੇ ਨੀਤੀ ਹੇਠ ਇਸ ਸਮੇਂ ਦਿੱਲੀ 'ਚ ਸਰਕਾਰ ਦੇ ਮਹਿਮਾਨ ਬਣੇ ਸੁਣੀਂਦੇ ਹਨ। ਮਲਿਕ ਦੁਨੀਆ ਦੇ ਹਵਾਬਾਜ਼ੀ ਇਤਿਹਾਸ ਵਿੱਚ 23 ਜੂਨ 1985 ਨੂੰ ਹੋਈ ਸਭ ਤੋਂ ਵੱਡੀ ਘਟਨਾ ਦੇ ਦੋਸ਼ ਵਿੱਚ ਕਈ ਸਾਲ ਕੈਨੇਡਾ ਦੀ ਜੇਲ੍ਹ 'ਚ ਬੰਦ ਰਹੇ ਤੇ ਲੰਬਾ ਸਮਾਂ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਹੇਠ ਰਹੇ ਹਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਖਤਰਨਾਕ ਲੋਕਾਂ ਦੀ ਸੂਚੀ ਵਿੱਚ ਰੱਖਿਆ ਹੋਇਆ ਸੀ। ਉਸ ਘਟਨਾ ਵਿੱਚ ਟੋਰਾਂਟੋ ਤੋਂ ਚੱਲਿਆ ਏਅਰ ਇੰਡੀਆ ਦਾ ਹਵਾਈ ਜਹਾਜ਼ ਆਇਰਲੈਂਡ ਨੇੜਲੇ ਸਮੁੰਦਰ ਉੱਤੇ ਬੰਬ ਧਮਾਕੇ ਨਾਲ ਹਵਾ ਵਿੱਚ ਤਬਾਹ ਹੋ ਸੀ ਅਤੇ ਇਸ ਜਹਾਜ਼ ਵਿੱਚ ਸਵਾਰ 329 ਲੋਕ ਮਾਰੇ ਗਏ ਸਨ। ਇਸ ਕਾਂਡ ਦੇ ਮੁੱਖ ਦੋਸ਼ੀ ਸਮਝੇ ਜਾਂਦੇ ਬੱਬਰ ਖਾਲਸਾ ਦੇ ਆਗੂ ਤਲਵਿੰਦਰ ਸਿੰਘ ਪਰਮਾਰ ਨੂੰ ਅਕਤੂਬਰ 1992 ਵਿੱਚ ਪੁਲਸ ਨੇ ਜਲੰਧਰ ਜ਼ਿਲ੍ਹੇ ਦੇ ਕਸਬਾ ਗੁਰਾਇਆ ਲਾਗੇ ਇੱਕ ਪੁਲਸ ਮੁਕਾਬਲੇ 'ਚ ਮਾਰਨ ਦਾ ਦਾਅਵਾ ਕੀਤਾ ਸੀ।

ਵਰਨਣ ਯੋਗ ਹੈ ਰਿਪਦੁਮਨ ਸਿੰਘ ਮਲਿਕ ਨੇ ਵੈਨਕੂਵਰ ਵਿਖੇ ਪਹਿਲਾ ਖਾਲਸਾ ਸਕੂਲ ਤੇ ਪਹਿਲੀ ਬੈਂਕ ਖਾਲਸਾ ਕਰੈਡਿਟ ਯੂਨੀਅਨ ਦੀ ਨੀਂਹ ਰੱਖੀ, ਜੋ ਬੜੀ ਸਫਲਤਾ ਨਾਲ ਚੱਲ ਰਹੇ ਹਨ। ਜਹਾਜ਼ ਬੰਬ ਧਮਾਕੇ ਦੇ 20 ਸਾਲ ਦੇ ਕਰੀਬ ਚੱਲੇ ਕੇਸ ਵਿੱਚੋਂ ਮਲਿਕ ਨੂੰ ਕੈਨੇਡਾ ਦੀ ਅਦਾਲਤ ਨੇ ਬਰੀ ਕਰ ਦਿੱਤਾ ਸੀ। ਪਤਾ ਲੱਗਾ ਹੈ ਕਿ ਵੈਨਕੂਵਰ ਵਿਚਲੇ ਹਾਈ ਕਮਿਸ਼ਨ ਦੇ ਯਤਨਾਂ ਰਾਹੀਂ ਦਿੱਲੀ ਦੇ ਸੰਪਰਕ 'ਚ ਆਏ ਮਲਿਕ ਨੇ ਤਿੰਨ ਹਫਤੇ ਪਹਿਲਾਂ ਵੈਨਕੂਵਰ ਤੋਂ ਦਿੱਲੀ ਦਾ ਜਹਾਜ਼ ਫੜਨਾ ਸੀ, ਪਰ ਹਵਾਈ ਅੱਡਾ ਅਧਿਕਾਰੀਆਂ ਨੇ ਉਸ ਨੂੰ ਵਾਪਸ ਭੇਜ ਦਿੱਤਾ ਤੇ ਦੱਸਿਆ ਕਿ ਉਸ ਦਾ ਨਾਂਅ 'ਨੋ ਫਲਾਈ ਲਿਸਟ' ਵਿੱਚ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਮਾਮੂਲੀ ਸ਼ੱਕ ਵਾਲੇ ਸਿੱਖਾਂ ਨੂੰ ਵੀਜ਼ਾ ਲੈਣ ਲਈ ਮਹੀਨਿਆਂ ਬੱਧੀ ਭਾਰਤੀ ਅੰਬੈਸੀਆਂ ਦੇ ਚੱਕਰ ਕੱਟਣੇ ਪੈਂਦੇ ਹਨ ਤੇ ਮਲਿਕ ਨੂੰ 'ਨੋ ਫਲਾਈ' ਸੂਚੀ 'ਚੋਂ ਨਿਕਲ ਲਈ 48 ਘੰਟੇ ਨਹੀਂ ਲੱਗੇ। ਇਸ ਦੇ ਪਿੱਛੇ ਭਾਰਤ ਸਰਕਾਰ ਦੀ ਨੀਤੀ ਦੱਸੀ ਜਾਂਦੀ ਹੈ। ਅਗਲੇ ਹਫਤੇ ਜਹਾਜ਼ ਚੜ੍ਹ ਕੇ ਮਲਿਕ ਦਿੱਲੀ ਵੀ ਆ ਪੁੱਜਾ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਕਸ਼ਮੀਰ ਮਾਮਲੇ 'ਤੇ ਭਾਰਤੀ ਮੂਲ ਦੀ ਅਮਰੀਕੀ ਐੱਮ ਪੀ ਵੱਲੋਂ ਭਾਰਤ ਸਰਕਾਰ ਦੀਆਂ ਪਾਬੰਦੀਆਂ ਵਿਰੁੱਧ ਮਤਾ ਪੇਸ਼

## * ਮਤਾ ਪੇਸ਼ ਕਰਨ ਤੋਂ ਭਾਰਤੀ ਭਾਈਚਾਰੇ ਵੱਲੋਂ ਨਾਰਾਜਗੀ



ਵਾਸ਼ਿੰਗਟਨ, 8 ਦਸੰਬਰ, (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਵਿੱਚਭਾਰਤੀ ਮੂਲ ਦੀ ਮੈਂਬਰ ਪ੍ਰਮਿਲਾ ਜੈਪਾਲ ਨੇ ਜੰਮੂ-ਕਸ਼ਮੀਰਦੇ ਮੁੱਦੇ ਉੱਤੇ ਇਕ ਮਤਾ ਪੇਸ਼ ਕਰ ਕੇ ਭਾਰਤ ਸਰਕਾਰ ਵੱਲੋਂ ਉਥੇ ਲਾਈਆਂ ਗਈਆਂ ਇੰਟਰਨੈੱਟ ਤੇ ਹੋਰ ਪਾਬੰਦੀਆਂ ਨੂੰ ਛੇਤੀ ਤੋਂ ਛੇਤੀ ਹਟਾਉਣ ਤੇ ਸਾਰੇ ਲੋਕਾਂ ਦੀ ਧਾਰਮਿਕ ਆਜ਼ਾਦੀ ਸੁਰੱਖਿਅਤ ਰੱਖਣ ਦੀ ਅਪੀਲ ਕੀਤੀ ਹੈ।ਪ੍ਰਮਿਲਾ ਜੈਪਾਲ ਦੇ ਇਸ ਕਦਮ ਦਾ ਅਮਰੀਕਾ ਵਿਚਲੇ ਭਾਰਤੀ ਭਾਈਚਾਰੇ ਨੇ ਕਾਫੀ ਵਿਰੋਧ ਕੀਤਾ ਹੈ, ਜਦਕਿ ਭਾਰਤ ਸਰਕਾਰ ਵੀ ਵਾਰ-ਵਾਰ ਇਹਸਪਸ਼ਟ ਕਰ ਚੁੱਕੀ ਹੈ ਕਿ ਕਸ਼ਮੀਰ ਮਸਲਾ ਉਸ ਦਾ ਅੰਦਰੂਨੀ ਮਾਮਲਾ ਹੈ ਤੇ ਕਿਸੇ ਤੀਜੀ ਧਿਰ ਦਾ ਦਖ਼ਲਉਹ ਬਰਦਾਸ਼ਤ ਨਹੀਂ ਕਰੇਗੀ।

ਭਾਰਤ ਦੇ ਦੱਖਣੀ ਰਾਜ ਤਾਮਿਲ ਨਾਡੂ ਦੀ ਰਾਜਧਾਨੀ ਚੇਨਈ ਵਿੱਚਜਨਮ ਲੈ ਕੇ ਅਮਰੀਕਾ ਗਈਪ੍ਰਮਿਲਾ ਜੈਪਾਲ ਪਿਛਲੇ ਕਈ ਹਫ਼ਤਿਆਂ ਤੋਂਪਾਰਲੀਮੈਂਟ ਵਿਚ ਇਹ ਮਤਾ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਨ੍ਹਾਂ ਨੂੰ ਇਸ ਦੇ ਲਈ ਕੋਈ ਸਹਿਯੋਗੀ ਮੈਂਬਰ ਨਹੀਂ ਸੀ ਮਿਲ ਰਿਹਾ। ਬੜੀ ਮੁਸ਼ਕਲ ਨਾਲ ਉਹ ਰਿਪਬਲਿਕਨ ਪਾਰਟੀ ਦੇ ਮੈਂਬਰ ਸਟੀਵ ਵਾਟਕਿੰਸ ਦਾ ਸਮਰਥਨ ਲੈਣ ਵਿਚ ਸਫਲ ਹੋ ਸਕੀ। ਪ੍ਰਮਿਲਾ ਜੈਪਾਲ ਵੱਲੋਂ ਪੇਸ਼ ਕੀਤਾ ਇਹ ਆਮ ਜਿਹਾ ਮਤਾ ਹੈ, ਜਿਸਦੇ ਲਈਪਾਰਲੀਮੈਂਟ ਦੇ ਉੱਪਰਲੇ ਹਾਊਸ, ਸੈਨੇਟ ਵਿਚ ਵੋਟਿੰਗ ਨਹੀਂਹੋ ਸਕਦੀ ਅਤੇ ਕਾਨੂੰਨ ਵੀ ਨਹੀਂ ਬਣੇਗਾ। ਇਸ ਮਤੇ ਵਿਚ ਭਾਰਤ ਸਰਕਾਰ ਨੂੰ ਪੂਰੇ ਜੰਮੂ-ਕਸ਼ਮੀਰ ਵਿਚ ਟੈਲੀਕਾਮ ਸੇਵਾਦੀਆਂ ਪਾਬੰਦੀਆਂ ਨੂੰ ਹਟਾਉਣ, ਇੰਟਰਨੈੱਟ ਸੇਵਾਵਾਂ ਬਹਾਲ ਕਰਨ ਅਤੇ ਹਿਰਾਸਤ ਵਿਚ ਲਏ ਲੋਕਾਂ ਨੂੰ ਛੱਡਣ ਦੀ ਅਪੀਲ ਕੀਤੀ ਗਈ ਹੈ।

ਬੀਤੀ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਤੋਂਵਿਸ਼ੇਸ਼ ਦਰਜੇ ਵਾਲੀ ਸੰਵਿਧਾਨ ਦੀ ਧਾਰਾ 370 ਨੂੰ ਹਟਾਉਣ ਤੇ ਉਸ ਨੂੰ ਕੇਂਦਰੀ ਸ਼ਾਸਿਤ ਰਾਜ ਐਲਾਨ ਕਰ ਦੇਣ ਪਿੱਛੋਂਭਾਰਤ ਸਰਕਾਰ ਨੇਉਥੇ ਕਈ ਪਾਬੰਦੀਆਂ ਲਾ ਰੱਖੀਆਂ ਹਨ। ਇਹ ਮਤਾ ਪੇਸ਼ ਕਰਨੋਂ ਪਹਿਲਾਂ ਅਮਰੀਕਾ ਦੇ ਭਾਰਤੀ ਮੂਲ ਦੇ ਲੋਕਾਂ ਨੇ ਵੱਖ-ਵੱਖ ਮੰਚਾਂ ਤੋਂ ਇਸ ਦਾ ਵਿਰੋਧ ਕੀਤਾ ਸੀ। ਕਿਹਾ ਜਾਂਦਾ ਹੈ ਕਿ ਜੈਪਾਲ ਦੇ ਦਫ਼ਤਰ ਨੂੰ ਇਹ ਮਤਾ ਪੇਸ਼ ਨਾ ਕਰਨ ਲਈ ਭਾਰਤੀ-ਅਮਰੀਕੀ ਲੋਕਾਂ ਦੀਆਂ 25 ਹਜ਼ਾਰ ਤੋਂਵੀ ਵੱਧ ਈਮੇਲ ਮਿਲੀਆਂ ਹਨ। ਇਹੋ ਨਹੀਂ, ਭਾਰਤੀ ਅਮਰੀਕੀ ਲੋਕਾਂ ਨੇ ਕਸ਼ਮੀਰ ਉੱਤੇ ਮਤੇ ਪੇਸ਼ ਕਰਨ ਦੇ ਉਸ ਦੇ ਇਸ ਕਦਮ ਵਿਰੁੱਧ ਉਸ ਦੇ ਦਫ਼ਤਰ ਅੱਗੇ ਸ਼ਾਂਤਮਈ ਪ੍ਰਦਰਸ਼ਨ ਕੀਤਾ ਸੀ। ਜੈਪਾਲ ਨੇ ਮਤੇ ਵਿਚ ਇਹ ਵੀ ਕਿਹਾ ਹੈ ਕਿ ਉਨ੍ਹਾਂ ਕੋਲ ਫੋਟੋਗ੍ਰਾਫ ਵਜੋਂ ਇਸ ਗੱਲ ਦੇ ਸਬੂਤ ਹਨ ਕਿ ਗ੍ਰਿਫਤਾਰ ਕੀਤੇ ਗਏ ਲੋਕਾਂ ਤੋਂ ਬਾਂਡ ਭਰਵਾਇਆ ਜਾ ਰਿਹਾ ਹੈ ਕਿ ਰਿਹਾਅ ਹੋਣ ਪਿੱਛੋਂ ਉਹ ਕਿਸੇ ਸਿਆਸੀ ਪ੍ਰੋਗਰਾਮ ਜਾਂ ਪ੍ਰਦਰਸ਼ਨ ਵਿਚ ਸ਼ਾਮਲ ਨਹੀਂ ਹੋਣਗੇ।

ਇਨ੍ਹਾਂ ਦੋਸ਼ਾਂ ਨੂੰ ਭਾਰਤ ਸਰਕਾਰ ਨੇ ਰੱਦ ਕੀਤਾ ਹੈ।ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਹਰਸ਼ਵਰਧਨ ਸਿੰਗਲਾ ਤੇ ਹੋਰ ਅਧਿਕਾਰੀਆਂ ਨੇ ਜੈਪਾਲ ਨੂੰ ਮਿਲ ਕੇ ਕਸ਼ਮੀਰ ਦੇ ਹਾਲਾਤ ਅਤੇ ਭਾਰਤ ਦਾ ਪੱਖ ਦੱਸਿਆ ਸੀ, ਪਰ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਹੋਇਆ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਜੰਮੂ-ਕਸ਼ਮੀਰ ਤੋਂ ਵਿਸ਼ੇਸ਼ ਸੂਬੇ ਦਾ ਦਰਜਾ ਵਾਪਸ ਲੈਣ ਦਾ ਫ਼ੈਸਲਾ ਉਸ ਦਾ ਅੰਦਰੂਨੀ ਮਾਮਲਾ ਹੈ ਅਤੇ ਉਹ ਅੰਦਰੂਨੀ ਮਾਮਲੇ ਵਿਚ ਕਿਸੇ ਦਾ ਦਖ਼ਲਬਰਦਾਸ਼ਤ ਨਹੀਂ ਕਰੇਗਾ। ਭਾਰਤੀ ਮੂਲ ਦੇ ਅਮਰੀਕੀ ਅਟਾਰਨੀ ਰਵੀ ਬੱਤਰਾ ਨੇ ਜੈਪਾਲ ਉੱਤੇ ਪੱਖਪਾਤੀ, ਸਿਧਾਂਤਹੀਣ, ਹਿੰਦੂ ਵਿਰੋਧੀ, ਅੱਤਵਾਦ ਸਮਰਥਕ ਅਤੇ ਬੇਸ਼ਰਮ ਤਰੀਕੇ ਨਾਲ ਨਿੱਜੀ ਸਿਆਸੀ ਲਾ ਲਈ ਇਸ ਮੁੱਦੇ ਦੀ ਵਰਤੋਂ ਕਰਨ ਦਾ ਦੋਸ਼ ਲਾਇਆ ਹੈ।

# ਦਿੱਲੀ ਵਿੱਚ ਭਿਆਨਕ ਅਗਨੀਕਾਂਡ, 43 ਮੌਤਾਂ, ਫੈਕਟਰੀ ਮਾਲਕ ਗ੍ਰਿਫਤਾਰ



ਨਵੀਂ ਦਿੱਲੀ, 8 ਦਸੰਬਰ, (ਪੋਸਟ ਬਿਊਰੋ)-ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਰਾਣੀ ਝਾਂਸੀ ਰੋਡ ਉੱਤੇ ਇਕ ਫੈਕਟਰੀ ਵਿਚ ਐਤਵਾਰ ਸਵੇਰੇ ਲੱਗੀ ਭਿਆਨਕ ਅੱਗ ਵਿੱਚ 43 ਮਜ਼ਦੂਰ ਸੜ ਕੇ ਮਾਰੇ ਗਏ।

ਦਿੱਲੀ ਫਾਇਰ ਬ੍ਰੀਗੇਡ ਦੇਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੀ ਜਾਣਕਾਰੀ ਸਵੇਰੇ 5 ਵਜ ਕੇ 22 ਮਿੰਟ ਉੱਤੇ ਮਿਲੀ ਤਾਂ ਅੱਗ ਬੁਝਾਉਣ ਲਈ 30 ਗੱਡੀਆਂ ਮੌਕੇ ਉੱਤੇ ਭੇਜੀਆਂ ਗਈਆਂ। ਉਨ੍ਹਾਂ ਦੱਸਿਆ ਕਿ 150 ਵਰਕਰਾਂ ਨੇ ਬਚਾਅ ਮੁਹਿੰਮ ਚਲਾਈਤੇ 63 ਲੋਕਾਂ ਨੂੰ ਸੜਦੀ ਹੋਈ ਇਮਾਰਤ ਵਿੱਚੋਂ ਬਾਹਰ ਕੱਢਿਆ।ਅੱਗ ਬੁਝਾਊ ਅਧਿਕਾਰੀਆਂ ਨੇ ਦੱਸਿਆ ਕਿ 43 ਮਜ਼ਦੂਰ ਮਾਰੇ ਗਏ ਅਤੇ 2 ਫਾਇਰ ਬ੍ਰੀਗੇਡ ਮੁਲਾਜ਼ਮ ਵੀ ਜ਼ਖਮੀ ਹੋਏ ਹਨ। ਦਿੱਲੀ ਪੁਲਸ ਨੇ ਫੈਕਟਰੀ ਮਾਲਕ ਵਿਰੁੱਧ ਗੈਰ ਇਰਾਦਨ ਕਤਲ ਦਾ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਹੈ। ਇਮ-ਾਰਤ ਵਿਚ ਹਵਾ ਆਉਣ-ਜਾਣ ਦੀ ਯੋਗ ਵਿਵਸਥਾ ਨਾ ਹੋਣ ਕਾਰਨ ਕਈ ਲੋਕਾਂ ਦੀ ਜਾਨ ਸਾਹ ਘੁੱਟਣ ਕਾਰਨ ਚਲੀ ਗਈ। ਅੱਗ ਲੱਗਣ ਵੇਲੇ ਕਈ ਮਜ਼ਦੂਰ ਸੁੱਤੇ ਪਏ ਸਨ। ਅਜਿਹੇ ਕੇਸ ਵਿੱਚ ਧਾਰਾ-304 (ਗੈਰ-ਇਰਾਦਤਨ ਹੱਤਿਆ) ਦਾ ਕੇਸ ਦਰਜ ਕੀਤਾ ਜਾਂਦਾ ਹੈ, ਜਿਸ ਦੇ ਸਾਬਤ ਹੋਣ ਉੱਤੇ 10 ਸਾਲ ਜਾਂ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦੀ ਵਿਵਸਥਾ ਹੈ।

ਜ਼ਿਕਰ ਯੋਗ ਕਿ ਰਾਜਧਾਨੀ ਦਿੱਲੀਦੀ ਰਾਣੀ ਝਾਂਸੀ ਰੋਡ ਉੱਤੇ ਅਨਾਜ ਮੰਡੀ ਵਿੱਚ ਇਕ ਇਮਾਰਤਨੂੰ ਐਤਵਾਰ ਸਵੇਰੇ ਅੱਗ ਲੱਗਣ ਅਤੇ 43 ਲੋਕਾਂ ਦੀ ਮੌਤ ਬਾਰੇ ਦਿੱਲੀ ਸਰਕਾਰ ਨੇ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਪਤਾ ਲੱਗਾ ਹੈ ਕਿ ਅੱਗ ਸ਼ਾਰਟ ਸਰਕਿਟ ਕਾਰਨ ਲੱਗੀ। ਇਸ ਫੈਕਟਰੀ ਵਿੱਚ ਬੈਗ ਅਤੇ ਪੈਕਜਿੰਗ ਦਾ ਕੰਮ ਚੱਲਦਾ ਹੋਣ ਕਾਰਨ ਮੌਕੇਓਥੇ ਕਾਫੀ ਪਲਾਸਟਿਕ ਪਿਆ ਸੀ, ਜਿਸ ਕਾਰਨ ਧੂੰਆਂ ਵਧ ਗਿਆ। ਏਥੇ ਗਲੀਆਂ ਵੀ ਬਹੁਤ ਤੰਗ ਹਨ।

## ਝੂਠਾ ਕੇਸ ਦਰਜ ਕਰਨ ਵਾਲੇ ਸਮਾਣਾ ਸਿਟੀ ਦਾ ਥਾਣਾ ਮੁਖੀ ਤੇ ਏ ਐਸ ਆਈ ਸਸਪੈਂਡ

ਸਮਾਣਾ, 8 ਦਸੰਬਰ (ਪੋਸਟ ਬਿਊਰੋ)- ਬੀਤੇ ਅਗਸਤ ਵਿੱਚ ਸਥਾਨਕ ਮੇਨ ਰੋਡ ਤੋਂ ਮੀਟ ਸ਼ਾਪ ਦੇ ਮਾਲਕ ਨੂੰ ਨਸ਼ੀਲੀਆਂ ਗੋਲੀਆਂ ਸਣੇ ਫੜਨ ਦੇ ਕੇਸ ਵਿੱਚ ਪੀੜਤ ਦੇ ਪਰਵਾਰ ਨੇ ਕੇਸ ਝੂਠਾ ਕਰਾਰ ਦਿੰਦਿਆਂ ਹਾਈ ਕੋਰਟ ਵਿੱਚ ਪਹੁੰਚ ਕੀਤੀ ਤਾਂ ਹਾਈ ਕੋਰਟ ਦੇ ਆਦੇਸ਼ ਉੱਤੇ ਐਸ ਐਸ ਪੀ ਪਟਿਆਲਾ ਵੱਲੋਂ ਕਰਵਾਈ ਜਾਂਚ ਪਿੱਛੋਂ ਸਿਟੀ ਪੁਲਸ ਸਮਾਣਾ ਦੇ ਮੁੱਖੀ ਸਾਹਿਬ ਸਿੰਘ ਅਤੇ ਏ ਐਸ ਆਈ ਜੈਪ੍ਰਕਾਸ਼ ਨੂੰ ਨੌਕਰੀ ਤੋਂ ਸਸਪੈਂਡ ਕਰ ਦਿੱਤਾ ਗਿਆ ਹੈ।

ਪੁਲਸ ਨੇ ਬੀਤੀ 12 ਅਗਸਤ ਨੂੰ ਸਥਾਨਕ ਗੋਪਾਲ ਭਵਨ ਨੇੜੇ ਸੁੱਖਾ ਮੀਟ ਸ਼ਾਪ 'ਤੇ ਛਾਪਾ ਮਾਰ ਕੇ ਸੁਖਵਿੰਦਰ ਸਿੰਘ ਸੁੱਖਾ ਨੂੰ 1020 ਨਸ਼ੀਲੀਆਂ ਗੋਲੀਆਂ ਸਣੇ ਫੜਨ ਦਾ ਦਾਅਵਾ ਕੀਤਾ ਤੇ ਉਸ ਦੇ ਖਿਲਾਫ ਐਨ ਡੀ ਪੀ ਐਸ ਐਕਟ ਦਾ ਕੇਸ ਦਰਜ ਕੀਤਾ ਸੀ। ਸੁਖਵਿੰਦਰ ਸਿੰਘ ਦੇ ਭਤੀਜੇ ਗਗਨਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਜਾਣਬੁੱਝ ਕੇ ਉਸ ਦੇ ਚਾਚਾ ਨੂੰ ਨਸ਼ੀਲੀਆਂ ਗੋਲੀਆਂ ਦੇ ਕੇਸ ਵਿੱਚ ਫਸਾਇਆ ਹੈ ਜਦੋਂ ਕਿ ਮੌਕੇ ਤੋਂ ਅਜਿਹਾ ਕੁਝ ਵੀ ਬਰਾਮਦ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਸਾਢੇ ਅੱਠ ਵਜੇ ਦੀ ਰੇਡ ਦਿਖਾਈ, ਜਦੋਂ ਕਿ ਦੁਕਾਨ ਅੱਠ ਵੱਜ ਕੇ 2 ਮਿੰਟ ਉੱਤੇ ਬੰਦ ਹੋ ਗਈ ਸੀ, ਜਿਸ ਦੀ ਸੀ ਸੀ ਟੀ ਵੀ ਫੁਟੇਜ ਉਨ੍ਹਾਂ ਨੇ ਪੁਲਸ ਦੇ ਵੱਡੇ ਅਧਿਕਾਰੀਆਂ ਅਤੇ ਮੰਤਰੀ ਨੂੰ ਭੇਜ ਕੇ ਇਨਸਾਫ ਦੀ ਮੰਗ ਕੀਤੀ ਸੀ, ਪਰ ਜਦੋਂ ਕਿਸੇ ਨੇ ਵੀ ਉਨ੍ਹਾਂ ਦੀ ਗੱਲ ਨਾ ਸੁਣੀ ਤਾਂ ਉਨ੍ਹਾਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ। ਉਨ੍ਹਾਂ ਦੱਸਿਆ ਕਿ 29 ਨਵੰਬਰ ਨੂੰ ਹਾਈ ਕੋਰਟ ਨੇ ਐਸ ਐਸ ਪੀ ਪਟਿਆਲਾ ਤੋਂ ਇਸ ਸਬੰਧੀ 6 ਦਸੰਬਰ ਤੱਕ ਰਿਪੋਰਟ ਮੰਗੀ ਸੀ। ਐਸ ਐਸ ਪੀ ਪਟਿਆਲਾ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸਿਟੀ ਪੁਲਸ ਮੁੱਖੀ ਸਮਾਣਾ ਸਾਹਿਬ ਸਿੰਘ ਅਤੇ ਏ ਐਸ ਆਈ ਜੈ ਪ੍ਰਕਾਸ਼ ਨੂੰ ਇਸ ਮਾਮਲੇ ਵਿੱਚ ਸਸਪੈਂਡ ਕਰ ਦਿੱਤਾ ਗਿਆ ਹੈ।

## ਡੇਢ ਸਾਲ ਪਹਿਲਾਂ ਹੋਏ ਕਾਂਗਰਸੀ ਆਗੂ ਦੇ ਕਤਲ ਕੇਸ ਵਿੱਚ ਦੋ ਹੋਰ ਨਾਮਜ਼ਦ

ਅੰਮ੍ਰਿਤਸਰ, 8 ਦਸੰਬਰ (ਪੋਸਟ ਬਿਊਰੋ)- ਕਰੀਬ ਡੇਢ ਸਾਲ ਪਹਿਲਾਂ ਗੈਂਗਸਟਰਾਂ ਵੱਲੋਂ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ ਕਾਂਗਰਸੀ ਆਗੂ ਤੇ ਕੌਂਸਲਰ ਗੁਰਦੀਪ ਸਿੰਘ ਪਹਿਲਵਾਨ ਦੇ ਕੇਸ ਵਿੱਚ ਓਦੋਂ ਨਵਾਂ ਮੋੜ ਆ ਗਿਆ ਜਦੋਂ ਦੋ ਹੋਰ ਗੈਂਗਸਟਰਾਂ ਨੂੰ ਪੁਲਸ ਨੇ ਨਾਮਜ਼ਦ ਕਰ ਲਿਆ ਤੇ ਉਨ੍ਹਾਂ ਕੋਲੋਂ ਵਾਰਦਾਤ ਲਈ ਵਰਤਿਆ ਪਿਸਤੌਲ ਬਰਾਮਦ ਕਰ ਲਿਆ ਗਿਆ ਹੈ। ਇਹ ਮਾਮਲਾ ਬੀਤੇ ਜੂਨ 2018 ਦਾ ਹੈ, ਜਦੋਂ ਥਾਣਾ ਸਿਵਲ ਲਾਈਨ ਅਧੀਨ ਪੈਂਦੇ ਖੇਤਰ ਗੋਲਬਾਗ ਵਿੱਚ ਪਹਿਲਵਾਨ ਦਾ ਮੋਟਰ ਸਾਈਕਲ ਸਵਾਰ ਗੈਂਗਸਟਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਸ ਅਨੁਸਾਰ ਇਸ ਕੇਸ ਵਿੱਚ ਗ੍ਰਿਫਤਾਰ ਗੈਂਗਸਟਰ ਅੰਗਰੇਜ਼ ਸਿੰਘ, ਜੋ ਜੇਲ੍ਹ ਵਿੱਚ ਬੰਦ ਸੀ, ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ, ਜਿਸ ਨੇ ਦੱਸਿਆ ਕਿ ਇਸ ਕਤਲ ਕੇਸ ਵਿੱਚ ਗ੍ਰਿਫਤਾਰ ਦੋਸ਼ੀਆਂ ਤੋਂ ਬਿਨਾਂ ਦੋ ਹੋਰ ਨੌਜਵਾਨ ਵਰਿੰਦਰ ਸਿੰਘ ਉਰਫ ਫਤਹਿ ਵਾਸੀ ਡੇਰਾ ਰੋਡ ਕਿਲ੍ਹਾ ਲਾਲ ਸਿੰਘ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਅਤੇ ਮਨਦੀਪ ਸਿੰਘ ਉਰਫ ਮੰਨੂ ਉਰਫ ਤੂਫਾਨ ਵਾਸੀ ਸੁੰਦਰ ਨਗਰ ਬਟਾਲਾ ਸ਼ਾਮਲ ਸਨ। ਕੱਲ੍ਹ ਬਟਾਲਾ ਪੁਲਸ ਵੱਲੋਂ ਵਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਗੁਰਦਾਸਪੁਰ ਜੇਲ੍ਹ 'ਚੋਂ ਲਿਆ ਕੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਕਬੂਲ ਕੀਤਾ ਕਿ ਜੇਲ੍ਹ ਗੈਂਗਸਟਰ ਜੱਗੂ ਨੇ ਪਹਿਲਵਾਨ ਦੇ ਕਤਲ ਸੰਬੰਧੀ ਗੈਂਗਸਟਰ ਕਰਨ ਮਸਤੀ ਅਤੇ ਅੰਗਰੇਜ਼ ਸਿੰਘ ਨਾਲ ਸੰਪਰਕ ਕਰਨ ਲਈ ਕਿਹਾ ਸੀ ਕਿਉਂਕਿ ਜੱਗੂ ਗੈਂਗਸਟਰ ਕਰਨ ਤੇ ਅੰਗਰੇਜ਼ 'ਤੇ ਭਰੋਸਾ ਨਹੀਂ ਕਰਦਾ ਸੀ ਕਿ ਇਸ ਲਈ ਫਤਿਹ ਸਿੰਘ ਉਰਫ ਸੰਨੀ ਆਪਣੇ ਸਾਥੀ ਮੰਨੂ ਉਰਫ ਤੂਫਾਨ ਨੂੰ ਨਾਲ ਲੈ ਕੇ ਬਸ ਰਾਹੀਂ ਅੰਮ੍ਰਿਤਸਰ ਆਇਆ ਜਿੱਥੇ ਇਹ ਕਰਨ ਮਸਤੀ ਅਤੇ ਅੰਗਰੇਜ਼ ਸਿੰਘ ਨੂੰ ਮਿਲੇ ਤੇ ਚਾਰੇ ਜਣੇ ਕਾਂਗਰਸੀ ਆਗੂ ਗੁਰਦੀਪ ਪਹਿ-ਲਵਾਨ ਨੂੰ ਗੋਲੀਆਂ ਮਾਰ ਕੇ ਕਤਲ ਕਰ ਕੇ ਖਿਸਕ ਗਏ। ਪੁਲਸ ਨੇ ਵਰਿੰਦਰ ਸਿੰਘ ਕੋਲੋਂ ਵਾਰਦਾਤ ਵਿੱਚ ਵਰਤਿਆ ਪਿਸਤੌਲ ਬਰਾਮਦ ਕਰ ਲਿਆ। ਪੁਲਸ ਕਮਿਸ਼ਨਰ ਡਾਕਟਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਮਨਦੀਪ ਸਿੰਘ ਉਰਫ ਤੂਫਾਨ ਜੋ ਇਸ ਕੇਸ ਵਿੱਚ ਭਗੌੜਾ ਹੈ, ਨੂੰ ਗ੍ਰਿਫਤਾਰ ਕਰਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

## ਸਸਪੈਂਡ ਹੋਣ ਪਿੱਛੋਂ ਡੀ ਐੱਸ ਪੀ ਸੇਖੋਂ ਦੀ ਕੈਬਨਿਟ ਮੰਤਰੀ ਆਸ਼ੂ ਨੂੰ ਫਿਰ ਸਿੱਧੀ ਚੁਣੌਤੀ



ਚੰਡੀਗੜ੍ਹ, 8 ਦਸੰਬਰ, (ਪੋਸਟ ਬਿਊਰੋ)-ਪੰਜਾਬ ਦੇ ਖ਼ੁਰਾਕ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਦੋ ਦਿਨ ਪਹਿਲਾਂ ਇਤਰਾਜ਼ਯੋਗ ਸੰਦੇਸ਼ ਭੇਜਣ ਵਾਲੇ ਪੁਲਸ ਦੇ ਸਸਪੈਂਡ ਕੀਤੇ ਗਏ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੇ ਫਿਰ ਮੰਤਰੀ ਨੂੰ ਲਲਕਾਰ ਕੇ ਕਿਹਾ ਹੈ ਕਿ ਮੈਨੂੰ ਸਸਪੈਂਡ ਕਰਵਾ ਕੇ ਤੁਸੀਂ ਇਸ ਨੂੰ ਆਪਣੀ ਜਿੱਤ ਨਾ ਸਮਝੋ, ਤੁਹਾਡੇ ਤੇ ਮਾਫ਼ੀਆ ਦੇ ਵਿਰੁੱਧ ਮੇਰੀ ਲੜਾਈ ਜਾਰੀ ਰਹੇਗੀ, ਇਸ ਵੇਲੇ ਮੈਂ ਆਜ਼ਾਦ ਹਾਂ, ਪਰ ਇਕੱਲਾ ਨਹੀਂ ਹਾਂ। ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂਨੇ ਇਤਰਾਜ਼ ਯੋਗ ਸ਼ਬਦਾਵਲੀ ਜਾਰੀ ਰੱਖਦੇ ਹੋਏ ਫੇਸਬੁੱਕ ਉੱਤੇ ਲਿਖਿਆ ਹੈ, 'ਮੈਂ ਦੇਖ ਰਿਹਾ ਹਾਂ ਕਿ ਤੁਹਾਡੇ ਕੁੱਤੇ ਪਿੱਲੇ ਦੋ ਦਿਨਾਂ ਤੋਂ ਭੌਂਕ ਰਹੇ ਹਨ, ਪਰ ਤੁਹਾਨੂੰ ਛੇਤੀ ਹੀ ਪੰਜਾਬ ਦੇ ਲੋਕ ਇਸ ਦਾ ਜਵਾਬ ਦੇਣਗੇ।'

ਵਰਨਣ ਯੋਗ ਹੈ ਕਿ ਭਾਰਤ ਭੂਸ਼ਣ ਆਸ਼ੂ ਨੇ ਇਹ ਮੁੱਦਾ ਚਾਰ ਦਸੰਬਰ ਨੂੰ ਹੋਈ ਕੈਬਨਿਟ ਦੀ ਮੀਟਿੰਗ ਵਿਚ ਉਸ ਵੇਲੇ ਉਠਾਇਆ ਸੀ, ਜਦੋਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਗੈਂਗਸਟਰ ਬਨਾਮ ਅਕਾਲੀ ਦਲ ਵਾਲੀ ਲੜਾਈ ਵਿਚ ਕੋਈ ਵੀ ਮੰਤਰੀਉਨ੍ਹਾਂ ਦਾ ਸਾਥ ਨਹੀਂ ਦੇ ਰਿਹਾ। ਮੰਤਰੀ ਆਸ਼ੂ ਨੇ ਵੀ ਆਪਣਾ ਫੋਨ ਕੱਢ ਕੇ ਮੀਟਿੰਗ ਵਿੱਚ ਦਿਖਾਇਆ ਤੇ ਕਿਹਾ ਕਿ ਇਕ ਡੀ ਐੱਸ ਪੀ ਉਨ੍ਹਾਂ ਨੂੰ ਇਤਰਾਜ਼ਯੋਗ ਸੰਦੇਸ਼ ਭੇਜ ਰਿਹਾ ਹੈ। ਮੁੱਖ ਮੰਤਰੀ ਨੇ ਆਪਣੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੂੰ ਕਾਰਵਾਈ ਕਰਨ ਨੂੰ ਕਿਹਾ ਸੀ ਤੇ ਅਗਲੇ ਦਿਨ ਐਡੀਸ਼ਨਲ ਚੀਫ ਸੈਕਟਰੀ (ਹੋਮ) ਸਤੀਸ਼ ਚੰਦਰਾ ਨੇ ਸੇਖੋਂ ਨੂੰ ਸਸਪੈਂਡ ਕਰ ਕੇ ਕੇਸ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਸਨ।ਸੰਭਾਵਨਾ ਹੈ ਕਿ ਬਲਵਿੰਦਰ ਸਿੰਘ ਸੇਖੋਂ ਨੂੰ ਨੌਕਰੀ ਤੋਂਕੱਢ ਦਿੱਤਾ ਜਾਵੇ, ਪਰ ਉਸ ਤੋਂ ਪਹਿਲਾਂ ਸਰਕਾਰ ਕਾਨੂੰਨੀ ਕਾਰਵਾਈ ਪੂਰੀ ਕਰਨਾ ਚਾਹੁੰਦੀ ਹੈ ਤਾਂ ਜੋ ਅਦਾਲਤ ਵਿੱਚ ਜਾਣ ਉੱਤੇਸੇਖੋਂ ਨੂੰ ਕੋਈ ਰਾਹਤ ਨਾ ਮਿਲ ਸਕੇ।

# ਅਮਰੀਕਾ ਵਿਚ ਗੋਲੀਬਾਰੀ ਸਾਊਦੀ ਅਰਬ ਦੇ ਸੈਕਿੰਡ ਲੈਫਟੀਨੈਂਟ ਵੱਲੋਂ ਕੀਤੀ ਨਿਕਲੀ




ਵਾਸ਼ਿੰਗਟਨ, 8 ਦਸੰਬਰ, (ਪੋਸਟ ਬਿਊਰੋ)-ਪਿਛਲੇ ਸ਼ੁੱਕਰਵਾਰ ਨੂੰ ਫਲੋਰਿਡਾ ਦੇ ਪੈਂਸਕੋਲਾ ਵਾਲੇ ਸਮੁੰਦਰੀ ਫੌਜ ਦੇ ਅੱਡੇ ਉੱਤੇ ਗੋਲੀਬਾਰੀ ਕਰਕੇ ਤਿੰਨ ਲੋਕਾਂ ਦੀ ਜਾਨ ਲੈਣ ਵਾਲੇ ਹਮਲਾਵਰ ਦੀ ਪਛਾਣ ਅਮਰੀਕੀ ਫੈਡਰਲ ਜਾਂਚ ਏਜੰਸੀ (ਐਫਬੀਆਈ) ਨੇ ਕਰ ਲਈ ਹੈ। ਫਾਇਰਿੰਗ ਕਰਨ ਵਾਲਾ ਦੋਸ਼ੀ ਅਸਲ ਵਿੱਚ ਮੁਹੰਮਦ ਅਲ ਸ਼ਮਰਾਨੀ (21 ਸਾਲ)ਸਾਊਦੀ ਅਰਬ ਦੀ ਹਵਾਈ ਫੌਜ ਦਾ ਇੱਕਸੈਕਿੰਡ ਲੈਫਟੀਨੈਂਟ ਸੀ।

ਜਾਂਚ ਏਜੰਸੀ ਐਫ ਬੀ ਆਈ ਦੇ ਅਧਿਕਾਰੀਆਂ ਮੁਤਾਬਕ ਘਟਨਾ ਵਾਲੀ ਥਾਂਮਾਰਿਆ ਜਾ ਚੁੱਕਾ ਸ਼ਮਰਾਨੀ ਅਸਲ ਵਿੱਚ ਪੈਂਸਾਕੋਲਾ ਵਿਚਲੀ ਨੇਵੀ ਦੀ ਐਵੀਏਸ਼ਨ ਸਕੂਲ ਕਮਾਂਡ ਤੋਂਟਰੇਨਿੰਗ ਲੈ ਰਿਹਾ ਸੀ। ਸਾਊਦੀ ਅਰਬ ਦੇ ਫੌਜੀ ਸਾਲ 1970 ਤੋਂ ਪੈਂਸਾਕੋਲਾ ਵਿਚ ਟਰੇਨਿੰਗ ਲੈ ਰਹੇ ਹਨ। ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਕ੍ਰਿਸ ਗਾਰਵਰ ਦੇ ਦੱਸਣ ਮੁਤਾਬਕ ਪੈਂਟਾਗਨ ਦੇ ਟਰਨਿੰਗ ਪ੍ਰੋਗਰਾਮਾਂ ਹੇਠ ਅੱਜ ਵੀ 852 ਸਾਊਦੀ ਫੌਜੀ ਅਮਰੀਕਾ ਵਿੱਚੋਂਟਰੇਨਿੰਗ ਲੈ ਰਹੇ ਹਨ। ਇਹ 153 ਦੇਸ਼ਾਂ ਦੇ ਟਰੇਨਿੰਗ ਕਰ ਰਹੇ 5181 ਫੌਜੀਆਂ ਦਾ 16 ਫੀਸਦੀ ਹਨ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਸ਼ਨੀਵਾਰ ਕਿਹਾ ਸੀ ਕਿ ਅਮਰੀਕਾ ਕਈ ਦਹਾਕਿਆਂ ਤੋਂ ਦੂਜੇ ਦੇਸ਼ਾਂ ਦੇ ਫੌਜੀਆਂ ਨੂੰ ਟਰੇਨਿੰਗ ਦਿੰਦਾ ਰਿਹਾ ਹੈ, ਪਰ ਅੱਗੋਂ ਲੱਗਦਾ ਹੈ ਕਿ ਪੂਰੀ ਪ੍ਰਕਿਰਿਆ ਦੀ ਘੋਖ ਕੀਤੀ ਜਾਣੀ ਚਾਹੀਦੀ ਹੈ। ਅਸੀਂ ਇਸ ਨੂੰ ਤੁਰੰਤ ਸ਼ੁਰੂ ਕਰਾਂਗੇ। ਇਸ ਦੇ ਨਾਲ ਟਰੰਪ ਨੇ ਕਿਹਾ ਸੀ ਕਿ ਅਸੀਂ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਘਟਨਾ ਦੇ ਪਿੱਛੇ ਇਕੋ ਵਿਅਕਤੀ ਹੈ ਜਾਂ ਹੋਰ ਲੋਕ ਵੀ ਸ਼ਾਮਲ ਹਨ। ਟਰੰਪ ਨੇ ਦੱਸਿਆ ਕਿ ਉਨ੍ਹਾ ਨੇ ਘਟਨਾ ਤੋਂ ਬਾਅਦ ਸਾਊਦੀ ਅਰਬ ਦੇ ਕਿੰਗ ਅਤੇ ਕ੍ਰਾਊਨ ਪ੍ਰਿੰਸ ਨਾਲ ਗੱਲ ਕੀਤੀ ਹੈ। ਦੋਵੇਂ ਹੀ ਨੇਤਾ ਇਸ ਘਟਨਾ ਤੋਂ ਬਹੁਤ ਦੁਖੀ ਹਨ ਤੇ ਪ੍ਰਭਾਵਤ ਪਰਿਵਾਰਾਂ ਦੀ ਮਦਦ ਕਰਨਾ ਚਾਹੁੰਦੇ ਹਨ।

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $134,000
17 Tannery St: Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

Mississauga $169,900
7215 Goreway Dr 70: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

St. Catharines $189,000
198 Glenridge Ave 5: Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

Mississauga $199,900
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Mississauga $299,000
GINO'S PIZZA
136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

Mississauga $399,900
Photo Not Available
7120 Pacific Circ B : Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

Shelburne $399,999
328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

Toronto $435,000
90 Dale Ave 407: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

Mississauga $449,000
2556 Argyle Rd 1104: Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

Richmond Hill $560,000
8868 Yonge St 222E : Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

Brampton $655,000
32 Tollgate St : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Toronto $829,900
29 Phillip Ave: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

Brampton $983,000
87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

Mississauga $1,100,000
785 Craig Carrier Crt: Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

Brampton $1,900,000
Photo Not Available
115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
Inderjit Singh
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

### ਮੁੱਖ ਮੰਤਰੀ ਪੰਜਾਬ ਨੇ ਕਿਹਾ:

# ਕੇਂਦਰ ਵੱਲ ਪੰਜਾਬ ਦੇ ਜੀ ਐੱਸ ਟੀ ਦਾ 4100 ਕਰੋੜ ਨਹੀਂ, ਸਗੋਂ 6000 ਕਰੋੜ ਰੁਪਏ ਬਾਕੀ




ਚੰਡੀਗੜ੍ਹ, 8 ਦਸੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲ ਪੰਜਾਬ ਦਾ ਜੀ ਐੱਸ ਟੀ ਦਾ ਕਿੰਨਾ ਬਕਾਇਆ ਹੈ, ਇਸ ਬਾਰੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਸਥਿਤੀ ਸਪੱਸ਼ਟ ਕੀਤੀ ਹੈ।
ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਏਥੇ ਕਿਹਾ ਹੈ ਕਿ ਕੇਂਦਰ ਸਰਕਾਰ ਤੋਂ ਪੰਜਾਬ ਸਰਕਾਰ ਨੇ ਜੀ ਐੱਸ ਟੀ ਦਾ 4100 ਕਰੋੜ ਰੁਪਏ ਨਹੀਂ, ਸਗੋਂ 6000 ਕਰੋੜ ਰੁਪਏ ਬਕਾਇਆ ਲੈਣਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਬਾਰੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੀਟਿੰਗ ਕੀਤੀ ਹੈ ਤੇ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਜੀ ਐੱਸ ਟੀ ਦਾ ਬਕਾਇਆ ਜਲਦੀ ਰਿਲੀਜ਼ ਕਰ ਦਿੱਤਾ ਜਾਵੇਗਾ, ਪਰ ਅਫਸੋਸ ਦੀ ਗੱਲ ਹੈ ਕਿ ਕੇਂਦਰ ਨੇ ਨਾ ਸਿਰਫ ਪੰਜਾਬ, ਸਗੋਂ ਕਈ ਸੂਬਿਆਂ ਦਾ ਜੀ ਐੱਸ ਟੀ ਦਾ ਬਕਾਇਆ ਹਾਲੇ ਦੇਣਾ ਹੈ। ਉਨ੍ਹਾਂ ਨੇ ਕਿਹਾ ਕਿ ਜੀ ਐੱਸ ਟੀ ਦਾ ਬਕਾਇਆ ਨਾ ਮਿਲਣ ਕਾਰਨ ਪੰਜਾਬ ਨੂੰ ਉਧਾਰ ਲੈ ਕੇ ਕੰਮ ਸਾਰਨਾ ਪੈ ਰਿਹਾ ਹੈ, ਪਰ ਸਾਡੇ ਰਾਜ ਦੇ ਆਰਥਿਕ ਵਸੀਲੇ ਕੁਝ ਹੋਰ ਵੀ ਹਨ, ਜਿਵੇਂ ਸਟੰਪ ਡਿਊਟੀ, ਮਾਈਨਿੰਗ, ਟਰਾਂਸਪੋਰਟ ਵਿਭਾਗ ਤੋਂ ਆਮਦਨ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲੰਮੇ ਸਮੇਂ ਤੱਕ ਉਧਾਰ ਲੈ ਕੇ ਕੰਮ ਨਹੀਂ ਕਰ ਸਕਦਾ, ਇਸ ਨਾਲ ਕਰਜ਼ਿਆਂ ਦਾ ਬੋਝ ਵਧਦਾ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵਾਅਦੇ ਅਨੁਸਾਰ ਜੀ ਐੱਸ ਟੀ ਦੀ ਰਕਮ ਸਮੇਂ 'ਤੇ ਰਾਜਾਂ ਨੂੰ ਦੇਣੀ ਚਾਹੀਦੀ ਹੈ। ਪੰਜਾਬ ਦਾ ਜੀ ਐੱਸ ਟੀ ਦਾ ਬਕਾਇਆ ਅਗਸਤ ਤੋਂ ਕੇਂਦਰ ਵੱਲੋਂ ਨਹੀਂ ਮਿਲਿਆ।
ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਸਮੱਗਲਰਾਂ ਦੀ ਰੀੜ੍ਹ ਦੀ ਹੱਡੀ ਤੋੜ ਦਿੱਤਾ ਗਈ ਹੈ, ਅੱਜ ਕੱਲ੍ਹ ਏਥੇ ਨਸ਼ੀਲੇ ਪਦਾਰਥ ਨੇਪਾਲ, ਦਿੱਲੀ, ਗੁਜਰਾਤ ਤੇ ਹੋਰ ਰਾਜਾਂ ਤੋਂ ਪਹੁੰਚ ਰਹੇ ਹਨ, ਪਰ ਪੰਜਾਬ ਸਰਕਾਰ ਤੇ ਪੁਲਸ ਦੀ ਸਖਤੀ ਕਾਰਨ ਵੱਡੇ ਨਸ਼ਾ ਸਮੱਗਲਰ ਏਥੇ ਸਿੱਧੇ ਸਰਗਰਮ ਨਹੀਂ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਨਸ਼ਾ ਪੰਜਾਬ ਤੋਂ ਕਿਤੇ ਵੱਧ ਚੁੱਲਦਾ ਹੈ, ਹਰਿਆਣਾ ਤੇ ਹੋਰ ਗੁਆਂਢੀ ਰਾਜਾਂ ਵਿੱਚ ਵੀ ਨਸ਼ੀਲੇ ਪਦਾਰਥ ਪੁੱਜਣ ਲੱਗ ਪਏ ਹਨ, ਜਿਸ ਕਾਰਨ ਪੰਜਾਬ ਨੇ ਗੁਆਂਢੀ ਰਾਜਾਂ ਨਾਲ ਮਿਲ ਕੇ ਇਨ੍ਹਾਂ 'ਤੇ ਰੋਕ ਲਾਉਣ ਲਈ ਨੀਤੀ ਬਣਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਸ਼ਮੀਰ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ ਤੇ ਓਥੇ ਭਾਰੀ ਗਿਣਤੀ ਵਿੱਚ ਸਕਿਓਰਟੀ ਫੋਰਸਿਜ਼ ਹੋਣ ਦੇ ਬਾਵਜੂਦ ਨਸ਼ੀਲੇ ਪਦਾਰਥ ਸਰਹੱਦ ਪਾਰੋਂ ਆ ਰਹੇ ਹਨ, ਜਿੱਥੋਂ ਫਿਰ ਪੰਜਾਬ ਨੂੰ ਭੇਜੇ ਜਾਂਦੇ ਹਨ।
ਪਰਾਲੀ ਸਾੜਨ ਤੋਂ ਹੁੰਦੇ ਪ੍ਰਦੂਸ਼ਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਮੱਸਿਆ ਕਾਫੀ ਸਮੇਂ ਤੋਂ ਚੱਲ ਰਹੀ ਹੈ। ਦਿੱਲੀ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਪੰਜਾਬ ਵਿੱਚ ਪਰਾਲੀ ਸਾੜਨ ਨਾਲ ਨਹੀਂ ਜੁੜੀ, ਸਗੋਂ ਦਿੱਲੀ ਦੇ ਉਦਯੋਗਿਕ ਯੂਨਿਟਾਂ ਤੇ ਵਾਹਨਾਂ ਵੱਲੋਂ ਫੈਲਾਏ ਜਾਂਦੇ ਪ੍ਰਦੂਸ਼ਣ ਨਾਲ ਸਮੱਸਿਆ ਗੰਭੀਰ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸ਼ੁਰੂ ਤੋਂ ਹੀ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਸੀ ਕਿ ਛੋਟੇ ਕਿਸਾਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਣਾ ਚਾਹੀਦਾ ਹੈ, ਜਿਸ ਨਾਲ ਪ੍ਰਦੂਸ਼ਣ ਦੀ ਸਮੱਸਿਆ ਹੱਲ ਹੋਵੇ ਤੇ ਕਿਸਾਨ ਪਰਾਲੀ ਨਾ ਸਾੜਨ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਛੋਟੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਕਿਹਾ ਹੈ, ਪਰ ਪੰਜਾਬ ਦੀ ਆਰਥਿਕ ਸਥਿਤੀ ਚੰਗੀ ਨਹੀਂ ਹੈ, ਇਸ ਦੇ ਬਾਵਜੂਦ ਸਰਕਾਰ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦੀ ਮਦਦ ਕਰ ਰਹੀ ਹੈ।

## ਸੁਣਵਾਈ ਦੌਰਾਨ ਆਪਣੇ ਬੇਟੇ ਦਾ ਨਾਂਅ ਆਉਣ ਤੋਂ ਮੇਲਾਨੀਆ ਟਰੰਪ ਨਾਰਾਜ਼

ਵਾਸ਼ਿੰਗਟਨ, 8 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਚੱਲ ਰਹੀ ਮਹਾਦੋਸ਼ ਦੀ ਕਾਰਵਾਈ ਵਿੱਚ ਕੱਲ੍ਹ ਸਟੈਨਫੋਰਡ ਯੂਨੀਵਰਸਿਟੀ ਦੀ ਪ੍ਰੋਫੈਸਰ ਨੇ ਗਵਾਹੀ ਦੌਰਾਨ ਟਰੰਪ ਦੇ ਨਾਬਾਲਗ ਬੇਟੇ ਬੈਰਨ ਦਾ ਨਾਂਅ ਲੈ ਦਿੱਤਾ। ਟਰੰਪ ਦੀ ਪਤਨੀ ਤੇ ਬੈਰਨ ਦੀ ਮਾਂ ਮੇਲਾਨੀਆ ਨੇ ਇਸ 'ਤੇ ਸਖਤ ਇਤਰਾਜ਼ ਕਰਦੇ ਹੋਏ ਨਾਰਾਜ਼ਗੀ ਜ਼ਾਹਰ ਕੀਤੀ ਹੈ। ਬਾਅਦ ਵਿੱਚ ਪ੍ਰੋਫੈਸਰ ਨੇ ਗਲਤੀ ਮੰਨਦੇ ਹੋਏ ਮੁਆਫੀ ਮੰਗੀ। ਪਾਰਲੀਮੈਂਟ ਦੀ ਜੁਡੀਸ਼ਲ ਕਮੇਟੀ ਸਾਹਮਣੇ ਪੇਸ਼ ਹੋਈ ਪ੍ਰੋਫੈਸਰ ਪਾਮੇਲਾ ਐੱਸ ਕਾਰਲਨ ਨੇ ਸੰਵਿਧਾਨ ਦੇ ਤਹਿਤ ਰਾਸ਼ਟਰਪਤੀ ਨੂੰ ਮਿਲੇ ਅਧਿਕਾਰਾਂ ਦੀ ਚਰਚਾ ਕਰਦੇ ਹੋਏ ਇੱਕ ਵਾਰ ਟਰੰਪ ਦੇ ਬੇਟੇ ਬੈਰਨ ਦਾ ਨਾਂਅ ਲਿਆ। ਸੁਣਵਾਈ ਵਿੱਚ ਦੱਸਿਆ ਗਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਆਪਣੇ ਅਧਿਕਾਰ ਕਿਸੇ ਹੋਰ ਨੂੰ ਨਹੀਂ ਦੇ ਸਕਦੇ। ਰਾਸ਼ਟਰਪਤੀ ਤੇ ਬਾਦਸ਼ਾਹ ਵਿਚਾਲੇ ਇਹ ਗੱਲ ਸਾਰੇ ਫਰਕ ਨੂੰ ਸਪੱਸ਼ਟ ਕਰਦੀ ਹੈ।

## ਅਗਵਾ ਕੇਸ ਵਿੱਚ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਨੂੰ ਸੰਮਨ ਭੇਜਣ ਲਈ ਹਾਈ ਕੋਰਟ ਪੁੱਜਾ ਰੀਡਰ




ਚੰਡੀਗੜ੍ਹ, 8 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਨੂੰ ਬਾਬਾ ਚਰਨ ਸਿੰਘ (ਤਰਨ ਤਾਰਨ) ਵਾਲੇ ਸਮੇਤ ਛੇ ਜਣਿਆਂ ਦੇ ਅਗਵਾ ਕੇਸ ਵਿੱਚ ਸੰਪਮ ਭੇਜਣ ਦੀ ਮੰਗ ਲਈ ਉਨ੍ਹਾਂ ਦੇ ਰੀਡਰ ਰਹੇ ਸੁਖਦੇਵ ਰਾਜ ਜੋਸ਼ੀ ਵੱਲੋਂ ਦਾਖਲ ਪਟੀਸ਼ਨ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰਕੇ ਸੁਣਵਾਈ 16 ਦਸੰਬਰ ਉੱਤੇ ਪਾ ਦਿੱਤੀ ਹੈ। ਖੂਬੀ ਰਾਮ ਵਿਰੁੱਧ 1993 ਤੋਂ ਲਾਪਤਾ ਉਕਤ ਛੇ ਵਿਅਕਤੀਆਂ ਵਿੱਚੋਂ ਇੱਕ ਦੀ ਪਤਨੀ ਗੁਰਮੀਤ ਕੌਰ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਸੀ ਬੀ ਆਈ ਅਦਾਲਤ ਮੁਹਾਲੀ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਖੂਬੀ ਰਾਮ ਨੂੰ ਦੋਸ਼ੀ ਵਜੋਂ ਸੰਮਨ ਕਰਨ ਦੀ ਉਸ ਦੀ ਮੰਗ ਰੱਦ ਕੀਤੀ ਗਈ ਸੀ। ਇਸ ਦੀ ਸੁਣਵਾਈ ਵੀ ਕੱਲ੍ਹ ਹੀ ਹੋਣੀ ਸੀ, ਪਰ ਗੁਰਮੀਤ ਕੌਰ ਦੇ ਵਕੀਲ ਨਾ ਹੋਣ ਕਾਰਨ ਸੁਣਵਾਈ ਅੱਗੇ ਪਾ ਦਿੱਤੀ ਗਈ। ਹੁਣ ਜੋਸ਼ੀ ਤੇ ਗੁਰਮੀਤ ਕੌਰ ਦੇ ਮਾਮਲਿਆਂ ਦੀ ਸੁਣਵਾਈ ਇਕੱਠਿਆਂ ਹੋਵੇਗੀ।
ਇਸ ਕੇਸ ਬਾਰੇ ਗੁਰਮੀਤ ਕੌਰ ਦੇ ਵਕੀਲ ਨੇ ਦੱਸਿਆ ਕਿ ਬਾਬਾ ਚਰਨ ਸਿੰਘ ਸਮੇਤ ਛੇ ਜਣਿਆਂ ਨੂੰ ਪੁਲਸ ਨੇ ਚੁੱਕ ਲਿਆ ਸੀ ਤੇ ਉਸ ਵੇਲੇ ਖੂਬੀ ਰਾਮ ਤਰਨ ਤਾਰਨ ਵਿਖੇ ਐਸ ਪੀ ਆਪਰੇਸ਼ਨਜ਼ ਸੀ। ਗੁਰਮੀਤ ਕੌਰ ਦੇ ਪਤੀ ਤੇ ਬੇਟੇ ਨੂੰ ਵੀ ਚੁੱਕਿਆ ਗਿਆ ਤੇ 43 ਦਿਨ ਤੱਕ ਉਨ੍ਹਾਂ ਨੂੰ ਖੂਬੀ ਰਾਮ ਨੇ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਸੀ ਤੇ ਇਸ ਬਾਰੇ ਹੇਠਲੀ ਅਦਾਲਤ ਵਿੱਚ ਕੁਝ ਗਵਾਹਾਂ ਨੇ ਬਿਆਨ ਵੀ ਦਿੱਤੇ ਸਨ, ਪਰ ਇਸ ਕੇਸ ਵਿੱਚ ਸੀ ਬੀ ਆਈ ਵੱਲੋਂ ਖੂਬੀ ਰਾਮ ਦੇ ਪੀ ਏ ਰਹੇ ਇੱਕ ਮੁਲਾਜ਼ਮ ਨੂੰ ਹੀ ਦੋਸ਼ੀ ਬਣਾਇਆ ਹੈ, ਜਦੋਂ ਕਿ ਖੂਬੀ ਰਾਮ ਵੀ ਇਸ ਕੇਸ ਦਾ ਦੋਸ਼ੀ ਹੋਣਾ ਚਾਹੀਦਾ ਸੀ। ਇਸ ਦੇ ਬਾਅਦ ਖੂਬੀ ਰਾਮ ਦੇ ਪੀ ਏ ਨੇ ਹਾਈ ਕੋਰਟ ਪਹੁੰਚ ਕੀਤੀ ਹੈ ਕਿ ਉਹ ਰੀਡਰ ਸੀ ਤੇ ਉਸ ਦਾ ਕੰਮ ਕਲੈਰੀਕਲ ਸੀ ਅਤੇ ਇਸ ਤੋਂ ਬਿਨਾ ਟਰਾਇਲ ਕੋਰਟ ਵਿੱਚ ਸਾਹਮਣੇ ਆ ਚੁੱਕਾ ਹੈ ਕਿ ਲਾਪਤਾ ਵਿਅਕਤੀ ਖੂਬੀ ਰਾਮ ਦੀ ਹਿਰਾਸਤ ਵਿੱਚ ਸੀ ਤੇ ਇਨ੍ਹਾਂ ਦਾ ਉਸ (ਜੋਸ਼ੀ) ਨਾਲ ਕੋਈ ਲੈਣ ਦੇਣ ਨਹੀਂ ਸੀ, ਪਰ ਉਸ ਨੂੰ ਮੁਲਜ਼ਮ ਬਣਾ ਲਿਆ ਗਿਆ ਤੇ ਖੂਬੀ ਰਾਮ ਨੂੰ ਛੱਡ ਦਿੱਤਾ ਗਿਆ। ਇਸੇ ਉੱਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਹੋਇਆ ਹੈ।

## ਨੇਪਾਲ ਵਿੱਚ ਮਹਾਵਾਰੀ ਝੌਂਪੜੀ ਵਿੱਚ ਮਹਿਲਾ ਦੀ ਮੌਤ ਹੋਣ ਪਿੱਛੋਂ ਪਹਿਲੀ ਵਾਰ ਗ੍ਰਿਫਤਾਰੀ

ਕਾਠਮੰਡੂ, 8 ਦਸੰਬਰ (ਪੋਸਟ ਬਿਊਰੋ)- ਨੇਪਾਲ ਪੁਲਸ ਨੇ ਮਹਾਵਾਰੀ ਝੌਂਪੜੀ ਵਿੱਚ ਇੱਕ ਮਹਿਲਾ ਦੀ ਮੌਤ ਤੋਂ ਬਾਅਦ ਉਸ ਦੇ ਜੀਜੇ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਰਾਣੀ ਚੱਲ ਰਹੀ ਇਸ ਗੈਰ ਕਾਨੂੰਨੀ ਰਸਮ ਹੇਠ ਇਹ ਪਹਿਲੀ ਗ੍ਰਿਫਤਾਰੀ ਮੰਨੀ ਜਾ ਰਹੀ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਇਸ ਗ੍ਰਿਫਤਾਰੀ ਦੀ ਜਾਣਕਾਰੀ ਦਿੱਤੀ ਹੈ। ਅਸਲ ਵਿੱਚ ਨੇਪਾਲ ਵਿਚ ਵੱਖ-ਵੱਖ ਭਾਈਚਾਰੇ ਮਾਸਿਕ ਧਰਮ (ਮੰਥਲੀ ਪੀਰੀਅਡਸ) ਦੌਰਾਨ ਔਰਤਾਂ ਨੂੰ ਧਰਮ ਦੇ ਪੱਖ ਤੋਂ ਅਪਵਿੱਤਰ ਮੰਨਦੇ ਹਨ ਤੇ ਸਦੀਆਂ ਪੁਰਾਣੀ ਝੌਂਪੜੀ ਵਾਲੀ ਰੀਤੀ ਹੇਠ ਦੂਰ-ਦੁਰਾਡੇ ਕੁਝ ਇਲਾਕਿਆਂ ਵਿਚ ਉਨ੍ਹਾਂ ਨੂੰ ਘਰੋਂ ਬਾਹਰ ਝੌਂਪੜੀਆਂ ਵਿਚ ਰਹਿਣ ਨੂੰ ਮਜਬੂਰ ਕੀਤਾ ਜਾਂਦਾ ਹੈ। ਇਸ ਕੁਰੀਤੀ ਵਿਚ ਹਰ ਸਾਲ ਝੌਂਪੜੀ ਵਿਚ ਰਹਿਣ ਵਾਲੀਆਂ ਕਈ ਔਰਤਾਂ ਦੀ ਦਮ ਘੁਟਣ, ਸੱਪ ਲੜਨ ਜਾਂ ਜਾਨਵਰਾਂ ਦੇ ਹਮਲੇ ਕਾਰਨ ਮੌਤ ਹੋ ਜਾਂਦੀ ਹੈ। ਪਾਰਵਤੀ ਬੁਦਾ ਰਾਵਤ ਨਾਂਅ ਦੀ ਇਕ ਮਹਿਲਾ ਇਸ ਐਤਵਾਰ ਨੂੰ ਪੱਛਮੀ ਅਛਾਮ ਜ਼ਿਲੇ ਦੀ ਇਕ ਝੌਂਪੜੀ ਵਿਚ ਮਰੀ ਹੋਈ ਮਿਲੀ ਸੀ। ਦੱਸਿਆ ਗਿਆ ਕਿ ਉਸ ਦੀ ਮੌਤ ਝੌਂਪੜੀ ਨੂੰ ਗਰਮ ਰੱਖਣ ਵਾਸਤੇ ਲਾਈ ਅੱਗ ਦੇ ਧੂੰਏਂ ਤੋਂ ਦਮ ਘੁੱਟਣ ਨਾਲ ਹੋਈ ਹੋ ਸਕਦੀ ਹੈ। ਸਥਾਨਕ ਪੁਲਸ ਅਧਿਕਾਰੀ ਜਨਕ ਬਹਾਦੁਰ ਸ਼ਾਹੀ ਨੇ ਦੱਸਿਆ ਕਿ ਅਸੀਂ ਪੀੜਤਾ ਦੇ ਜੀਜੇ ਨੂੰ ਗ੍ਰਿਫਤਾਰ ਕੀਤਾ ਹੈ। ਸ਼ੱਕ ਹੈ ਕਿ ਉਹ ਵੀ ਪੀੜਤਾ ਨੂੰ ਝੌਂਪੜੀ ਵਿਚ ਰਹਿਣ ਲਈ ਮਜਬੂਰ ਕਰਨ ਵਾਲਿਆਂ ਵਿਚੋਂ ਸੀ।
ਝੌਂਪੜੀ ਰਸਮ ਦੇ ਖਿਲਾਫ ਕੰਮ ਕਰਦੀ ਕਾਰਕੁੰਨ ਰਾਧਾ ਪੌਡੇਲ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਇਹ ਇਸ ਤਰ੍ਹਾਂ ਦੇ ਕੇਸਾਂ ਵਿਚ ਪਹਿਲੀ ਗ੍ਰਿਫਤਾਰੀ ਹੈ। ਜੇ ਉਹ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਪਿਛਲੇ ਸਾਲ ਬਣਾਏ ਗਏ ਕਾਨੂੰਨ ਹੇਠ ਤਿੰਨ ਮਹੀਨੇ ਜੇਲ ਦੀ ਸਜ਼ਾ ਹੋ ਸਕਦੀ ਹੈ ਤੇ ਤਿੰਨ ਹਜ਼ਾਰ ਰੁਪਏ ਜੁਰਮਾਨਾ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੁਲਸ ਦੀ ਹਾਂ ਪੱਖੀ ਸਰਗਰਮੀ ਨਾਲ ਲੋਕਾਂ ਨੂੰ ਇਸ ਰਸਮ ਦਾ ਪਾਲਨ ਕਰਨ ਤੋਂ ਰੋਕਣ ਵਿਚ ਮਦਦ ਮਿਲੇਗੀ, ਪਰ ਇਸ ਦਾ ਅੰਤ ਹੋਣ ਨੂੰ ਅਜੇ ਸਮਾਂ ਲੱਗੇਗਾ। ਰਾਵਤ ਦੀ ਮੌਤ ਇਸ ਸਾਲ ਵਿੱਚ ਘੱਟੋ-ਘੱਟ ਤੀਜੀ ਮੌਤ ਹੈ। ਇਸ ਤੋਂ ਪਹਿਲਾਂ ਗੁਆਂਢੀ ਜ਼ਿਲਿਆਂ ਵਿਚ ਇਨ੍ਹਾਂ ਝੌਂਪੜੀਆਂ ਵਿਚ ਦਮ ਘੁੱਟਣ ਨਾਲ ਦੋ ਔਰਤਾਂ ਦੀ ਮੌਤ ਹੋ ਚੁੱਕੀ ਹੈ। ਪੌਡੇਲ ਨੇ ਕਿਹਾ ਕਿ ਕਈ ਵਾਰ ਮੌਤ ਦੇ ਕੇਸ ਬਾਹਰ ਨਹੀਂ ਆਉਂਦੇ ਅਤੇ ਜਿਹੜੇ ਸਾਹਮਣੇ ਆਉਂਦੇ ਹਨ, ਉਨ੍ਹਾਂ ਵਿਚ ਅਧਿਕਾਰੀ ਪਰਿਵਾਰ ਦੇ ਮੈਂਬਰਾਂ ਨਾਲ ਹਮਦਰਦੀ ਰੱਖਦੇ ਹਨ। ਝੌਂਪੜੀ ਰਸਮ ਨੂੰ 2005 ਵਿਚ ਗੈਰਕਾਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ, ਪਰ ਨੇਪਾਲ ਦੇ ਕਈ ਇਲਾਕਿਆਂ ਖਾਸ ਕਰਕੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਇਹ ਕੁਪ੍ਰਥਾ ਅਜੇ ਵੀ ਜਾਰੀ ਹੈ।

## ਵਿਧਾਇਕਾ ਬਲਜਿੰਦਰ ਕੌਰ ਦੇ ਦੋਹਰੀ ਵੋਟ ਕੇਸ ਦੀ ਅਗਲੀ ਪੇਸ਼ੀ 18 ਨੂੰ



ਬਠਿੰਡਾ, 8 ਦਸੰਬਰ (ਪੋਸਟ ਬਿਊਰੋ)- ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਵੱਲੋਂ ਦੋਹਰੀ ਵੋਟ ਬਣਾਉਣ ਦੇ ਕੇਸ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸਬੂਤ ਪੇਸ਼ ਕਰਨ ਲਈ ਇੱਕ ਹਫਤੇ ਦਾ ਸਮਾਂ ਦਿੱਤਾ ਹੈ।
ਹਾਈ ਕੋਰਟ ਦੇ ਜਸਟਿਸ ਰਾਜਨ ਗੁਪਤਾ ਤੇ ਜਸਟਿਸ ਕਰਮਜੀਤ ਸਿੰਘ ਨੇ ਆਰ ਟੀ ਆਈ ਵਰਕਰ ਹਰਮਿਲਾਪ ਗਰੇਵਾਲ ਵੱਲੋਂ ਪਾਈ ਪਟੀਸ਼ਨ ਦੀ ਸੁਣਵਾਈ ਕਰਦਿਆਂ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਕੇਸ ਵਿੱਚ ਕੋਈ ਹੋਰ ਜਾਣਕਾਰੀ ਦੇਣਾ ਚਾਹੁੰਦਾ ਹੈ ਤਾਂ ਇੱਕ ਹਫਤੇ ਵਿੱਚ ਦੇ ਦੇਵੇ। ਪੰਜਾਬ ਹਰਿਆਣਾ ਹਾਈਕੋਰਟ ਨੇ ਇਸ ਕੇਸ ਦੀ ਆਖਰੀ ਸੁਣਵਾਈ ਲਈ 18 ਦਸੰਬਰ 2019 ਤੈਅ ਕੀਤੀ ਹੈ। ਵਰਨਣ ਯੋਗ ਹੈ ਕਿ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੇ ਆਪਣੇ ਪਿੰਡ ਵਿੱਚ ਦੋਹਰੀ ਵੋਟ ਬਣਾਈ ਸੀ। ਇਸ ਉੱਤੇ ਆਰ ਟੀ ਆਈ ਵਰਕਰ ਹਰਮਿਲਾਪ ਗਰੇਵਾਲ ਨੇ ਪੰਜਾਬ ਦੇ ਚੋਣ ਕਮਿਸ਼ਨ ਅਤੇ ਉਸ ਸਮੇਂ ਦੇ ਤਲੰਵਡੀ ਸਾਬੋ ਦੇ ਚੋਣ ਅਧਿਕਾਰੀ ਨੂੰ ਸਬੂਤਾਂ ਸਮੇਤ ਸ਼ਿਕਾਇਤ ਦਿੱਤੀ ਸੀ। ਤਲੰਵਡੀ ਸਾਬੋ ਦੇ ਐਸ ਡੀ ਐਮ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਭੇਜੀ ਰਿਪੋਰਟ ਵਿੱਚ ਬਲਜਿੰਦਰ ਕੌਰ ਨੂੰ ਦੋਹਰੀ ਵੋਟ ਬਣਾਉਣ ਤੇ ਚੋਣ ਕਮਿਸ਼ਨ ਨੂੰ ਗਲਤ ਜਾਣਕਾਰੀ ਦੇਣ ਦਾ ਜ਼ਿਕਰ ਕੀਤਾ ਸੀ। ਇਹ ਰਿਪੋਰਟ 8 ਫਰਵਰੀ, 2018 ਨੂੰ ਸੌਂਪੀ ਗਈ ਸੀ। ਹਰਮਿਲਾਪ ਗਰੇਵਾਲ ਦੇ ਵਕੀਲ ਜਜਪ੍ਰੀਤ ਸਿੰਘ ਦੇ ਮੁਤਾਬਕ 18 ਦਸੰਬਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਇਸ ਕੇਸ ਦਾ ਨਿਪਟਾਰਾ ਕਰ ਦੇਵੇਗੀ।

## ਸਾਬਕਾ ਅਕਾਲੀ ਵਿਧਾਇਕ ਲੋਪੋਕੇ ਦੇ ਪੁੱਤਰ ਨੇ ਨਾਬਾਲਗ ਮੁੰਡਾ ਕੁੱਟ ਦਿੱਤਾ



ਅੰਮ੍ਰਿਤਸਰ, 8 ਦਸੰਬਰ (ਪੋਸਟ ਬਿਊਰੋ)- ਅਕਾਲੀ ਨੇਤਾ ਤੇ ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਦੇ ਬੇਟੇ ਰਣਬੀਰ ਸਿੰਘ ਉਰਫ ਰਾਣਾ ਨੇ ਆਦਰਸ਼ ਨਗਰ ਇਲਾਕੇ 'ਚ ਆਪਣੇ ਸਾਥੀਆਂ ਨਾਲ ਮਿਲ ਕੇ 10ਵੀਂ ਜਮਾਤ 'ਚ ਪੜ੍ਹਦੇ 16 ਸਾਲਾ ਬੱਚੇ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ। ਸਾਬਕਾ ਵਿਧਾਇਕ ਦੇ ਪੁੱਤਰ ਰਾਣਾ ਦਾ ਕਹਿਣਾ ਸੀ ਕਿ ਪੀੜਤ ਨੇ ਉਸ ਨੂੰ ਗੱਡੀ ਨਾਲ ਟੱਕਰ ਮਾਰੀ ਹੈ, ਜਦ ਕਿ ਪੀੜਤ ਨੂੰ ਹਾਲੇ ਗੱਡੀ ਵੀ ਚਲਾਉਣੀ ਨਹੀਂ ਆਉਂਦੀ।
ਇਹ ਘਟਨਾ ਦੋ ਦਸੰਬਰ ਦੇਰ ਸ਼ਾਮ ਦੀ ਹੈ। ਰੌਲਾ ਪੈਂਦਾ ਸੁਣ ਕੇ ਜਦੋਂ ਪੀੜਤ ਦੇ ਪਿਤਾ ਹਰਜਿੰਦਰ ਸਿੰਘ ਆਏ ਤਾਂ ਰਾਣੇ ਨੇ ਉਨ੍ਹਾਂ ਨਾਲ ਵੀ ਮਾਰਕੁੱਟ ਕੀਤੀ ਅਤੇ ਉਨ੍ਹਾਂ ਦੀ ਪੱਗ ਵੀ ਉਤਾਰ ਦਿੱਤੀ। ਜਦੋਂ ਆਲੇ-ਦੁਆਲੇ ਦੇ ਲੋਕ ਇਕੱਠੇ ਹੋਏ ਤਾਂ ਰਾਣਾ ਫਰਾਰ ਹੋ ਗਿਆ। ਹਰਜਿੰਦਰ ਸਿੰਘ ਨੇ ਇਸ ਦੀ ਸੂਚਨਾ ਥਾਣਾ ਕੰਟੋਨਮੈਂਟ ਨੂੰ ਦਿੱਤੀ। ਪੁਲਸ ਨੇ ਰਾਣਾ ਤੇ ਉਸ ਦੇ ਸਾਥੀਆਂ ਹਨੀ, ਡਰਾਈਵਰ ਤੇ ਇੱਕ ਹੋਰ ਅਣਪਛਾਤੇ ਖਿਲਾਫ ਕੇਸ ਦਰਜ ਕਰ ਲਿਆ ਹੈ ਤੇ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।
ਪੀੜਤ ਬੱਚੇ ਦੇ ਪਿਤਾ ਹਰਜਿੰਦਰ ਸਿੰਘ ਸਰਕਾਰੀ ਅਧਿਆਪਕ ਹਨ ਅਤੇ ਦੋ ਦਸੰਬਰ ਦੀ ਸ਼ਾਮ ਉਹ ਆਪਣੇ ਘਰ ਵਿੱਚ ਹੀ ਸਨ। ਇਸੇ ਦੌਰਾਨ ਉਨ੍ਹਾਂ ਨੂੰ ਘਰ ਦੇ ਬਾਹਰ ਰੌਲਾ ਸੁਣਾਈ ਦਿੱਤਾ। ਬਾਹਰ ਉਸ ਦੇ ਬੇਟੇ ਦਾ ਨਾਂ ਲੈ ਕੇ ਕੋਈ ਗਾਲਾਂ ਕੱਢ ਰਿਹਾ ਸੀ। ਜਦੋਂ ਉਹ ਬਾਹਰ ਗਏ ਤੇ ਰਾਣਾ ਤੇ ਉਸ ਦੇ ਸਾਥੀ ਉਸ ਦੇ ਬੇਟੇ ਦੀ ਕੁੱਟਮਾਰ ਕਰ ਰਹੇ ਸਨ। ਇੱਕ ਦੋਸ਼ੀ ਕੜੇ ਨਾਲ ਸਿਰ ਉਤੇ ਸੱਟਾਂ ਮਾਰ ਰਿਹਾ ਸੀ। ਉਹ ਬਚਾਅ ਕਰਨ ਲੱਗੇ ਤਾਂ ਦੋਸ਼ੀਆਂ ਨੇ ਉਨ੍ਹਾਂ 'ਤੇ ਵੀ ਹਮਲਾ ਕਰ ਕੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਦੀ ਪੱਗ ਵੀ ਡਿੱਗ ਗਈ।
ਜਾਂਚ ਅਧਿਕਾਰੀ ਏ ਐਸ ਆਈ ਬਲਬੀਰ ਸਿੰਘ ਨੇ ਕਿਹਾ ਕਿ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਮੁਲਜ਼ਮ ਘਰੋਂ ਫਰਾਰ ਹਨ, ਛੇਤੀ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887,
ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887,
ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਟੋਰਾਂਟੋ ਵਿੱਚ 'ਬੈਂਡ ਇਟ ਲਾਈਕ ਬੈਕਮ'

ਇੰਗਲੈਂਡ ਦੀ ਜੰਮਪਲ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਪੰਜਾਬੀ ਮੂਲ ਦੀ ਫਿਲਮ ਡਾਇਰੈਕਟਰ ਗੁਰਿੰਦਰ ਚੱਢਾ ਦੀ 2002 ਵਿੱਚ ਆਈ ਫਿਲਮ 'ਬੈਂਡ ਇਟ ਲਾਈਕ ਬੈਕਮ' ਨੂੰ ਕੌਣ ਨਹੀਂ ਜਾਣਦਾ। ਇਸਨੂੰ ਕੁਦਰਤ ਦੀ ਖੇਡ ਹੀ ਆਖਿਆ ਜਾ ਸਕਦਾ ਹੈ ਕਿ 17 ਸਾਲ ਬਾਅਦ ਇਸ ਫਿਲਮ ਦੀ ਸਟੇਜ ਪਰਫਾਰਮੈਂਸ ਕਰਨ ਲਈ ਗੁਰਿੰਦਰ ਚੱਢਾ ਟੋਰਾਂਟੋ ਆ ਰਹੀ ਹੈ ਜਿਸਦੇ ਸਟੇਜ ਸ਼ੋਅ ਅੱਜ ਕੱਲ ਟੋਰਾਂਟੋ ਵਿੱਚ ਹੋ ਰਹੇ ਹਨ। ਵਿਸ਼ਵ ਭਰ ਵਿੱਚ ਸਫ਼ਲਤਾ ਦੇ ਰਿਕਾਰਡ ਤੋੜਨ ਵਾਲੀ ਇਸ ਫਿਲਮ ਵਿੱਚ ਕੇਂਦਰੀ ਪਾਤਰ 18 ਸਾਲ ਦੀ ਉਸ ਪੰਜਾਬੀ ਲੜਕੀ ਦਾ ਹੈ ਜੋ ਫੁੱਟਬਾਲ ਖੇਡਣ ਕੇ ਸਫ਼ਲਤਾ ਦੀਆਂ ਬੁਲੰਦੀਆਂ ਛੂਹਣਾ ਚਾਹੁੰਦੀ ਹੈ। ਦੂਜੇ ਪਾਸੇ ਉਸਦਾ ਪਿਤਾ ਇਹ ਆਖ ਕੇ ਉਸਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ ਕਿ, 'ਸਾਨੂੰ ਵੱਡੇ ਸੁਪਨੇ ਨਹੀਂ ਵੇਖਣੇ ਚਾਹੀਦੇ'। ਬੇਟੀ ਦੇ ਸੁਪਨਿਆਂ ਉੱਤੇ ਪਿਤਾ ਦਾ ਬਰੇਕਾਂ ਲਾਉਣਾ ਨਸਲਵਾਦ ਨਾਲ ਸਿੱਝਣ ਦੇ ਉਸਦੇ ਨਿੱਜੀ ਅਨੁਭਵ ਵਿੱਚ ਉਪਜਦਾ ਹੈ ਜਿਸਦੇ ਸਿੱਟੇ ਵਜੋਂ ਪਿਤਾ ਦੀ ਧਾਰਨਾ ਬਣ ਚੁੱਕੀ ਸੀ ਕਿ ਰੰਗਦਾਰ ਵਿਅਕਤੀਆਂ ਨੂੰ ਬਾਹਰਲੇ ਮੁਲਕਾਂ ਵਿੱਚ ਵੱਡੇ ਸੁਪਨੇ ਨਹੀਂ ਵੇਖਣੇ ਚਾਹੀਦੇ।

ਇਸ ਫਿਲਮ ਦਾ ਸਟੇਜ ਸ਼ੋਅ (ਡਰਾਮਾ) ਬਣਾ ਕੇ ਟੋਰਾਂਟੋ ਵਿੱਚ ਉਸ ਵੇਲੇ ਆਉਣਾ ਸੰਕੇਤਕ ਹੈ ਜਦੋਂ ਪੀਲ ਡਿਸਟਰਿਕਟ ਸਕੂਲ ਬੋਰਡ ਦੇ ਇਤਿਹਾਸ ਵਿੱਚ ਪਹਿਲੀ ਵਾਰ ਐਸੋਸੀਏਟ ਡਾਇਰੈਕਟਰ ਦੇ ਅਹੁਦੇ ਉੱਤੇ ਪੁੱਜਣ ਵਾਲੀ ਪੰਜਾਬਣ ਪੋਲੀਨ ਗਰੇਵਾਲ ਨੇ ਬੋਰਡ ਖਿਲਾਫ਼ ਮਨੁੱਖੀ ਅਧਿਕਾਰ ਟ੍ਰਿਬਿਊਨਲ ਵਿੱਚ ਉਸਨੂੰ ਨਸਲਵਾਦ ਦਾ ਸ਼ਿਕਾਰ ਬਣਾਉਣ ਕਾਰਣ ਸਿਕਾਇਤ ਦਾਖ਼ਲ ਕੀਤੀ ਹੋਈ ਹੈ। ਦਿਲਚਸਪ ਗੱਲ ਇਹ ਹੈ ਕਿ ਮਿਸ ਗਰੇਵਾਲ ਦੇ ਸ਼ਿਕਾਇਤ ਕਰਨ ਤੋਂ ਬਾਅਦ ਹੁਣ ਬੋਰਡ ਦੇ ਡਾਇਰੈਕਟਰ ਨੇ ਉਸ ਖਿਲਾਫ਼ ਜਾਂਚ ਪੜਤਾਲ ਦੇ ਹੁਕਮ ਚੜਾ ਦਿੱਤੇ ਹਨ। ਸੋ ਪੀਲ ਸਕੂਲ ਬੋਰਡ ਅੱਜ ਕੱਲ ਤਿੰਨ ਧਿਰੀ ਜੰਗ ਵਿੱਚ ਉਲਝਿਆ ਹੋਇਆ ਹੈ। ਮਿਸ ਗਰੇਵਾਲ ਦੀ ਮਨੁੱਖੀ ਅਧਿਕਾਰ ਟ੍ਰਿਬਿਊਨਲ ਵਿੱਚ ਸ਼ਿਕਾਇਤ, ਬੋਰਡ ਦੀ ਮਿਸ ਗਰੇਵਾਲ ਵਿਰੁੱਧ ਕਿਸੇ ਅਣਪਛਾਤੀ ਸ਼ਿਕਾਇਤ (anonymous complaint) ਦੇ ਆਧਾਰ ਉੱਤੇ ਜਾਂਚ ਅਤੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਕੂਲ ਬੋਰਡ ਦੀਆਂ ਮਨੁੱਖੀ ਸ੍ਰੋਤਾਂ, ਲੀਡਰਸ਼ਿੱਪ ਅਤੇ ਕੰਮਕਾਜ ਦੀਆਂ ਵਿਧੀਆਂ ਦਾ ਗੰਭੀਰਤਾ ਨਾਲ ਮੁਆਇਨਾ ਕਰਨ ਦੇ ਹੁਕਮ ਦੇਣਾ।

ਪ੍ਰੋਵਿੰਸ਼ੀਅਲ ਸਰਕਾਰ ਨੇ ਉਂਟੇਰੀਓ ਵਿੱਚ ਸੱਭ ਤੋਂ ਵੱਡੇ ਪਬਲਿਕ ਸਕੂਲ ਬੋਰਡ ਦਾ ਮੁਆਇਨਾ ਕਰਨ ਲਈ ਸਾਬਕਾ ਡਿਪਟੀ ਮਿਨਿਸਟਰ ਸੁਜ਼ੈਨ ਹਰਬਰਟ ਅਤੇ ਮਨੁੱਖੀ ਅਧਿਕਾਰ ਵਕੀਲ ਐਨਾ ਚੱਢਾ ਨੂੰ ਬੇਨਤੀ ਕੀਤੀ ਹੈ। ਪੀਲ ਸਕੂਲ ਬੋਰਡ ਕੋਲ 217 ਐਲੀਮੈਂਟਰੀ ਅਤੇ 42 ਸੈਕੰਡਰੀ ਸਕੂਲਾਂ ਨੂੰ ਸੰਭਾਲਣ ਦੀ ਜੁੰਮੇਵਾਰੀ ਹੈ ਜਿਹਨਾਂ ਵਿੱਚ 1 ਲੱਖ 55 ਹਜ਼ਾਰ ਬੱਚੇ ਪੜਦੇ ਹਨ। ਪੀਲ ਵਿੱਚ 50% ਤੋਂ ਜ਼ਿਆਦਾ ਲੋਕ ਰੰਗਦਾਰ ਹਨ ਜਿਹਨਾਂ ਵਿੱਚ ਬਹੁ-ਗਿਣਤੀ ਸਾਊਥ ਏਸ਼ੀਅਨ, ਬਲੈਕ, ਅਰਬ ਅਤੇ ਚੀਨੀ ਮੂਲ ਦੇ ਹਨ।

ਬੈਂਡ ਇਟ ਲਾਈਕ ਬੈਕਮ ਵਿੱਚ ਮੁੱਖ ਹੀਰੋਇਨ ਦੀ ਕਮਾਲਦਾਰ ਭੂਮਿਕਾ ਪਰਮਿੰਦਰ ਕੌਰ ਨਾਗਰਾ ਨੇ ਨਿਭਾਈ ਸੀ ਜਦੋਂ ਕਿ ਸਾਈਡ ਹੀਰੋਇਨ ਦਾ ਰੋਲ ਕੇਈਰਾ ਕ੍ਰਿਸਟਿਨਾ ਨਾਈਟਲੀ (Keira Christina Knightle) ਨੇ ਨਿਭਾਇਆ ਸੀ। ਬਾਅਦ ਵਿੱਚ ਕੇਈਰਾ ਨਾਈਟਲੀ ਦਾ ਕੈਰੀਅਰ ਬੇਹੱਦ ਉਚਾਈਆਂ ਨੂੰ ਛੂਹਣ ਲੱਗਾ ਜਦੋਂ ਕਿ ਪਰਮਿੰਦਰ ਨਾਗਰਾ ਨੂੰ ਮੁਕਾਬਲੇ ਵਿੱਚ ਬਹੁਤ ਘੱਟ ਸਫ਼ਲਤਾ ਮਿਲੀ। ਸੋਸ਼ਲ ਸਾਇੰਸਦਾਨਾਂ ਦਾ ਮੰਨਣਾ ਹੈ ਕਿ ਮੁੱਖ ਧਾਰਾ ਵਿੱਚ ਪੈਰ ਜਮਾਉਣ ਲਈ ਰੰਗਦਾਰ ਚੱਮੜੀ ਉਸ ਲਿਹਾਜ਼ ਨਾਲ ਨਹੀਂ ਵਿਕਦੀ ਜਿੰਨੀ ਉਹਨਾਂ ਵਿੱਚ ਕਾਬਲੀਅਤ ਹੁੰਦੀ ਹੈ। ਗੁਰਿੰਦਰ ਚੱਢਾ ਮੁਤਾਬਕ ਬੇਸ਼ੱਕ ਹੁਣ ਅਸੀਂ 'ਮੇਨਸਟਰੀਮ' ਹਾਂ ਪਰ ਤਾਂ ਵੀ ਹਾਲੇ ਨਹੀਂ ਹਾਂ। ਮਿਸੀਸਾਗਾ ਨਿਵਾਸੀ ਪ੍ਰਸਿੱਧ ਬਾਸਕਟਬਾਲ ਖਿਡਾਰੀ ਅਤੇ ਕਮੈਂਟੇਟਰ ਡੌਨ ਚੈਰੀ ਦਾ ਰੀਮੈਂਬਰੈਂਸ ਡੇਅ ਸਬੰਧੀ ਪਰਵਾਸੀਆਂ ਨੂੰ 'You people' ਆਖ ਕੇ ਨਿਸ਼ਾਨਾ ਬਣਾਉਣ ਨੂੰ ਇਸੇ ਲੜੀ ਦੇ ਹਿੱਸੇ ਵਜੋਂ ਵੇਖਿਆ ਜਾ ਸਕਦਾ ਹੈ।

ਸਹੀ ਹੈ ਕਿ ਯੂ ਟਿਊਬ ਨੇ ਲਿੱਲੀ ਸਿੰਘ, ਸਿਆਸਤ ਨੇ ਜਗਮੀਤ ਸਿੰਘ, ਹਰਜੀਤ ਸੱਜਣ, ਨਵਦੀਪ ਬੈਂਸ ਅਤੇ ਕਾਰਪੋਰੇਟ ਵਰਲਡ ਨੇ ਸਰਬਜੀਤ ਸਿੰਘ ਮਰਵਾਹਾ ਵਰਗੇ ਲੋਕ ਸਾਡੀ ਕਮਿਉਨਿਟੀ ਵਿੱਚੋਂ ਪੈਦਾ ਕਰਕੇ ਕੈਨੇਡਾ ਨੂੰ ਦਿੱਤੇ ਹਨ ਪਰ ਹਾਲੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਅਜਿਹਾ ਕਰਨਾ ਜਿਸ ਬਦੌਲਤ ਸਾਡੀ ਨਵੀਂ ਪੀੜੀ ਦੇ ਬੱਚੇ ਸੱਚ ਮੁੱਚ ਆਪਣੀਆਂ ਇੱਛਾਵਾਂ ਅਤੇ ਉਦੇਸ਼ਾਂ ਨੂੰ 'ਬੈਂਡ ਇਟ ਲਾਈਕ ਬੈਕਮ' ਕਰ ਸੱਕਣ। ਇਸ ਜਦੋ ਜਹਿਦ ਵਿੱਚ ਸਾਨੂੰ ਉਹਨਾਂ ਹਜ਼ਾਰਾਂ ਲੱਖਾਂ ਬੱਚਿਆਂ ਅਤੇ ਮਾਪਿਆਂ ਦੀਆਂ ਆਸ਼ਾਵਾਂ ਨੂੰ ਸਾਹਮਣੇ ਰੱਖਣਾ ਹੋਵੇਗਾ ਜੋ ਹਰ ਸਾਲ ਵਹੀਰਾਂ ਘੱਤ ਕੈਨੇਡਾ ਵਿੱਚ ਨਵੇਂ ਆਉਂਦੇ ਹਨ ਸਮੇਤ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੇ ਜੋ ਆਪਣਿਆਂ ਭਾਵ ਸਾਊਥ ਏਸ਼ੀਅਨ ਬਿਜਨਸਾਂ ਹੱਥੋਂ ਹੀ ਸੋਸ਼ਣ ਦਾ ਸ਼ਿਕਾਰ ਹੋਣ ਲਈ ਮਸ਼ਹੂਰ ਹੋ ਚੁੱਕੇ ਹਨ।

## ਓਨਟਾਰੀਓ ਹੈਲਥ ਟੀਮਜ਼ ਜਲਦ ਸ਼ੁਰੂ ਕਰਨਗੀਆਂ ਆਪਣਾ ਕੰਮ : ਪ੍ਰਭਮੀਤ ਸਰਕਾਰੀਆ

...ਪੰਨਾ 1 ਦਾ ਬਾਕੀ

ਤੋਂ ਐਮਪੀਪੀ ਅਮਰਜੋਤ ਸੰਧੂ ਨਾਲ ਰਲ ਕੇ ਕੁਈਨ ਸਕੁਏਅਰ ਫੈਮਿਲੀ ਹੈਲਥ ਟੀਮ ਆਫਿਸਿਜ਼ ਤੋਂ ਡਿਪਟੀ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦੇ ਪੱਖ ਉੱਤੇ ਇਹ ਐਲਾਨ ਕੀਤਾ ਕਿ ਬਰੈਂਪਟਨ/ਇਟੋਬੀਕੋ ਤੇ ਏਰੀਆ ਓਨਟਾਰੀਓ ਹੈਲਥ ਟੀਮ ਪ੍ਰੋਵਿੰਸ ਦੀਆਂ ਉਨ੍ਹਾਂ 24 ਟੀਮਾਂ ਵਿੱਚੋਂ ਪਹਿਲੀ ਹੈ ਜਿਹੜੀ ਹੈਲਥ ਕੇਅਰ ਮੁਹੱਈਆ ਕਰਵਾਉਣ ਦੇ ਨਵੇਂ ਮਾਡਲ ਨੂੰ ਲਾਗੂ ਕਰੇਗੀ। ਇਸ ਨਾਲ ਮਰੀਜ਼ ਤੇ ਹੈਲਥ ਕੇਅਰ ਮੁਹੱਈਆ ਕਰਵਾਉਣ ਵਾਲੇ ਇੱਕ ਦੂਜੇ ਨਾਲ ਬਿਹਤਰ ਢੰਗ ਨਾਲ ਜੁੜ ਸਕਣਗੇ। ਓਨਟਾਰੀਓ ਹੈਲਥ ਟੀਮ ਰਾਹੀਂ ਮਰੀਜ਼ ਇੱਕ ਹੈਲਥ ਪ੍ਰੋਵਾਈਡਰ ਤੋਂ ਦੂਜੇ ਤੱਕ ਆਸਾਨੀ ਨਾਲ ਜੁੜ ਸਕਣਗੇ।

ਬਰੈਂਪਟਨ ਸਾਊਥ ਤੋਂ ਐਮਪੀਪੀ ਤੇ ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਮੰਤਰੀ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਬਰੈਂਪਟਨ ਭਰ ਦੇ ਪਰਿਵਾਰ ਅਜਿਹੀ ਮਿਆਰੀ ਹੈਲਥ ਕੇਅਰ ਦੇ ਹੱਕਦਾਰ ਹਨ ਜਿਹੜੀ ਅੱਜ ਦੇ ਜ਼ਮਾਨੇ ਵਿੱਚ ਕਮਿਊਨਿਟੀ ਦੀ ਲੋੜ ਬਣ ਚੁੱਕੀ ਹੈ। ਉਨ੍ਹਾਂ ਆਖਿਆ ਕਿ ਅੱਜ ਵਾਲੇ ਐਲਾਨ ਨਾਲ ਅਸੀਂ ਬਰੈਂਪਟਨ ਵਾਸੀਆਂ ਲਈ ਹਾਲਵੇਅ ਹੈਲਥਕੇਅਰ ਖ਼ਤਮ ਕਰਨ ਤੇ ਆਪਣੀ ਕਮਿਊਨਿਟੀ ਲਈ ਸਿਹਤ ਸੁਧਾਰ ਦੇ ਬਿਹਤਰ ਨਤੀਜਿਆਂ ਵੱਲ ਵੱਧ ਗਏ ਹਾਂ।

ਐਲੀਅਟ ਨੇ ਆਖਿਆ ਕਿ ਓਨਟਾਰੀਓ ਵਿੱਚ ਹੈਲਥ ਕੇਅਰ ਲਈ ਇਹ ਬਿਹਤਰ ਸਮਾਂ ਹੈ। ਅਸੀਂ ਲੰਮੇਂ ਸਮੇਂ ਤੋਂ ਚੱਲੇ ਆ ਰਹੇ ਉਨ੍ਹਾਂ ਅੜਿੱਕਿਆਂ ਨੂੰ ਖਤਮ ਕਰਨ ਵਿੱਚ ਕਾਮਯਾਬ ਹੋ ਰਹੇ ਹਾਂ ਜਿਨ੍ਹਾਂ ਕਾਰਨ ਕੇਅਰ ਮੁਹੱਈਆ ਕਰਵਾਉਣ ਵਾਲੇ ਮਰੀਜ਼ਾਂ ਨਾਲ ਰਲ ਕੇ ਸਿੱਧੇ ਤੌਰ ਉੱਤੇ ਉਨ੍ਹਾਂ ਦਾ ਇਲਾਜ



ਕਰਨ ਤੋਂ ਵਾਂਝੇ ਰਹਿ ਰਹੇ ਸਨ। ਉਨ੍ਹਾਂ ਆਖਿਆ ਕਿ ਆਪਣੇ ਹੈਲਥ ਕੇਅਰ ਭਾਈਵਾਲਾਂ ਨਾਲ ਰਲ ਕੇ ਅਸੀਂ ਹਾਲਵੇਅ ਹੈਲਥ ਕੇਅਰ ਨੂੰ ਖਤਮ ਕਰਨ ਤੇ ਨਵਾਂ ਅਤੇ ਟਿਕਾਊ ਪਬਲਿਕ ਹੈਲਥ ਕੇਅਰ ਸਿਸਟਮ ਸ਼ੁਰੂ ਕਰਨ ਵੱਲ ਵੱਧ ਰਹੇ ਹਾਂ।

ਬਰੈਂਪਟਨ, ਇਟੋਬੀਕੋ ਤੇ ਏਰੀਆ ਓਨਟਾਰੀਓ ਹੈਲਥ ਟੀਮ ਮਜ਼ਬੂਤ ਕੇਅਰ ਹੱਬ ਕਾਇਮ ਕਰਨ ਉੱਤੇ ਧਿਆਨ ਕੇਂਦਰਿਤ ਕਰੇਗੀ। ਜੋ ਕਿ ਮਰੀਜ਼ਾਂ, ਕੇਅਰ ਮੁਹੱਈਆ ਕਰਵਾਉਣ ਵਾਲਿਆਂ ਦੀ ਪਹੁੰਚ ਹੈਲਥ ਤੇ ਸੋਸ਼ਲ ਸਰਵਿਸਿਜ਼ ਤੱਕ ਕਰਾਵੇਗਾ। ਇਸ ਤਰ੍ਹਾਂ ਦੀ ਮਦਦ 24 ਘੰਟੇ ਮਰੀਜ਼ਾਂ ਨੂੰ ਮੁਹੱਈਆ ਕਰਾਈ ਜਾਵੇਗੀ। ਇਸ ਨਾਲ ਮਰੀਜ਼ਾਂ ਨੂੰ ਆਪਣੀ ਤਕਲੀਫ ਵਾਰੀ ਵਾਰੀ ਸਾਰਿਆਂ ਨੂੰ ਨਹੀਂ ਸੁਣਾਉਣੀ ਹੋਵੇਗੀ। ਇਹ ਯਕੀਨੀ ਬਣਾਇਆ ਜਾਵੇਗਾ ਕਿ ਮਰੀਜ਼ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਲਈ ਜ਼ਿੰਦਗੀ ਭਰ ਉਸ ਦਾ ਇਲਾਜ ਬਿਨਾਂ ਕਿਸੇ ਮੁਸ਼ਕਲ ਦੇ ਚੱਲਦਾ ਰਹਿ ਸਕੇ।

ਐਲੀਅਟ ਨੇ ਆਖਿਆ ਕਿ ਸਾਡੇ ਇਸ ਨਵੇਂ ਉਪਰਾਲੇ ਨਾਲ ਮਰੀਜ਼ਾਂ ਨੂੰ ਬਿਹਤਰ ਇਲਾਜ ਮਿਲੇਗਾ। ਉਨ੍ਹਾਂ ਹੈਲਥ ਕੇਅਰ ਪ੍ਰੋਵਾਈਡਰਜ਼ ਤੇ ਸੰਸਥਾਵਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਏਰੀਆ ਓਨਟਾਰੀਓ ਹੈਲਥ ਟੀਮ ਦੇ ਨਿਰਮਾਣ ਵਿੱਚ ਯੋਗਦਾਨ ਪਾਇਆ। ਉਨ੍ਹਾਂ ਆਖਿਆ ਕਿ ਅਜੇ ਇਸ ਪਾਸੇ ਕਾਫੀ ਕੰਮ ਹੋਣਾ ਬਾਕੀ ਹੈ ਪਰ ਮਿਹਨਤ ਤੇ ਸਮਰਪਣ ਭਾਵਨਾ ਨਾਲ ਅਸੀਂ ਹੈਲਥ ਕੇਅਰ ਵਿੱਚ ਸੁਧਾਰ ਕਰਨਾ ਜਾਰੀ ਰੱਖਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਏਰੀਆ ਓਨਟਾਰੀਓ ਹੈਲਥ ਟੀਮ 24/7 ਨੇਵੀਗੇਸ਼ਨ ਤੇ ਕੇਅਰ ਕੋਆਰਡੀਨੇਸ਼ਨ ਸੇਵਾਵਾਂ ਮੁਹੱਈਆ ਕਰਾਵੇਗੀ। ਪਹਿਲੇ ਸਾਲ ਮਰੀਜ਼ਾਂ ਦੇ ਇੱਕ ਗਰੁੱਪ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਨ੍ਹਾਂ ਮਰੀਜ਼ਾਂ ਨੂੰ ਪ੍ਰਾਇਮਰੀ ਕੇਅਰ ਟੀਮਜ਼ ਤੇ ਬਰੌਡਰ ਓਨਟਾਰੀਓ ਹੈਲਥ ਟੀਮ ਭਾਈਵਾਲਾਂ ਰਾਹੀਂ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਇਸ ਕੰਮ ਨੂੰ ਪੜਾਅਵਾਰ ਲਾਗੂ ਕੀਤਾ ਜਾਵੇਗਾ ਤੇ ਫਿਰ ਸਮਾਂ ਪੈਣ ਉੱਤੇ ਬਰੈਂਪਟਨ/ਇਟੋਬੀਕੋ ਦੇ ਸਾਰੇ ਮਰੀਜ਼ਾਂ ਨੂੰ ਇਸ ਪ੍ਰੋਗਰਾਮ ਤਹਿਤ ਲਿਆਂਦਾ ਜਾਵੇਗਾ। ਬਰੈਂਪਟਨ/ਇਟੋਬੀਕੋ ਤੇ ਏਰੀਆ ਓਨਟਾਰੀਓ ਹੈਲਥ ਟੀਮ ਆਪਣੇ ਕੁੱਝ ਕੁ ਪ੍ਰਸਤਾਵਿਤ ਪ੍ਰੋਗਰਾਮ ਤੇ ਸੇਵਾਵਾਂ 2020 ਵਿੱਚ ਲਾਗੂ ਕਰਨਗੀਆਂ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

## ਕੰਜ਼ਰਵੇਟਿਵਾਂ ਨੇ ਇਕਨੌਮਿਕ ਅਪਡੇਟ ਮੁਹੱਈਆ ਕਰਵਾਉਣ ਲਈ ਮੌਰਨਿਊ ਨੂੰ ਕੀਤੀ ਅਪੀਲ

...ਪੰਨਾ 1 ਦਾ ਬਾਕੀ

ਪੋਇਲਿਵਰ ਨੇ ਆਖਿਆ ਕਿ ਅਕਤੂਬਰ ਵਿੱਚ ਹੋਈਆਂ ਫੈਡਰਲ ਚੋਣਾਂ ਤੋਂ ਬਾਅਦ ਲਿਬਰਲਾਂ ਕੋਲ ਵਿੱਤੀ ਅਪਡੇਟ ਤਿਆਰ ਕਰਨ ਲਈ ਵਾਧੂ ਸਮਾਂ ਹੈ। ਐਤਵਾਰ ਨੂੰ ਓਟਵਾ ਵਿੱਚ ਹੋਈ ਇੱਕ ਨਿਊਜ਼ ਕਾਨਫਰੰਸ ਵਿੱਚ ਪੋਇਲਿਵਰ ਨੇ ਆਖਿਆ ਕਿ ਸਾਡੇ ਕਮਜ਼ੋਰ ਪੈ ਰਹੇ ਅਰਥਚਾਰੇ ਸਬੰਧੀ ਖਤਰੇ ਦੇ ਬੱਦਲ ਲੰਮੇਂ ਸਮੇਂ ਤੋਂ ਸਾਡੇ ਉੱਤੇ ਮੰਡਰਾ ਰਹੇ ਹਨ। ਇਸ ਤਰ੍ਹਾਂ ਦੀ ਸਮੱਸਿਆ ਨਾਲ ਜੂਝਣ ਲਈ ਜੇ ਉਨ੍ਹਾਂ ਕੋਈ ਤਿਆਰੀ ਹੀ ਨਹੀਂ ਕੀਤੀ ਤਾਂ ਉਨ੍ਹਾਂ ਦੀ ਰਾਜ ਕਰਨ ਦੀ ਸਮਰੱਥਾ ਉੱਤੇ ਸ਼ੱਕ ਹੁੰਦਾ ਹੈ।

ਮੌਰਨਿਊ ਨੇ ਆਖਿਆ ਕਿ ਸੱਭ ਤੋਂ ਪਹਿਲਾਂ ਲਿਬਰਲ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀ ਕਰਨਾ ਚਾਹੁੰਦੇ ਹਨ। ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਅਰਥਚਾਰਾ ਲਚਕੀਲਾ ਹੈ। ਉਨ੍ਹਾਂ ਅੱਗੇ ਆਖਿਆ ਕਿ ਭਾਵੇਂ ਸਾਡੇ ਅਰਥਚਾਰੇ ਨੂੰ ਦਰਪੇਸ਼ ਕਿਸੇ ਵੀ ਤਰ੍ਹਾਂ ਦੇ ਖਤਰੇ ਨੂੰ ਲੈ ਕੇ ਅਸੀਂ ਪੂਰੀ ਤਰ੍ਹਾਂ ਚੌਕਸ ਰਹਾਂਗੇ ਪਰ ਇੱਥੇ ਇਹ ਦੱਸਣਾ ਚਾਹਾਂਗੇ ਕਿ ਕੈਨੇਡਾ ਦਾ ਅਰਥਚਾਰਾ ਸਥਿਰ ਤੇ ਲਚਕੀਲਾ ਹੈ ਤੇ ਤੇਜ਼ੀ ਨਾਲ ਪੱਕੇ ਪੈਰੀਂ ਵਿਕਾਸ ਕਰ ਰਿਹਾ ਹੈ। ਇਸ ਦੌਰਾਨ ਐਨਡੀਪੀ ਨੇ ਵੀ ਮੌਰਨਿਊ ਤੋਂ ਮੰਗ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਪ੍ਰਸਤਾਵਿਤ ਟੈਕਸ ਕਟੌਤੀਆਂ ਇਸ ਹਿਸਾਬ ਨਾਲ ਕੀਤੀਆਂ ਜਾਣ ਕਿ ਉਹ ਉਨ੍ਹਾਂ ਨੂੰ ਹਾਸਲ ਹੋ ਸਕਣ ਜਿਹੜੇ ਸਾਲਾਨਾ 90,000 ਡਾਲਰ ਤੋਂ ਘੱਟ ਕਮਾਈ ਕਰਦੇ ਹਨ।

ਐਨਡੀਪੀ ਦਾ ਕਹਿਣਾ ਹੈ ਕਿ ਇਸ ਨਾਲ ਟੈਕਸਾਂ ਵਿੱਚ 1.6 ਬਿਲੀਅਨ ਡਾਲਰ ਦੀ ਕਟੌਤੀ ਹੋਵੇਗੀ ਜਿਸ ਨੂੰ ਡੈਂਟਲ ਕੇਅਰ ਲਈ ਵਰਤਿਆ ਜਾ ਸਕਦਾ ਹੈ। ਇਸ ਨਾਲ ਮਿਲੀਅਨਜ਼ ਕੇਨੇਡੀਅਨਾਂ ਦੀ ਜ਼ਿੰਦਗੀ ਵਿੱਚ ਅਰਥਭਰਪੂਰ ਬਦਲਾਵ ਆਵੇਗਾ ਖਾਸਤੌਰ ਉੱਤੇ ਅਜਿਹੇ ਲੋਕ ਜਿਨ੍ਹਾਂ ਨੂੰ ਇਸ ਸਮੇਂ ਇਸਦੀ ਕਾਫੀ ਲੋੜ ਹੈ। ਇਸ ਸਬੰਧ ਵਿੱਚ ਐਨਡੀਪੀ ਸੋਮਵਾਰ ਨੂੰ ਮੌਰਨਿਊ ਨੂੰ ਇੱਕ ਚਿੱਠੀ ਵੀ ਭੇਜਣ ਵਾਲੀ ਹੈ।

## ਟਾਈਗਰਜ਼ ਵਲੋਂ ਮੈਰੀਕਲ ਆਨ ਮੇਨ ਅੱਜ ਮਿਲਟਨ 'ਚ, 11 ਨੂੰ ਬਰੈਂਪਟਨ 'ਚ

...ਪੰਨਾ 1 ਦਾ ਬਾਕੀ



ਇਹ ਖਿਡਾਉਣੇ ਜਿਥੇ ਇਹ ਪ੍ਰੋਗਰਾਮ ਵਿਚ ਭਾਗ ਲੈਣ ਜਾ ਰਹੇ ਹਜ਼ਾਰਾਂ ਬੱਚੇ ਲੈ ਸਕਣਗੇ ਉਥੇ ਹੀ ਟਾਈਗਰ ਫਾਊਂਡੇਸ਼ਨ ਵਲੋਂ ਇਨ੍ਹਾਂ ਖਿਡਾਉਣਿਆਂ ਨੂੰ ਵੱਖ-ਵੱਖ ਬੱਚਿਆਂ ਦੇ ਹਸਪਤਾਲਾਂ ਵਿਚ ਵੀ ਪਹੁੰਚਾਇਆ ਜਾਵੇਗਾ।

ਇਸ ਮੌਕੇ ਮੇਅਰ ਪੈਟਰਿਕ ਬਰਾਊਨ ਵਲੋਂ ਬੋਲਦੇ ਹੋਏ ਕਿਹਾ ਕਿ ਟਾਈਗਰ ਜੀਤ ਸਿੰਘ ਇਕ ਮਹਾਨ ਵਿਆਕਤੀ ਹਨ, ਜੋ ਗਰੀਬ ਗੁਰਬਿਆਂ ਲਈ ਹੀਂ ਨਹੀਂ ਬਲਕੇ ਹਰ ਲੋੜਵੰਦ ਇੰਨਸਾਨ ਲਈ ਹਰ ਪਲ ਤਤਪਰ ਰਹਿੰਦੇ ਹਨ। ਇਸੇ ਤਰ੍ਹਾਂ ਪੀਲ ਪੁਲਿਸ ਚੀਫ ਨਿਸ਼ਾਨ ਨੇ ਬੋਲਦੇ ਹੋਏ ਕਿਹਾ ਕਿ ਜਦੋਂ ਮੈਂ ਹਾਲਟਨ ਵਿਚ ਸੀ ਤਾਂ ਟਾਈਗਰ ਜੀਤ ਸਿੰਘ ਨੂੰ ਮਿਲਣ ਦਾ ਬਹੁਤ ਨਜ਼ਦੀਕ ਤੋਂ ਮੌਕਾ ਮਿਲਿਆ ਤੇ ਉਨ੍ਹਾਂ ਨਾਲ ਕੰਮ ਕਰਨ ਦਾ ਵੀ, ਉਨ੍ਹਾਂ ਨੇ ਬਰੈਂਪਟਨ 'ਚ ਆਪਣੀ ਚੈਰਿਟੀ ਰਾਹੀਂ ਜੋ ਪੀਲ ਦੇ ਬੱਚਿਆਂ ਪ੍ਰਤੀ ਆਪਣਾ ਪਿਆਰ ਅਤੇ ਨੇੜਤਾ ਦਿਖਾਈ ਹੈ, ਉਹ ਸਲਾਹਣਯੋਗ ਹੈ। ਅਸੀਂ ਆ ਰਹੇ ਦਿਨਾਂ 'ਚ ਸਖ਼ਤ ਮਿਹਨਤ ਕਰਕੇ ਇਸ ਮੈਰੀਕਲ ਪ੍ਰੋਗਰਾਮ ਨੂੰ ਸਫਲ ਬਣਾਵਾਗੇ।

ਟਾਈਗਰ ਜੀਤ ਸਿੰਘ ਨੇ ਬੋਲਦੇ ਹੋਏ ਕਿਹਾ ਕਿ ਬੱਚੇ ਪ੍ਰਮਾਤਮਾ ਦਾ ਰੂਪ ਹੁੰਦੇ ਹਨ ਤੇ ਪ੍ਰਮਾਤਮਾ ਇਕ ਹੀ ਹੈ, ਜਿਸ ਕਰਕੇ ਮੈਂ ਸਭ ਧਰਮਾ ਦੇ ਲੋਕਾਂ ਨੂੰ ਪਿਆਰ ਕਰਦਾ ਹਾਂ, ਉਨ੍ਹਾਂ ਦਾ ਦੁਖ ਦਰਦ ਉਹ ਮੈਂ ਦੇਖ ਨਹੀਂ ਸਕਦਾ (ਇਸ ਸਮੇਂ ਉਹ ਬਹੁਤ ਹੀ ਭਾਵੁਕ ਹੋ ਗਏ ਤੇ ਉਨ੍ਹਾਂ ਦਾ ਗਲਾ ਭਰ ਆਇਆ, ਉਨ੍ਹਾਂ ਨੇ ਲੰਮਾ ਸਾਹ ਲੈਂਦੇ ਹੋਏ ਕਿਹਾ ਕਿ) ਜਿਸ ਲਈ ਕ੍ਰਿਸਮਿਸ 'ਤੇ ਸਾਡੀ ਕੋਸ਼ਿਸ਼ ਹੁੰਦੀ ਹੈ ਕੋਈ ਵੀ ਬੱਚਾ ਖਿਡੌਣਿਆਂ ਤੋਂ ਵਾਂਝਾ ਨਾ ਰਹਿ ਜਾਵੇਂ। ਇਸ ਦੇ ਨਾਲ ਹੀ ਟਾਈਗਰ ਅਲੀ ਸਿੰਘ ਨੇ ਬੋਲਦੇ ਹੋਏ ਕਿਹਾ ਕਿ ਇਹ ਮੇਰੇ ਲਈ ਨਹੀਂ ਨਾ ਮੇਰੇ ਪਿਤਾ ਲਈ, ਨਾ ਬਰੈਂਪਟਨ ਲਈ, ਨਾ ਕਿਸੇ ਹੋਰ ਲਈ, ਜੇਕਰ ਇਹ ਸੰਸਥਾਂ ਟੀਜੇਐਸਐਫ ਜੋ ਬਣਾਈ ਹੈ, ਉਹ ਗਰੀਬ ਗੁਰਬਿਆਂ ਦੀ ਮਦਦ ਲਈ ਬਣਾਈ ਹੈ। ਜਿਸ ਲਈ ਦਿਲ ਖ੍ਹੋਲ ਕੇ ਮਦਦ ਕਰੋ, ਜਿਸ ਨਾਲ ਇਸ ਕ੍ਰਿਸਮਿਸ ਤੇ ਕੋਈ ਵੀ ਬੱਚਾ ਖਿਡੌਣੇ ਤੋਂ ਵਗੈਰ ਨਾ ਰਹਿ ਜਾਵੇ।

ਟੀਜੇਐਸਐਫ ਇਕ ਮਿਲਟਨ-ਅਧਾਰਤ ਚੈਰਿਟੀ ਹੈ ਜੋ ਪਰਉਪਕਾਰ ਦੇ ਇਰਾਦੇ ਤਹਿਤ ਸ਼ੁਰੂ ਕੀਤੀ ਗਈ ਹੈ। ਟਾਈਗਰ ਜੀਤ ਸਿੰਘ ਅਤੇ ਉਸ ਦਾ ਬੇਟਾ ਟਾਈਗਰ ਅਲੀ ਸਿੰਘ। ਪਿਛਲੇ ਦਸ ਸਾਲਾਂ ਤੋਂ, ਟੀਜੇਐਸਐਫ ਨੇ ਓਨਟਾਰੀਓ ਦੇ ਮਿਲਟਨ, 'ਚ ਆਪਣਾ "ਮੈਰੀਕਲ ਆਨ ਮੇਨ ਸਟ੍ਰੀਟ" ਪ੍ਰੋਗਰਾਮ ਤਹਿਤ ਚਲਾ ਰਹੇ ਹਨ। ਜਿਸਨੇ ਬੱਚਿਆਂ ਅਤੇ ਲੋੜਵੰਦ ਪਰਿਵਾਰਾਂ ਲਈ ਦਾਨ ਅਤੇ



ਸਪਾਂਸਰਸ਼ਿਪ ਦੁਆਰਾ ਲੱਖਾਂ ਲੋਕਾਂ ਦੀ ਮਦਦ ਕੀਤੀ ਹੈ। ਜਿਸ ਨੂੰ ਹੁਣ ਬਰੈਂਪਟਨ ਤੱਕ ਵੀ ਲੈ ਆਂਦਾ ਗਿਆ ਹੈ। ਇਸ ਸਾਲ ਇਹ ਪਹਿਲਾਂ ਟੀਜੇਐਸਐਫ ਦਾ ਬਰੈਂਪਟਨ ਵਿਚ ਉਪਰਾਲਾ ਹੋਵੇਗਾ। ਜੋ 11 ਦਸੰਬਰ ਨੂੰ ਸਿਟੀ ਹਾਲ ਦੇ ਬਾਹਰ ਮੇਨ ਸਟਰੀਟ ਤੇ ਉਲੀਕਿਆਂ ਜਾਵੇਗਾ। ਜਿਥੇ ਸਭ ਨੂੰ ਸਿਟੀ ਵਲੋਂ, ਪੀਲ ਪੁਲਿਸ, ਪੀਲ ਫਾਇਰ ਡਿਪਾਰਟਮੈਂਟ ਅਤੇ ਟਾਈਗਰ ਜੀਤ ਸਿੰਘ ਵਲੋਂ ਸਭ ਨੂੰ ਪਹੁੰਚ ਕੇ ਮਦਦ ਕਰਨ ਦੀ ਅਪੀਲ ਕੀਤੀ ਗਈ ਹੈ।

## ਜਗਮੀਤ ਸਿੰਘ ਵੱਲੋਂ ਫਰੈਡਰਿਕਟਨ ਦੇ ਅਬਾਰਸ਼ਨ ਕਲੀਨਿਕ ਨੂੰ ਖੁੱਲ੍ਹਾ ਰੱਖਣ ਲਈ ਜਾਰੀ ਸੰਘਰਸ਼ ਵਿੱਚ ਸਾਥ ਦੇਣ ਦਾ ਵਾਅਦਾ

...ਪੰਨਾ 1 ਦਾ ਬਾਕੀ

ਜਿਹੜਾ ਖੁੱਲ੍ਹੇ ਰਹਿਣ ਲਈ ਸੰਘਰਸ਼ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਨਿਊ ਬਰੰਜ਼ਵਿੱਕ ਹਸਪਤਾਲਾਂ ਤੋਂ ਬਾਹਰ ਹੋਏ ਅਬਾਰਸ਼ਨਜ਼ ਨੂੰ ਕਵਰ ਨਹੀਂ ਕਰਦਾ।

ਇਸ ਦੌਰਾਨ ਜਗਮੀਤ ਸਿੰਘ ਨੇ ਕਲੀਨਿਕ 554 ਨੂੰ ਆਪਣਾ ਸਮਰਥਨ ਦੇਣ ਦਾ ਵਾਅਦਾ ਕੀਤਾ ਤੇ ਮੈਡੀਕਲ ਡਾਇਰੈਕਟਰ ਐਡਰੀਅਨ ਐਡਗਰ ਨਾਲ ਮੁਲਾਕਾਤ ਕੀਤੀ। ਇਸ ਕਲੀਨਿਕ ਦੀ ਹੋਣੀ ਪ੍ਰੋਵਿੰਸ਼ੀਅਲ ਪਾਲਿਸੀ ਉੱਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ ਬੀਤੇ ਦਿਨੀਂ ਹੋਈਆਂ ਫੈਡਰਲ ਚੋਣਾਂ ਦੌਰਾਨ ਗਰਭਪਾਤ ਦੇ ਮੁੱਦੇ ਉੱਤੇ ਇਹ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਅਕਤੂਬਰ ਵਿੱਚ ਡਾ. ਐਡਗਰ ਨੇ ਇਹ ਐਲਾਨ ਕੀਤਾ ਸੀ ਕਿ ਹਸਪਤਾਲ ਤੋਂ ਬਾਹਰ ਗਰਭਪਾਤ ਕਰਨ ਵਾਲਾ ਨਿਊ ਬਰੰਜ਼ਵਿੱਕ ਦਾ ਇਹ ਇੱਕਮਾਤਰ ਕਲੀਨਿਕ ਜਲਦ ਹੀ ਸੇਲ ਉੱਤੇ ਲਾ ਦਿੱਤਾ ਜਾਵੇਗਾ ਕਿਉਂਕਿ ਪ੍ਰੋਵਿੰਸ ਵੱਲੋਂ ਇਸ ਨੂੰ ਹੋਰ ਫੰਡ ਮੁਹੱਈਆ ਨਹੀਂ ਕਰਵਾਏ ਜਾ ਰਹੇ। ਇਸ ਕਲੀਨਿਕ ਦਾ ਦੌਰਾ ਕਰਨ ਤੋਂ ਬਾਅਦ ਜਗਮੀਤ ਸਿੰਘ ਨੇ ਟਵਿੱਟਰ ਉੱਤੇ ਪੋਸਟ ਕੀਤਾ ਕਿ ਇਸ ਕਲੀਨਿਕ 554 ਨੂੰ ਬਚਾਉਣ ਲਈ ਕੰਮ ਕਰ ਰਹੇ ਡਾ. ਐਡਰੀਅਨ ਐਡਗਰ ਤੇ ਹੋਰ ਸਭਨਾ ਦਾ ਉਹ ਧੰਨਵਾਦ ਕਰਦੇ ਹਨ। ਉਨ੍ਹਾਂ ਆਖਿਆ ਕਿ ਉਹ ਨਿਊ ਬਰੰਜ਼ਵਿੱਕ ਵਿੱਚ ਕਈਆਂ ਨੂੰ ਕੇਅਰ ਮੁਹੱਈਆ ਕਰਵਾਉਣ ਲਈ ਬਹੁਤ ਕੁੱਝ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਸੇਫ ਤੇ ਪਹੁੰਚ ਵਿੱਚ ਆਉਣ ਵਾਲੀਆਂ ਸੇਵਾਵਾਂ ਦੀ ਹਿਫਾਜ਼ਤ ਕੀਤੀ ਜਾਣੀ ਚਾਹੀਦੀ ਹੈ।

ਇਸ ਹਫਤੇ ਦੇ ਸ਼ੁਰੂ ਵਿੱਚ ਜਗਮੀਤ ਸਿੰਘ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਕਲੀਨਿਕ ਨੂੰ ਬਚਾਉਣ ਲਈ ਆਖਿਆ। ਉਨ੍ਹਾਂ ਆਖਿਆ ਕਿ ਨਿਊ ਬਰੰਜ਼ਵਿੱਕ ਸਰਕਾਰ ਦੀ ਇਸ ਸਬੰਧੀ ਕਾਰਵਾਈ ਕੈਨੇਡਾ ਹੈਲਥ ਐਕਟ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਇਸ ਕਲੀਨਿਕ ਨੂੰ ਖੁੱਲ੍ਹਾ ਰੱਖਣ ਲਈ ਨਿਊ ਬਰੰਜ਼ਵਿੱਕ ਸਰਕਾਰ ਉੱਤੇ ਦਬਾਅ ਪਾਉਣ ਲਈ ਆਪਣੀ ਪੂਰੀ ਕੋਸ਼ਿਸ਼ ਨਹੀਂ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਪ੍ਰੋਵਿੰਸ਼ੀਅਲ ਹੈਲਥ ਡਿਪਾਰਟਮੈਂਟ ਤੇ ਪ੍ਰੀਮੀਅਰ ਬਲੇਨ ਹਿੱਗਜ਼ ਅਨੁਸਾਰ ਪ੍ਰੋਵਿੰਸ ਪ੍ਰਾਈਵੇਟ ਹੈਲਥ ਕੇਅਰ ਸਰਵਿਸਿਜ਼ ਨੂੰ ਫੰਡ ਮੁਹੱਈਆ ਨਹੀਂ ਕਰਵਾ ਸਕਦੀ ਤੇ ਗਰਭਪਾਤ ਤਾਂ ਅਜੇ ਵੀ ਹਸਪਤਾਲਾਂ ਵਿੱਚ ਹੋ ਰਹੇ ਹਨ।

ਅਕਤੂਬਰ ਵਿੱਚ ਚੋਣ ਕੈਂਪੇਨ ਦੌਰਾਨ ਫਰੈਡਰਿਕਟਨ ਵਿੱਚ ਰੁਕਦੇ ਸਮੇਂ ਟਰੂਡੋ ਨੇ ਇਹ ਵਾਅਦਾ ਕੀਤਾ ਸੀ ਕਿ ਕੈਨੇਡਾ ਹੈਲਥ ਐਕਟ ਨੂੰ ਲਾਗੂ ਕਰਨ ਲਈ ਉਹ ਹਰ ਹਰਬਾ ਵਰਤਣਗੇ। ਦੂਜੇ ਪਾਸੇ ਮੈਡੀਕਲ ਡਾਇਰੈਕਟਰ ਨੇ ਆਖਿਆ ਕਿ ਇਹ ਪਤਾ ਲਾਉਣ ਲਈ ਕਿ ਪ੍ਰੋਵਿੰਸ਼ੀਅਲ ਸਰਕਾਰ ਦੀ ਨੀਤੀ ਕਾਨੂੰਨ ਦੇ ਦਾਇਰੇ ਵਿੱਚ ਆਉਂਦੀ ਹੈ, ਅਟਾਰਨੀ ਜਨਰਲ ਤੋਂ ਰਾਇ ਮੰਗੀ ਹੈ ਤੇ ਉਹ ਇਸ ਦੀ ਉਡੀਕ ਕਰ ਰਹੇ ਹਨ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਪਰੀ ਪੂਰਨ ਪਰਮਾਤਮਾ ਨੇ ਅਵਤਾਰ ਧਾਰਨ ਕੀਤੇ

ਇਕ ਸਮੇਂ ਸਤਿਗੁਰ ਅਰਜਨ ਦੇਵ ਜੀ ਦੇ ਚਰਨਾਂ ਵਿਚ ਸਿੱਖਾਂ ਬੇਨਤੀ ਕੀਤੀ। ਸਨਾਤਨ ਧਰਮ ਵਾਲੇ ਵੈਸ਼ਨਵ ਲੋਕ ਵਿਸ਼ਨਸਹੰਸਰ ਨਾਮੇਂ ਦਾ ਪਾਠ ਕਰਨ ਦਾ ਅਧਿਕ ਮਹਾਤਮ ਗਿਣਦੇ ਹਨ। ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਅਜਿਹੀ ਬਾਣੀ ਉਚਾਰੋ ਜਿਸ ਬਾਣੀ ਦੇ ਪੜ੍ਹਨ ਨਾਲ ਵਿਸ਼ਨਸਹੰਸਰ ਨਾਮੇ ਜਿੰਨਾ ਫਲ ਪ੍ਰਾਪਤ ਹੋਵੇ। ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਸਾਹਿਬ ਜੀ ਨੇ ਵਿਸ਼ਨ ਸਹੰਸਰ ਨਾਮਾ ਉਚਾਰਨ ਕੀਤਾ।

ਮਾਰੂ ਮਹਲਾ ੫॥ (ਪੰਨਾ ੧੦੮੨)
ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ॥
ਰਿਖੀ ਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ॥੧॥

ਅਰਥ:- ਇਹ ਸਾਰੇ ਪਰਮੇਸ਼੍ਵਰ ਦੇ ਨਾਂਮ ਹਨ-ਪਰਮਾਤਮਾ ਅਚਤੁ=ਅਗਿੜ ਹੈ ਪਾਰਬ੍ਰਹਮ=ਸਭਨਾਂ ਤੋਂ ਪਰ੍ਹੇ ਵੀ ਹੈ ਅਤੇ ਰਮਿਆ ਹੋਇਆ ਵੀ ਹੈ ਅਤੇ ਅੰਤਰਜਾਮੀ ਹੈ। ਮਧੁਸੂਦਨ=ਦੈਂਤ ਨੂੰ ਨਾਸ ਕਰਨ ਵਾਲਾ ਹੈ। ਜਿਸ ਦਾ ਦਾਮੋਦਰ=ਉਦਰ ਵਿਚ ਦਾਮ ਮਾਇਆ ਹੈ। ਅਥਵਾ=ਦੁਆਪਰ ਜੁਗ ਵਿਚ ਜਿਸ ਵੇਲੇ ਕ੍ਰਿਸ਼ਨ ਅਵਤਾਰ ਧਾਰਿਆ ਸੀ ਉਸ ਸਮੇਂ ਮਾਤਾ ਯਸ਼ੋਧਾ ਨੇ ਉਦਰ ਵਿਚ ਦਾਮ=ਰੱਸੀ ਪਾ ਕੇ ਕ੍ਰਿਸ਼ਨ ਜੀ ਨੂੰ ਬੰਨ੍ਹਿਆ ਸੀ, ਉਸ ਦਿਨ ਤੋਂ ਕ੍ਰਿਸ਼ਨ ਦਾ ਨਾਮ ਦਾਮੋਦਰ ਪੈ ਗਿਆ ਅਤੇ ਉਹ ਸਾਰਿਆਂ ਦਾ ਸੁਆਮੀ ਹੈ।

ਰਿਖੀਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ॥੧॥
ਮੋਹਨ ਮਾਧਵ ਕ੍ਰਿਸ਼ਨ ਮੁਰਾਰੇ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ॥

ਅਰਥ:- ਇਹ ਸਭ ਪਰਮਾਤਮਾ ਦੇ ਨਾਮ ਨੇ। ਉਹ ਰਿਖੀਕੇਸ=ਰਿਖੀਆਂ ਦਾ ਈਸ਼ਵਰ ਹੈ ਅਤੇ ਗੁਵਰਧਨ ਪਰਬਤ ਨੂੰ ਚੁੱਕਣ ਕਰਕੇ ਉਸਦਾ ਨਾਮ ਗਵਰਧਨ ਧਾਰੀ ਹੈ। ਕ੍ਰਿਸ਼ਨ ਰੂਪ ਧਾਰਕੇ ਮੁਰਲੀ ਵਜਾਈ ਸੀ, ਉਸ ਦਾ ਨਾਮ ਮੁਰਲੀ ਮਨੋਹਰ ਪੈ ਗਿਆ। ਕ੍ਰਿਸ਼ਨ ਜੀ ਦੀ ਸੁੰਦਰ ਮੁਰਲੀ ਨੂੰ ਸੁਣਕੇ ਦਰਿਆਵਾਂ ਦੇ ਪਾਣੀ ਖੜ੍ਹ ਗਏ ਅਤੇ ਦਰਖਤਾਂ ਵਿਚੋਂ ਰਸ ਚੋਣ ਲੱਗ ਗਿਆ। ਜੜ੍ਹ ਪਦਾਰਥ ਚੇਤਨ ਅਤੇ ਚੇਤਨ ਜੀਵ ਜੜ੍ਹ ਹੋ ਗਏ। ਉਹ ਪ੍ਰਮਾਤਮਾ ਹਰਿ ਰੰਗਾਂ ਵਿਚ ਰੰਗਿਆ ਹੋਇਆ ਹੈ॥੧॥

੨. ਅਰਥ:- ਸਭ ਨੂੰ ਮੋਹਣ ਵਾਲਾ, ਮਾਧਵ=ਮਾਇਅ ਦਾ ਪਤੀ ਹੈ, ਮੁਰਾਰੇ=ਮੁਰ ਦੈਂਤ ਨੂੰ ਮਾਰਨ ਵਾਲਾ ਹੈ। ਜਗਦੀਸੁਰ=ਜਗਤ ਦਾ ਮਾਲਕ ਹੈ, ਉਹ ਦੈਂਤਾਂ ਨੂੰ ਸੰਘਾਰਨ ਵਾਲਾ ਹੈ ਭਾਵ ਮਾਰਨ ਵਾਲਾ ਹੈ।

ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ॥੨॥

ਅਰਥ:- ਜੀਵਾਂ ਦੇ ਜਿਵਾਉਣ ਕਰਕੇ ਉਸਦਾ ਨਾਮ ਜਗਜੀਵਨ ਹੈ ਅਤੇ ਸਤ ਚਿਤ ਆਨੰਦ ਸਰੂਪ ਹੋਣ ਕਰਕੇ ਉਸਦਾ ਨਾਮ ਅਬਿਨਾਸੀ ਹੈ,

ਕਰਨੈਲ ਸਿੰਘ
ਟੋਰਾਂਟੋ
416-746-7642

ਨਾਸ ਤੋਂ ਰਹਿਤ ਹੈ। ਸਾਰਿਆਂ ਜੀਵਾਂ ਖੰਡਾਂ ਬ੍ਰਹਮੰਡਾਂ ਦਾ ਮਾਲਕ ਹੈ, ਹਰਿ ਇਕ ਘਟ ਵਿਚ ਵਸ ਕੇ ਸਾਰਿਆਂ ਦੇ ਨਾਲ ਮਿਲਿਆ ਹੋਇਆ ਹੈ। ਅਲਿਪਤ ਰਹਿੰਦਾ ਹੈ॥੮॥

ਧਰਣੀਸਰ ਈਸ ਨਰ ਸਿੰਘ ਨਾਰ-ਾਇਣ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ॥
ਬਾਵਨ ਰੂਪ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥੩॥

ਅਰਥ:- ਧਰਤੀ ਦੇ ਧਾਰਨ ਵਾਲਾ ਹੋਣ ਕਰਕੇ ਉਸ ਪਰਮਾਤਮਾ ਦਾ ਨਾ ਧਰਣੀਧਰ ਹੈ। ਸਾਰਿਆਂ ਦਾ ਮਾਲਕ ਹੋਣ ਕਰਕੇ ਉਸਦਾ ਨਾਮ=ਈਸ਼ਵਰ ਹੈ। ਪ੍ਰਹਿਲਾਦ ਭਗਤ ਦੀ ਰੱਖਿਆ ਲਈ ਨਰਸਿੰਘ ਅਵਤਾਰ ਧਾਰਨ ਕੀਤਾ ਸੀ। ਅੱਧਾ ਤਨੁ ਮਨੁੱਖ ਦਾ ਅੱਧਾ ਸ਼ੇਰ ਦਾ ਧਾਰਨ ਕੀਤਾ ਸੀ। ਜਲ ਵਿਚ ਘਰ ਹੋਣ ਕਰਕੇ ਉਸ ਦਾ ਨਾਮ=ਨਾਰਾਇਣ ਹੈ। ਜਿਸ ਵੇਲੇ ਹਿਰਨਾਕਛਪ ਰਾਖਸ਼ ਵੇਦਾਂ ਸਮੇਤ ਪ੍ਰਿਥਵੀ ਦਾ ਇਕ ਹਿੱਸਾ ਚੁਕ ਕੇ ਪਤਾਲ ਵਿਚ ਲੈ ਗਿਆ ਸੀ, ਚਉਫੇਰੇ ਗੰਦਗੀ ਅਤੇ ਹੱਡ ਬਗੈਰਾ ਦੁਰੰਗਧੀ ਰੱਖ ਦਿੱਤੀ ਸੀ, ਕਿ ਗੰਦਗੀ ਪਾਸ ਦੇਵਤੇ ਨਹੀਂ ਆਉਣਗੇ। ਉਸ ਵੇਲੇ ਭਗਵਾਨ ਨੇ ਸੂਰ ਦਾ ਰੂਪ ਧਾਰ ਕੇ ਹਿਰਨਕਛਪ ਨਾਲ ਯੁੱਧ ਕੀਤਾ ਉਸ ਨੂੰ ਮਾਰਕੇ ਵੇਦਾਂ ਨੂੰ ਅਤੇ ਪ੍ਰਿਥਵੀ ਨੂੰ ਕੱਢ ਕੇ ਆਪਣੀਆਂ ਦਾੜ੍ਹਾਂ ਅੱਗੇ ਧਰਕੇ ਲਿਆਂਦਾ।

(ਦੇਖੋ ਦਸਮ ਗ੍ਰੰਥ ਬੈਰਾਹ ਅਵਤਾਰ)
ਤਥਾ= ਰੂਖਨ ਤੇ ਰਸ ਚੂਵਨ ਲਾਗ ਝਰੈ ਝਰਨਾ ਗਿਰ ਤੇ ਸੁਖਦਾਈ॥
ਘਾਸ ਚੁਗੈ ਨਾ ਮ੍ਰਿਗਾ ਬਨ ਕੇ ਖਗ ਰੀਝ ਰਹੇ ਧੁਨ ਜਾ ਸੁਨ ਪਾਈ॥
ਠਾਢਿ ਰਹੀ ਜਮੁਨਾ ਸੁਨਿ ਕੇ ਧੁਨ ਰਾਗ ਭਲੇ ਸੁਨਬੇ ਕੋਚਹੇ ਹੈ॥੬੫੦॥
ਦਸਮ ਗ੍ਰੰਥ, ਕ੍ਰਿਸ਼ਨਾਵਤਾਰ, (ਪੰਨਾ ੩੩੯)

ਕਰਤਾ ਪੁਰਖ ਨੇ ਬਲ ਰਾਜਾ ਦੇ ਛਲਣ ਲਈ ਬਾਵਨ ਰੂਪ ਅਵਤਾਰ ਧਾਰਨ ਕੀਤਾ, ਉਹ ਸਾਰਿਆਂ ਦੇ ਨਾਲ ਚੰਗਾ ਲੱਗ ਰਿਹਾ ਹੈ, ਕਿਉਂਕਿ ਉਸ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਹੈ॥੩॥

ਸ੍ਰੀ ਰਾਮ ਚੰਦ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਨਿ ਦਰਸਿ ਅਨੂਪਿਆ॥
ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥

ਅਰਥ:- ਜਿਸ ਅਕਾਲ ਪੁਰਖ ਦੀ ਕੋਈ ਰੂਪ ਜਾਂ ਰੇਖਾ ਨਹੀਂ ਹੈ ਉਹ ਆਪ ਸ੍ਰੀ ਰਾਮਚੰਦ ਰੂਪ ਹੋਇਆ ਹੈ। ਸੰਸਾਰ ਬਣ ਦਾ ਬਨਵਾਲੀ ਹੋਣ ਕਰਕੇ ਉਸ ਦਾ ਨਾਮ=ਬਨਵਾਲੀ ਹੈ। ਹੱਥਾਂ ਵਿਚ ਸੁਦਰਸ਼ਨ ਚੱਕਰ ਦੇ ਧਾਰਨ ਕਰਕੇ ਉਸ ਦਾ ਨਾਮ=ਚੱਕਰਪਾਣਿ ਪੈ ਗਿਆ ਉਸਦਾ ਦਰਸ਼ਨ ਅਨੂਪਿਆ ਉਪਮਾ ਤੋਂ ਰਹਿਤ ਹੈ।

੨. ਵੈਰਾਟ ਰੂਪ ਹੋਣ ਕਰਕੇ ਉਸਦੇ ਸਹਸ=ਹਜ਼ਾਰਾਂ ਨੇਤਰ ਹਨ ਅਤੇ ਹਜ਼ਾਰਾਂ ਹੀ ਮੂਰਤੀਆਂ ਹਨ, ਸਾਰਿਆਂ ਦਾ ਦਾਤਾ ਇਕ ਪਰਮਾਤਮਾ ਪਰੀ ਪੂਰਨ ਹੈ। ਬਾਕੀ ਸਭ ਉਸ ਦੇ ਦਰ ਤੋਂ ਮੰਗਦੇ ਹਨ॥੪॥ ਯਥਾ:

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥ ਪੰਨਾ ੧੪੨੯
ਭਗਤਿ ਵਛਲੁ ਅਨਾਥਹ ਨਾਥੇ॥ ਗੋਪੀ ਨਾਥੁ ਸਗਲ ਹੈ ਸਾਥੇ॥
ਬਾਸੁ ਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ॥੫॥

ਅਰਥ:- ਉਹ ਭਗਤਾਂ ਦਾ ਪਿਆਰਾ ਹੈ ਅਤੇ ਅਨਾਥਾਂ ਦਾ ਨਾਥ ਹੈ, ਸੁਆਮੀ ਹੈ। ਉਹ ਗੋਪੀਆਂ ਦਾ ਨਾਥੁ=ਸੁਆਮੀ ਹੈ ਅਤੇ ਸਭਨਾਂ ਦੇ ਨਾਲ=ਅਲਿਪਤ ਰਹਿੰਦਾ ਹੈ।

੨. ਸਾਰਿਆਂ ਜੀਆਂ ਨੂੰ ਬਾਸਾ ਦੇਣ ਕਰਕੇ ਉਸ ਦਾ ਨਾਮ ਬਾਸਦੇਵ ਪੈ ਗਿਆ ਹੈ। ਮਾਇਆ ਦੇ ਜਾਲ ਤੋਂ ਰਹਿਤ ਹੋਣ ਕਰਕੇ ਉਸ ਦਾ ਨਾਮ=ਨਿਰੰਜਨ ਹੈ। ਕੁੱਲ ਜੀਵਾਂ ਨੂੰ ਰਿਜ਼ਕ ਦੇਣ ਕਰਕੇ ਉਸ ਦਾ ਨਾਮ=ਦਾਤਾ ਪੈ ਗਿਆ ਹੈ। ਮੈਂ ਆਪਣੇ ਅੰਗਾਂ=ਸਰੀਰ ਕਰਕੇ ਉਸ ਦਾਤੇ ਦੇ ਗੁਣਾਂ ਨੂੰ ਵਰਣਨ ਨਹੀਂ ਕਰ ਸਕਦਾ। ਕਿਉਂਕਿ ਉਹ ਅਗਮ, ਅਗੋਚਰ, ਅਪਾਰ ਹੈ, ਬੇਅੰਤ ਹੈ।

ਮੁਕੰਦ ਮਨੋਹਰ ਲਖਮੀ ਨਾਰਾਇਣ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ॥
ਕਮਲਾ ਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ॥੬॥

ਅਰਥ:- ਕਮਲਾ ਕੰਤ=ਲਛਮੀ ਦਾ ਪਤੀ=ਪਰਮਾਤਮਾ ਆਪ ਹੀ ਤਰ੍ਹਾਂ ਤਰ੍ਹਾਂ ਦੇ ਕੰਤੂਹਲ=ਕੌਤਕ ਕਰਦਾ ਹੈ, ਬਿਨੋਦੀ=ਆਨੰਦ ਦਾਇਕ ਕੌਤਕ ਕਰਦਾ ਹੈ, ਅਤੇ ਸਾਰਿਆਂ ਦੇ ਸੰਗਾ=ਸਬੰਧ ਤੋਂ ਨਿਰ=ਰਹਿਤ ਭਾਵ ਨਿਲੇਪ ਹੈ

ਅਮੋਘ ਦਰਸਨ ਆਜੂਨੀ ਸੰਭਉ॥ ਅਕਾਲ ਮੂਰਤਿ ਜਿੱਸੁ ਕਦੇ ਨਾਹੀ ਖਉ॥
ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ॥੭॥

ਅਰਥ:- ਅਬਿਨਾਸੀ=ਨਾਸ ਤੋਂ ਰਹਿਤ ਹੈ, ਅਬਿਗਤ=ਕਠਿਨ ਜਿਸ ਦ ਪ੍ਰਾਪਤੀ ਹੈ। ਅਗੋਚਰ=ਇੰਦਰੀਆਂ ਕਰਕੇ ਅਵਿਸ਼ੇ ਹੈ, ਉਸ ਪਰਮਾਤਮਾ ਦੇ ਨਾਲ ਸਭ ਕੁਝ ਲਗ ਰਿਹਾ ਹੈ। ਸਭ ਕੋਈ ਉਸ ਦੇ ਆਸਰੇ ਹੈ॥੭॥

ਨੋਟ: ਪਹਿਲੀ ਪੰਕਤੀ ਦੇ ਅਰਥ= ਉਸ ਦੇ ਦਰਸ਼ਨ ਅਮੁੱਲ ਹਨ, ਆਜੂਨੀ ਹੈ ਜੂਨੀਆਂ ਤੋਂ ਰਹਿਤ ਹੈ, ਸੁਤੇ ਪ੍ਰਕਾਸ਼ ਰੂਪ ਹੈ, ਅਕਾਲ ਸਰੂਪ ਹੈ, ਉਸ ਨੂੰ ਕਦੇ ਭੀ ਕਿਸੇ ਦਾ ਡਰ=ਖੌਫ਼ ਨਹੀਂ।

ਸ੍ਰੀ ਰੰਗ ਬੈਕੁੰਠ ਕੇ ਵਾਸੀ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ॥
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥੮॥

ਅਰਥ:- ਸ੍ਰੀ=ਲਛਮੀ ਨੂੰ ਰੰਗ=ਅਨੰਦ ਦੇਣ ਕਰਕੇ ਉਸ ਦਾ ਨਾਮ ਸ੍ਰੀ ਰੰਗ ਪੈ ਗਿਆ। ਭਗਵਾਨ ਨੇ ਅਵਤਾਰ ਧਾਰਨ ਕਰਕੇ ਜਿਸ ਕਰਮ ਨੂੰ ਕੀਤਾ ਉਹੋ ਜਿਹਾ ਹੀ ਨਾਮ ਪੈ ਗਿਆ। ਬੈਕੁੰਠ ਦਾ ਵਾਸੀ ਹੋਣ ਕਰਕੇ ਉਸਦਾ ਨਾਮ ਬੈਕੁੰਠ ਵਾਸੀ ਪੈ ਗਿਆ। ਮੱਛ ਅਵਤਾਰ ਅਤੇ ਕਛੂ ਕੂਰਮ=ਕਛੁਕੁੰਮੇ ਨੇ ਪਰਮੇਸ਼ਰ ਦੀ ਆਗਿਆ ਵਿਚ ਹੀ ਅਵਤਾਰ ਧਾਰਨ ਕੀਤੇ ਹਨ। ਪਰਮਾਤਮਾ ਨੇ ਹੀ ਇਨ੍ਹਾਂ ਨੂੰ ਅਵਤਾਰ ਧਾਰਨ ਕਰਕੇ ਉਤਾਰਿਆ ਹੈ।

ਇਕ ਦਫਾ ਸੰਖਾਸੁਰ ਦੈਂਤ ਬ੍ਰਹਮਾ ਪਾਸੋਂ ਵੇਦ ਚੁੱਕ ਕੇ ਲੈ ਗਿਆ ਸੀ। ਬ੍ਰਹਮਾ ਨੇ ਭਗਵਾਨ ਪਾਸ ਬੇਨਤੀ ਕੀਤੀ, ਉਸ ਸਮੇਂ ਪ੍ਰਭੂ ਨੇ ਮੱਛ ਅਵਤਾਰ ਧਾਰਕੇ ਸੰਖਾਸੁਰ ਦੈਂਤ ਨਾਲ ਯੁਧ ਕੀਤਾ ਉਸ ਨੂੰ ਮਾਰ ਕੇ ਵੇਦ ਬ੍ਰਹਮਾ ਨੂੰ ਲਿਆ ਕੇ ਦਿਤੇ।

ਨੋਟ=ਇਹ ਪ੍ਰਸੰਗ ਭਾਗਵਤ ਪੁਰਾਨ ਵਿਚ ਵੀ ਲਿਖਿਆ ਹੈ ਅਤੇ ਮਹਾਨ ਕੋਸ਼ ਦੇ ਕਰਤਾ ਨੇ ੨੯੨੫ ਪੰਨੇ ਤੇ ਲਿਖਿਆ ਹੈ। ਸਤਿਜੁਗ ਵਿਚ ਮੱਛ ਅਵਤਾਰ ਧਾਰਕੇ ਹੇਠਲਾ ਧੜ ਮੱਛ ਦਾ ਉਪਰਲਾ ਹਿੱਸਾ ਮਨੁੱਖ ਦਾ ਬਣਾ ਕੇ ਵੇਦਾਂ ਨੂੰ ਲਿਆਂਦਾ ਸੀ। ਜਦੋਂ ਸਮੁੰਦਰ ਰਿੜਕਣ ਸਮੇਂ ਭਗਵਾਨ ਨੇ ਕਛੂ ਰੂਪ ਧਾਰਨ ਕਰਕੇ ਮੰਦਰਾਚਲ ਪਰਬਤ ਨੂੰ ਆਪਣੀ ਪਿੱਠ ਉੱਤੇ ਚੁੱਕਿਆ ਸੀ, ਮੰਦਰਾਚਲ ਪਰਬਤ ਦੀ ਮਦਾਣੀ ਅਤੇ ਬਾਸ਼ਕ ਨਾਗ ਦਾ ਨੇਤ੍ਰਾ ਪਾਕੇ ਇਕ ਪਾਸੇ ਦੇਵਤੇ ਅਤੇ ਦੂਜੇ ਪਾਸੇ ਦੈਂਤਾਂ ਨੇ ਸਮੁੰਦਰ ਨੂੰ ਰਿੜਕਿਆ ਤਾਂ ਚੌਦਾਂ ਰਤਨ ਨਿਕਲੇ ਸੀ। ਬਿਆਸ ਭਗਵਾਨ ਨੇ ਲਿਖਿਆ ਹੈ ਕਿ ਕਛੂ ਦੀ ਪਿੱਠ ਭਾਵ ਬਾਡੀ ਇਕ ਲੱਖ ਜੋਜਨ ਦੀ ਸੀ। ਭਾਵ ਚਾਰ ਲੱਖ ਕੋਹ ਸੀ। ਇਹ ਪ੍ਰਸੰਗ ਭਾਗਵਤ ਵਿਚ ਵੀ ਲਿਖਿਆ ਹੈ। ਮਹਾਨ ਕੋਸ਼ ਵਿਚ ਵੀ ੯੬੬ ਪੰਨੈ ਤੇ ਲਿਖਿਆ ਹੈ।

ਤਥਾ= ਜਿਨ ਬਾਸੁਕ ਨੇਤ੍ਰੈ ਘਤਿਆ ਕਰ ਨੇਹੀ ਤਾਣੁ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥

ਅਰਥ:- ਪਰਮੇਸ਼੍ਵਰ ਨੇ ਬਾਸ਼ਕ ਨਾਗ ਦਾ ਨੇਤ੍ਰਾ ਘਤਿਆ=ਪਾਇਆ ਤੇ ਆਪਣੇ ਤਾਣੁ=ਬਲ ਦੀ ਨੇਹੀ ਕੀਤੀ ਹੈ। ਜਿਸ ਪਰਮੇਸ਼ਵਰ ਨੇ ਮੇਰੁ=ਸੁਮੇਰ ਪਰਬਤ ਨੂੰ ਮਧਾਣਾ ਬਣਾ ਕੇ ਸਮੁੰਦਰ ਨੂੰ ਵਿਰੋਲਿਆ=ਰਿੜਕਿਆ ਹੈ।

ਚਉਦਹ ਰਤਨ ਨਿਕਾਲਿਅਨ ਕੀਤੋਨੁ ਚਾਨਾਣੁ॥

ਚਉਦਾਂ ਰਤਨ= ਲਛਮੀ ੧. ਕੌਸਤਕ ਮਣੀ੨. ਰੰਭਾ ੩. ਸ਼ਰਾਬ ੪. ਅੰਮ੍ਰਿਤ ੫. ਗਾਂਡੀਵ ਸੰਖ ੬. ਐਰਾਵਤ ਹਾਥੀ ੭. ਬ੍ਰਿਖ ੮. ਕਾਮਧੇਨੂ ਗਊ ੯. ਚੰਦ੍ਰਮਾ ੧੦. ਕਲਪ ਬ੍ਰਿਛ ੧੧. ਸਾਰੰਗ ਨਾਮਾ ਧਨੁਖ ੧੨. ਧਨੰਤਰ ਵੈਦਯ ੧੩. ਉਚ ਸ੍ਰਵਾ ਘੋੜਾ ੧੪। ਇਹ ਕੌਤਕ ਪਰਮੇਸ਼ਵਰ ਨੇ ਹੀ ਕੀਤਾ ਸੀ ਕਛੂ ਰੂਪ ਹੋ ਕੇ।

ਸਤਾ ਬਲਵੰਡ ਪੰਨਾ ੯੬੮
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥੮॥

ਅਰਥ:- ਪਰਮਾਤਮਾ ਜੋ ਕੇਸ਼ਵ ਨਾਮ ਕਰਕੇ ਹੈ ਨਿਰਾਲੇ ਕੌਤਕ ਕਰਦਾ ਹੈ। ਜੋ ਉਹ ਕੀਤਾ ਲੋੜਹਿ=ਉਹੀ ਹੋਇਗਾ=ਹੁੰਦਾ ਹੈ॥੯॥

ਨਿਰਾ ਹਾਰੀ ਨਿਰਵੈਰੁ ਸਮਾਇਆ॥ ਧਾਰਿ ਖੇਲੁ ਚਤੁਰ ਭੁਜੁ ਕਹਾਇਆ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋ ਹੈਗਾ॥੯॥

ਅਰਥ:- ਇਹ ਸਭ ਪ੍ਰਭੂ ਦੇ ਨਾਮ ਹਨ=ਨਿਰਾਹਾਰੀ=ਭੋਜਨ ਖਾਣੇ ਤੋਂ ਰਹਿਤ ਹੈ। ਨਿਰਵੈਰ ਸੁਭਾਅ ਵਾਲਾ ਹੈ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ। ਉਸ ਪ੍ਰਭੂ ਨੇ ਸੰਸਾਰ ਦਾ ਖੇਲ੍ਹ ਧਾਰਕੇ ਆਪਣੇ ਆਪ ਨੂੰ ਚਤੁਰਭੁਜ ਕਹਾਇਆ ਹੈ।

੨. ਸਾਵਲੇ ਰੰਗ ਵਾਲਾ ਸੁੰਦਰ ਰੂਪ ਅਤੇ ਸਾਵਲੇ ਰੰਗ ਵਾਲਾ ਕ੍ਰਿਸ਼ਨ ਅਵਤਾਰ ਆਪ ਹੀ ਹੁੰਦਾ ਹੈ, ਜਿਸ ਦੀ ਸੁੰਦਰ ਬੇਣੁ=ਬੰਸਰੀ ਸੁਣਕੇ ਸਭ ਕੋਈ ਮੋਹਿਤ ਹੋ ਜਾਂਦਾ ਹੈ।੯॥ (ਪੰਨਾ ੬੦੬)

ਯਥਾ:- ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥
(ਪੰਨਾ ੬੦੬)
ਤਥਾ= ਧੰਨਿ ਧੰਨਿ ਓ ਰਾਮ ਬੇਨੁ ਬਾਜੈ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥
(ਪੰਨਾ ੯੮੮)
ਆਪੇ ਗੋਪੀ ਆਪੇ ਕਾਨਾ॥ ਆਪੇ ਗਊ ਚਾਵੈ ਬਾਨਾ॥
ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ॥੧੫॥
(ਪੰਨਾ ੧੦੮੩)

ਅਰਥ:- ਉਹ ਪਰਮੇਸ਼ਰ ਆਪ ਹੀ ਗੋਪੀਆਂ ਰੂਪ ਹੈ, ਆਪ ਹੀ ਕਾਨਾ=ਕ੍ਰਿਸ਼ਨ ਰੂਪ ਹੈ।

ਯਥਾ:- ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥
(ਪੰਨਾ ੬੦੬)

੨. ਪਰਮੇਸ਼ਵਰ ਆਪ ਹੀ ਸਾਰਿਆਂ ਦੀ ਉਤਪਤੀ ਕਰਦਾ ਹੈ, ਆਪ ਹੀ ਸਭ ਦਾ ਨਾਸ਼ ਕਰਦਾ ਹੈ, ਪਰ ਉਸ ਨੂੰ ਇਕ ਤਿਲ ਜਿੰਨਾ ਲੇਪ ਨਹੀਂ ਹੈ। ਉਹ ਪਾਪ ਦੋਸ਼ ਤੋਂ ਰਹਿਤ ਹੈ॥੧੫॥

ਦ੍ਰਿਸ਼ਟਿਮਾਨ ਹੈ ਸਗਲ ਮਿਥੇ ਨਾ॥ ਇਕੁ ਮਾਗਉ ਦਾਨੁ ਗੋਬਿੰਦ ਸੰਤ ਰੇਨਾ॥
ਮਸਤਕਿ ਲਾਇ ਪਰਮ ਪਦੁ ਪਾ ਵਉ ਜਿਸੁ ਪ੍ਰਾਪਤਿ ਸੋ ਪਾਵੈਗਾ॥੧੮॥

ਅਰਥ:- ਦ੍ਰਿਸ਼ਟਮਾਨ ਜੋ ਕੁਛ ਵੀ ਅੱਖਾਂ ਨਾਲ ਦੇਖਣ ਵਿਚ ਆਉਂਦਾ ਹੈ ਸਭ ਮਿਥਿਆ ਹੈ। ਹੇ ਗੋਬਿੰਦ=ਆਪ ਜੀ ਦੇ ਪਾਸੋਂ ਮੈਂ ਇਕ ਦਾਨ ਮੰਗਦਾ ਹਾਂ, ਆਪ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜੀ ਦਿਉ।

੨. ਸੰਤਾਂ ਦੀ ਧੂੜੀ ਨੂੰ ਮਸਤਕਿ-ਮਥੇ ਤੇ ਲਾਕੇ ਪਰਮ ਪਦ ਵੀ ਪਾਵਾਂਗਾ, ਜਿਸ ਨੂੰ ਚਰਨ ਧੂੜੀ ਪ੍ਰਾਪਤ ਹੋਵੇਗੀ ਉਹੀ ਆਪ ਜੀ ਨੂੰ ਪਾਵੇਗਾ॥੧੯॥

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥
(ਪੰਨਾ ੧੦੮੩)

ਅਰਥ:- ਹੇ ਪਰਮਾਤਮਾ= ਅਸੀਂ ਜਿਹਬਾ=ਜ਼ਬਾਨ ਦੇ ਨਾਲ ਤੇਰੇ ਕਿਰਤਮ ਤੋਂ ਭਾਵ=ਤੇਰੇ ਕੀਤੇ ਹੋਏ ਕਰਮਾਂ ਅਨੁਸਾਰ ਆਪ ਜੀ ਦੇ ਨਾਮ ਕਥਨ ਕੀਤੇ ਹਨ। ਆਪ ਜੀ ਦਾ ਜੋ=ਸਤਿ ਨਾਮੁ=ਨਾਮ ਹੈ ਇਹ ਪਰਾਪੂਰਬਲਾ ਆਦ ਤੋਂ ਹੀ ਹੈ, ਜੋ ਕੋਈ ਵੀ ਉਸ ਸਮੇਂ ਨੂੰ ਵਿਖਿਆਣ ਨਹੀਂ ਕਰ ਸਕਦਾ। ਮੁਰਦੈਂਤ ਨੂੰ ਮਾਰਨ ਕਰਕੇ ਆਪ ਜੀ ਦਾ ਨਾਮ ਮੁਰਾਰੀ ਪੈ ਗਿਆ। ਮਧੂ ਦੈਂਤ ਨੂੰ ਮਾਰਨ ਕਰਕੇ ਆਪ ਜੀ ਦਾ ਨਾਮ ਮਧੁਸੂਦਨ ਪੈ ਗਿਆ। ਗਵਰਧਨ ਪਰਬਤ ਨੂੰ ਉਂਗਲਾਂ 'ਤੇ ਉਠਾਣ ਕਰਕੇ ਆਪ ਜੀ ਦਾ ਨਾਮ ਗਵਰਧਨ ਧਾਰੀ ਪੈ ਗਿਆ। ਕ੍ਰਿਸ਼ਨ ਰੂਪ ਧਾਰਕੇ ਮੁਰਲੀ ਵਜਾਈ ਮੁਰਲੀ ਮਨੋਹਰ ਨਾਮ ਪੈ ਗਿਆ। ਭਗਤਾਂ ਦੀ ਸਹਾਇਤਾ ਕਰਨ ਕਰਕੇ ਆਪ ਜੀ ਦਾ ਨਾਮ ਭਗਤ ਵਛਲ ਪੈ ਗਿਆ। ਜੈਸੀ ਕਿਰਿਆ ਕੀਤੀ ਕਰਮ ਕੀਤੇ ਤੈਸਾ ਹੀ ਨਾਮੁ ਆਪ ਜੀ ਦਾ ਪੈ ਗਿਆ।

ਤਥਾ= ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥੧॥
(ਦਸਮ ਗ੍ਰੰਥ ਪੰਨਾ ੧)
ਮਲਾਰ ਮਹਲਾ ੩॥
ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਇ॥
(ਪੰਨਾ ੧੨੫੭)

ਅਰਥ:- ਨਿਰੰਕਾਰ ਆਪ ਹੀ ਅਕਾਰ ਸਰੂਪ ਧਾਰਦਾ ਹੈ, ਅਕਾਰ ਸਰੂਪ ਹੋ ਕੇ ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਭਰਮਾਂ ਵਿਚ ਭੁਲਾਂਦਾ॥

ਤਥਾ= ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
(ਪੰਨਾ ੧੩੯੫)
ਸਵਈਏ ਮਹਲੇ ਪਹਿਲੇ ਕੇ
ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥

ਅਰਥ:- ਹੇ ਸਤਿਗੁਰੂ ਨਾਨਕ ਦੇਵ ਜੀ=ਸਤਿਜੁਗ ਵਿਚ ਆਪ ਜੀ ਨੇ ਆਨੰਦ ਮਾਣਿਆ। ਬਾਵਨ ਅਵਤਾਰ ਧਾਰਕੇ ਬਲ ਰਾਜੇ ਨੂੰ ਛਲਨਾ ਕੀਤਾ। ਦੋ ਕਰਮਾਂ ਵਿਚ ਤਿੰਨੇ ਲੋਕ ਮਿਣ ਲਏ ਸੀ। ਤ੍ਰੇਤੇ ਜੁਗ ਵਿਚ ਆਪ ਜੀ ਨੇ ਆਨੰਦ ਮਾਣਿਆ, ਰਾਵਣ ਨੂੰ ਮਾਰਨ ਵਾਸਤੇ ਆਪ ਜੀ ਰਘੂਵੰਸ ਕੁਲ ਵਿਖੇ ਰਾਮਚੰਦ੍ਰ ਰੂਪ ਧਾਰਿਆ।

ਦੁਆਪਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

੨. ਹੇ ਸਤਿਗੁਰੂ ਨਾਨਕ ਦੇਵ ਜੀ=ਦੁਆਪਰ ਜੁਗ ਵਿਚ ਆਪ ਜੀ ਹੀ ਕ੍ਰਿਸ਼ਨ ਮੁਰਾਰੀ ਰੂਪ ਧਾਰਕੇ ਕੰਸ ਰਾਜੇ ਨੂੰ ਮਾਰਕੇ ਕਿਰਤਾਰਥੁ ਕਲਿਆਣ ਕੀਤਾ ਸੀ।

ਕਲਿ ਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥

ਅਰਥ:- ਹੇ ਸਤਿਗੁਰੂ ਨਾਨਕ ਦੇਵ ਜੀ ਕੰਸ ਨੂੰ ਮਾਰ ਕੇ ਮਥਰਾ ਦਾ ਰਾਜ ਉਗ੍ਰਸੈਣ ਨੂੰ ਆਪ ਜੀ ਦੇ ਨਾਨੇ ਜੀ ਨੂੰ ਦਿਤਾ। ਆਪ ਜੀ ਨੇ ਭਗਤ ਜਨਾ ਨੂੰ ਨਿਰਭੈ ਕੀਤਾ ਜੋ ਰਾਜੇ ਕੰਸ ਨੇ ਤੰਗ ਪਰੇਸ਼ਾਨ ਕੀਤੇ ਸੀ, ਭਗਤਾਂ ਨੇ ਆਪ ਜੀ ਦਾ ਧੰਨਵਾਦ ਕੀਤਾ।

੨. ਹੇ ਸਤਿਗੁਰੂ ਨਾਨਕ ਦੇਵ ਜੀ=ਪਿਛਲਿਆਂ ਜੁਗਾਂ ਦੇ ਪ੍ਰਮਾਣ=ਸਦਰਸ਼ ਇਸ ਕਲਜੁਗ ਵਿਖੇ ਆਪਣੇ ਆਪਨੂੰ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਰੂਪ ਕਹਾਏ ਹੈ।

੩. ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥੭॥
(ਪੰਨਾ ੧੩੯੦)

ਅਰਥ:- ਹੇ ਸਤਿਗੁਰੂ ਨਾਨਕ ਦੇਵ ਜੀ ਆਪ ਜੀ ਦੀ ਗੁਰਿਆਈ ਗੱਦੀ ਦਾ ਰਾਜ ਅਬਿਚਲੁ ਅਤੇ ਅਟਲ ਹੋਣਾ ਆਦਿ ਪੁਰਖ ਪ੍ਰਮਾਤਮਾ ਨੇ ਫੁਰਮਾਨ ਕੀਤਾ ਹੈ॥੭॥

ਤਥਾ= ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਪੰਨਾ ੧੪੦੮)
ਸਵਈਏ ਮਹਲੇ ਚਉਥੇ ਕੇ
ਤਥਾ= ਅਬ ਰਾਖਹੁ ਦਾਸ ਭਾਟ ਕੀ ਲਾਜ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ਼ ਫਾਰੇ ਕਰ ਆਜ॥
ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥
ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥
ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟਕੀ ਲਾਜ॥੮॥
(ਪੰਨਾ ੧੪੦੦)
ਤਥਾ= ਬਿਪ੍ਰ ਸੁਦਾਮਾ ਦਾਲਦੀ ਬਾਲ ਸਖਾਈ ਮਿਤ੍ਰ ਸਦਾਇ॥
ਲਾਗੂ ਹੋਹੀ ਬਾਮ੍ਹਣੀ ਮਿਲਿ ਜਗਦੀਸ਼ ਦਲਿਦ੍ਰ ਗਵਾਏ।
ਚਲਦਾ ਗਿਣਦਾ ਗਟੀਆਂ ਕਿਉਂ ਕਰਿ ਜਾਈਐ ਕਉਣੁ ਮਿਲਾਏ।
ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣ ਹਰਿ ਜੀ ਆਏ।
ਪਹਿਲੇ ਦੇ ਪਰਦਖਣਾ ਪੈਰੀਂ ਪੈ ਕੇ ਲੈ ਗਲਿ ਲਾਏ।
ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
ਲੈ ਕੇ ਤੰਦੁਲ ਚਬਿਓਨੁ ਵਿਦਾਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ॥
ਵਾਰ ੧੦ ਪਉੜੀ ੯
(ਭਾਈ ਗੁਰਦਾਸ ਸਾਹਿਬ ਜੀ)

ਜਿਨ੍ਹਾਂ ਜਿਨ੍ਹਾਂ ਨੇ ਪ੍ਰਭੂ ਨੂੰ ਤਨ, ਮਨ, ਧਨ ਕਰਕੇ ਜਪਿਆ ਉਨ੍ਹਾਂ ਨੂੰ ਪੂਰਨ ਸੁਖ ਪ੍ਰਾਪਤ ਹੋਇਆ ਹੈ। ਸਤਿਗੁਰੂ ਅਰਜਨ ਦੇਵ ਮਹਾਰਾਜ ਕਥਨ ਕਰਦੇ ਹਨ ਕਿ ਨਾਮੁ ਜਪਣ ਵਾਲਿਆਂ ਦੀਆਂ ਕਥਾ ਕਹਾਣੀਆਂ ਸੁਣਨਾ ਕਰੋ ਜਿਸ ਤਰ੍ਹਾਂ ਇਨ੍ਹਾਂ ਸੰਤਾਂ ਭਗਤਾਂ ਨੇ ਪ੍ਰਭੂ ਨੂੰ ਧਿਆਇਆ ਹੈ ਸਿਮਰਨ ਕੀਤਾ ਹੈ ਤੁਸੀਂ ਵੀ ਉਸੇ ਤਰ੍ਹਾਂ ਤਨ, ਮਨ, ਧਨ ਕਰਕੇ ਜਪਣਾ ਕਰੋ।

# ਆਓ, ਸਿਆਸੀ ਸੁਆਰਥ ਲਈ ਇਤਿਹਾਸ ਵਿਗਾੜੀਏ

-ਜਸਵੰਤ ਸਿੰਘ ਅਜੀਤ

ਬੀਤੇ ਦਿਨੀਂ ਜਦੋਂ ਸਿੱਖ ਜਗਤ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸ਼ਰਧਾ ਅਤੇ ਸਮਰਪਿਤ ਭਾਵਨਾ ਨਾਲ ਮਨਾ ਰਿਹਾ ਸੀ, ਓਦੋਂ ਅਕਾਲੀ ਦਲ (ਬਾਦਲ) ਦੀ ਸੱਤਾ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਮਨਜਿੰ-ਦਰ ਸਿੰਘ ਸਿਰਸਾ (ਪ੍ਰਧਾਨ), ਕੁਲਵੰਤ ਸਿੰਘ ਬਾਠ (ਉਪ ਪ੍ਰਧਾਨ), ਹਰਮੀਤ ਸਿੰਘ ਕਾਲਕਾ (ਜਨਰਲ ਸਕੱਤਰ) ਅਤੇ ਵਿੱਕੀ ਮਾਨ (ਸਲਾਹਕਾਰ) ਨੇ ਨਵੀਂ ਦਿੱਲੀ ਸਥਿਤ ਔਰੰਗਜ਼ੇਬ ਲੇਨ ਪਹੁੰਚ ਕੇ ਉਥੇ ਲੱਗੇ ਦਿਸ਼ਾ-ਸੂਚਕ ਫੱਟੇ ਉਤੇ ਲਿਖੇ ਔਰੰਗਜ਼ੇਬ ਲੇਨ ਸ਼ਬਦਾਂ 'ਤੇ ਕਾਲਖ ਮਲ ਕੇ ਦਾਅਵਾ ਕਰ ਰਹੇ ਸਨ ਕਿ ਏਦਾਂ ਕਰ ਕੇ ਉਨ੍ਹਾਂ ਨੇ ਔਰੰਗਜ਼ੇਬ ਦੇ ਜਬਰ ਜ਼ੁਲਮ ਪ੍ਰਤੀ ਵਿਰੋਧ ਦਰਜ ਕਰਾਇਆ ਹੈ। ਨਾਲ ਹੀ ਇਹ ਵੀ ਮੰਗ ਸਿਰਸਾ ਨੇ ਕੀਤੀ ਹੈ ਕਿ ਜਾਬਰ ਔਰੰਗਜ਼ੇਬ ਨਾਲ ਸੰਬੰਧਤ ਚੈਪਟਰ ਨੂੰ ਭਾਰਤੀ ਇਤਿਹਾਸ 'ਚੋਂ ਮਨਫੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇੱਕ ਆਜ਼ਾਦ ਦੇਸ਼ ਵਿੱਚ ਜਾਬਰ ਜ਼ਾਲਮ ਬਾਦਸ਼ਾਹ ਦੀ ਉਸਤਤ ਕੀਤੀ ਜਾਣੀ ਕਿਸੇ ਵੀ ਤਰ੍ਹਾਂ ਉਚਿਤ ਨਹੀਂ। ਦੱਸਿਆ ਜਾਂਦਾ ਹੈ ਕਿ ਜਿੱਥੇ ਸਿਆਸੀ ਸੁਆਰਥ ਤੋਂ ਪ੍ਰੇਰਤ ਵਰਗ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਦੀ ਇਸ ਕਾਰਵਾਈ ਦਾ ਸਵਾਗਤ ਕਰਦੇ ਹੋਏ ਕੱਛਾਂ ਵਜਾਈਆਂ ਗਈਆਂ, ਓਥੇ ਕਈ ਪ੍ਰਮੁੱਖ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਇਸ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿਆਸੀ ਸੁਆਰਥ ਕਾਰਨ ਕਿਸੇ ਵੀ ਮੁੱਦੇ




ਨਾਲ ਨਾ ਛੇੜਛਾੜ ਕੀਤੀ ਜਾਣੀ ਚਾਹੀਦੀ ਹੈ ਅਤੇ ਨਾ ਉਸ ਦੀ ਇਤਿਹਾਸਕ ਅਣਦੇਖੀ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਔਰੰਗਜ਼ੇਬ ਦੇ ਜੀਵਨਕਾਲ ਨਾਲ ਸੰਬੰਧਤ ਚੈਪਟਰ ਵਿੱਚ ਸਿਰਫ ਉਸ ਦੇ ਜਬਰ ਜ਼ੁਲਮ ਅਤੇ ਬੇਇਨਸਾਫੀ ਦਾ ਹੀ ਵਰਣਨ ਨਹੀਂ, ਉਸ ਦੇ ਜਬਰ ਜ਼ੁਲਮ ਵਿਰੋਧ ਕਰਦੇ ਹੋਏ ਦਿੱਤੀਆਂ ਗਈਆਂ ਸ਼ਹਾਦਤਾਂ ਦਾ ਜ਼ਿਕਰ ਵੀ ਹੈ, ਜੋ ਦੇਸ਼ ਦੀ ਹਰ ਪੀੜ੍ਹੀ ਨੂੰ ਜਬਰ ਜ਼ੁਲਮ ਅਤੇ ਬੇਇਨਸਾਫੀ ਦੇ ਵਿਰੁੱਧ ਜੂਝਦੇ ਰਹਿਣ ਲਈ ਪ੍ਰੇਰਿਤ ਕਰਦਾ ਹੈ ਤੇ ਭਵਿੱਖ ਵਿੱਚ ਅਜਿਹਾ ਕਰਦਾ ਰਹੇਗਾ। ਇਹ ਇਤਿਹਾਸਕਾਰ ਪੁੱਛਦੇ ਹਨ ਕਿ ਜੇ ਇਤਿਹਾਸ ਤੋਂ ਔਰੰਗਜ਼ੇਬ ਦੇ ਚੈਪਟਰ ਨੂੰ ਹਟਾ ਦਿੱਤਾ ਗਿਆ ਤਾਂ ਕੀ ਉਸ ਦੇ ਜ਼ੁਲਮ ਦੀ ਦਾਸਤਾਨ ਦੇ ਨਾਲ ਉਸ ਦੇ ਵਿਰੁੱਧ ਸੰਘਰਸ਼ ਕਰਨ ਅਤੇ ਸ਼ਹਾਦਤਾਂ ਦੇਣ ਵਾਲਿਆਂ ਦੀ ਦਾਸਤਾਨ ਵੀ ਇਤਿਹਾਸ 'ਚੋਂ ਮਨਫੀ ਨਾ ਹੋ ਜਾਵੇਗੀ? ਫਿਰ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸ ਦੇ ਜ਼ੁਲਮ ਵਿਰੁੱਧ ਲੰਮਾ ਸੰਘਰਸ਼ ਕਰਦਿਆਂ ਆਪਣੇ ਪਰਵਾਰ ਤੱਕ ਨੂੰ ਕੁਰਬਾਨ ਕਰ ਦਿੱਤੇ ਜਾਣ ਦੀ ਕਥਾ ਭਵਿੱਖੀ ਪੀੜ੍ਹੀ ਨੂੰ ਕਿਵੇਂ ਸੁਣਾਓਗੇ? ਦੱਖਣ ਵਿੱਚ ਸ਼ਿਵਾਜੀ ਮਰਾਠਾ ਆਦਿ ਅਣਖੀਲੀਆਂ ਸ਼ਖਸੀਅਤਾਂ ਵੱਲੋਂ ਉਸ ਦੇ ਜ਼ੁਲਮ ਵਿਰੁੱਧ ਕੀਤੇ ਸੰਘਰਸ਼ ਦਾ ਇਤਿਹਾਸ ਕਿਵੇਂ ਸੁਣਾਓਗੇ? ਆਪਣੀ ਅਗਲੀ ਪੀੜ੍ਹੀ ਨੂੰ ਜ਼ੁਲਮ ਵਿਰੁੱਧ ਜੂਝ ਮਰਨ ਦੀ ਪ੍ਰੇਰਨਾ ਦੀਆਂ ਦਾਸਤਾਨਾਂ ਸੁਣਾਉਣ ਲਈ ਕਿੱਥੋਂ ਲਿਆ ਸਕੋਗੇ? ਇਹੋ ਕਾਰਨ ਹੈ ਕਿ ਭਾਰਤੀ ਇਤਿਹਾਸਕਾਰਾਂ ਦੀ ਮਾਨਤਾ ਹੈ ਕਿ ਸਿਆਸੀ ਸੁਆਰਥ ਦੀ ਲਾਲਸਾ ਦੇ ਸ਼ਿਕਾਰ ਹੋ, ਭਾਰਤ ਦੇ ਬੇਸ਼ਕੀਮਤੀ ਕੁਰਬਾਨੀਆਂ ਨਾਲ ਭਰਪੂਰ ਇਤਿਹਾਸ ਅਤੇ ਭਵਿੱਖੀ ਪੀੜ੍ਹੀ ਦੇ ਭਵਿੱਖ ਦੇ ਨਾਲ ਖਿਲਵਾੜ ਹੀ ਨਾ ਕੀਤਾ ਜਾਵੇ।

ਬੀਤੇ ਕੁਝ ਸਮੇ ਤੋਂ ਨਵ ਗਠਿਤ ਜਾਗੋ ਜਥੇਬੰਦੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਵੱਲੋਂ ਸਿੱਖ ਹਿੱਤਾਂ ਅਧਿਕਾਰਾਂ ਨਾਲ ਸੰਬੰਧਤ ਸਿਆਸੀ ਮੁੱਦਿਆਂ 'ਤੇ ਆਵਾਜ਼ ਉਠਾਉਣ ਬਾਰੇ ਕੁਝ ਆਗੂਆਂ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਜੇ ਜਾਗੋ ਧਾਰਮਿਕ ਜਥੇਬੰਦੀ ਹੈ, ਜਿਵੇਂ ਮਨਜੀਤ ਸਿੰਘ ਜੀ ਕੇ ਨੇ ਉਸ ਦੇ ਗਠਨ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਸੀ, ਫਿਰ ਉਸ ਦੇ ਮੁਖੀ ਕਿਉਂ ਸਿਆਸੀ ਮੁੱਦਿਆਂ 'ਤੇ ਸਵਾਲ ਕਰਦੇ ਹਨ? ਇਸ 'ਤੇ ਜਾਗੋ ਦੇ ਇੱਕ ਆਗੂ ਨੇ ਕਿਹਾ ਕਿ ਜੀ ਕੇ ਨੇ ਸ਼ੁਰੂ ਤੋਂ ਹੀ ਸਾਫ ਕਰ ਦਿੱਤਾ ਸੀ ਕਿ ਜਾਗੋ ਧਾਰਮਿਕ ਜਥੇਬੰਦੀ ਹੈ, ਜਿਸ ਦੇ ਚਲਦੇ ਉਸ ਦਾ ਕੋਈ ਮੁਖੀ ਜਾਂ ਮੈਂਬਰ ਕਿਸੇ ਵੀ ਸਿਆਸੀ ਸੰਸਥਾ ਦੀ ਚੋਣ ਨਹੀਂ ਲੜੇਗਾ ਅਤੇ ਨਾ ਕਿਸੇ ਸਿਆਸੀ ਪਾਰਟੀ ਵਿੱਚ ਕੋਈ ਅਹੁਦਾ ਲਵੇਗਾ, ਪਰ ਸਿੱਖਾਂ ਦੇ ਸਿਆਸੀ ਹਿੱਤਾਂ-ਅਧਿਕਾਰਾਂ 'ਤੇ ਹੋਣ ਵਾਲੇ ਹਮਲਿਆਂ ਦੀ ਸੂਰਤ ਵਿੱਚ ਉਹ ਮੂਕ ਦਰਸ਼ਕ ਬਣੀ ਨਹੀਂ ਰਹਿ ਸਕੇਗੀ।

ਬੀਤੇ ਕੁਝ ਸਮੇਂ ਤੋਂ ਦਿੱਲੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵਿੱਚ ਹੋ ਰਹੇ ਘਪਲਿਆਂ ਦੀ ਕਹਾਣੀ ਲਗਾਤਾਰ ਸਾਹਮਣੇ ਆ ਰਹੀ ਹੈ ਅਤੇ ਇਸ ਸੰਬੰਧ ਵਿੱਚ ਜਿਸ ਤਰ੍ਹਾਂ ਦਸਤਾਵੇਜ਼ੀ ਸਬੂਤ ਜਾਰੀ ਹੋ ਰਹੇ ਹਨ, ਉਨ੍ਹਾਂ ਦੇ ਕਾਰਨ ਨਾ ਸਿਰਫ ਗੁਰਦੁਆਰਾ ਕਮੇਟੀ ਦਾ ਹੀ, ਸਗੋਂ ਸਮੁੱਚੇ ਸਿੱਖ ਜਗਤ ਦਾ ਅਕਸ ਧੁੰਦਲਾ ਹੁੰਦਾ ਜਾ ਰਿਹਾ ਹੈ। ਇਸੇ ਕਾਰਨ ਦਿੱਲੀ ਅਤੇ ਕੇਂਦਰੀ ਸਰਕਾਰਾਂ ਵੱਲੋਂ ਅਪਣਾਈ ਗਈ ਚੁੱਪ ਆਮ ਸਿੱਖਾਂ ਦੇ ਗਲੇ ਨਹੀਂ ਉਤਰ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਦਿੱਲੀ ਸਰਕਾਰ ਦੀ ਸਿਫਾਰਸ਼ ਦੇ ਆਧਾਰ 'ਤੇ ਕੇਂਦਰੀ ਸਰਕਾਰ ਨੇ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਜੋ ਗੁਰਦੁਆਰਾ ਕਾਨੂੰਨ ਬਣਾਇਆ ਸੀ, ਉਸ ਨੇ ਦਿੱਲੀ ਅਤੇ ਕੇਂਦਰੀ ਸਰਕਾਰਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੋਈ ਹੈ ਕਿ ਜੇ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਗੜਬੜ ਹੁੰਦੀ ਹੈ ਤਾਂ ਉਹ ਉਸ ਨਾਲ ਨਜਿੱਠਣ ਲਈ ਗੁਰਦੁਆਰਾ ਪ੍ਰਬੰਧ ਵਿੱਚ ਦਖਲ ਅੰਦਾਜ਼ੀ ਕਰ ਸਕਦੀ ਹੈ, ਪਰ ਇਥੇ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਸਿਆਸੀ ਸੁਆਰਥਾਂ ਦੀ ਪੂਰਤੀ ਲਈ ਲੰਮੇ ਸਮੇਂ ਤੋਂ ਗੁਰਦੁਆਰਾ ਕਮੇਟੀ ਦੇ ਸਮੁੱਚੇ ਸਾਧਨਾਂ ਦੀ ਕਥਿਤ ਤੌਰ 'ਤੇ ਦੁਰਵਰਤੋਂ ਕੀਤੀ ਚਲੀ ਆ ਰਹੀ ਹੈ ਅਤੇ ਇਹ ਸਭ ਦਿੱਲੀ ਅਤੇ ਕੇਂਦਰੀ ਸਰਕਾਰਾਂ ਦੇ ਨੱਕ ਹੇਠ ਹੋ ਰਿਹਾ ਹੈ।

# ਉਪਰ ਦਾ ਆਦੇਸ਼ ਹੈ

-ਵਿਜੀ ਸ੍ਰੀਵਾਸਤਵ

ਉਪਰ ਦਾ ਆਦੇਸ਼ ਹੈ। ਉਪਰ ਤੋਂ ਆਏ ਆਦੇਸ਼ ਨੂੰ ਵਿੱਚ ਵਾਲਾ ਆਪਣੇ ਤੋਂ ਹੇਠਾਂ ਵਾਲੇ ਨੂੰ ਦੱਸ ਰਿਹਾ ਹੈ।

ਪਹਿਲੀ ਵਾਰ ਨਹੀਂ ਵਾਰ-ਵਾਰ, ਹਰ ਵਾਰ ਆਦੇਸ਼ ਉਪਰ ਤੋਂ ਚਲ ਕੇ ਆਉਂਦਾ ਹੈ। ਕੋਈ ਨਾ ਕੋਈ ਉਚੀ ਗੱਲ ਲੈ ਕੇ ਆਉਂਦਾ ਹੈ। ਉਪਰ ਤੋਂ ਆਉਂਦਾ ਹੈ, ਇਸ ਲਈ ਇਸ ਵਾਰ ਵੀ ਜਿੱਥੋਂ ਆਉਣਾ ਚਾਹੀਦੈ, ਉਥੋਂ ਆਇਆ ਹੈ। ਉਚੀ ਗੱਲ ਨੂੰ ਵਿੱਚ ਵਾਲਾ ਉਚੀ ਆਵਾਜ਼ ਵਿੱਚ ਦੱਸਦਾ ਹੈ। ਇਸ ਤਰ੍ਹਾਂ ਉਹ ਦੱਸਦਾ ਹੈ ਕਿ ਉਹ ਖੁਦ ਵੀ ਕੁਝ ਘੱਟ ਉਚਾ ਨਹੀਂ ਹੈ। ਉਹ ਸਾਫ ਤੌਰ 'ਤੇ ਦੱਸ ਦਿੰਦਾ ਹੈ ਕਿ ਮੈਂ ਜਾਂ ਤੁਸੀਂ ਕੁਝ ਨਹੀਂ ਕਰ ਸਕਦੇ, ਬਲਕਿ ਕੋਈ ਵੀ ਇਸ ਮਾਮਲੇ ਵਿੱਚ ਕੁਝ ਨਹੀਂ ਕਰ ਸਕਦਾ, ਕਿਉਂਕਿ ਆਦੇਸ਼ ਉਪਰ ਦਾ ਹੈ।

ਉਪਰ ਦਾ ਆਦੇਸ਼ ਦਬਦਬੇ ਦਾ ਮਾਪਦੰਡ ਹੁੰਦਾ ਹੈ। ਕਦ, ਪਦ, ਤਾਕਤ ਦਾ। ਉਪਰ ਦਾ ਆਦੇਸ਼ ਆਮ ਦਾਇਰੇ ਤੋਂ ਬਾਹਰ ਦਾ ਹੁੰਦਾ ਹੈ। ਉਹ ਹੇਠਲਿਆਂ ਲਈ ਮੁਸੀਬਤਾਂ ਦਾ ਹਾਰ ਹੁੰਦਾ ਹੈ। ਵਿੱਚ ਵਾਲੇ ਇਸ ਨੂੰ ਮਨਵਾਉਣ ਲਈ ਮਜਬੂਰ ਹੁੰਦੇ ਹਨ। ਆਦੇਸ਼ ਉਪਰ ਵਾਲਿਆਂ ਲਈ ਬਿਲਕੁਲ ਨਹੀਂ ਹੁੰਦਾ। ਉਹ ਇਸ ਨੂੰ ਮੰਨਣਗੇ ਤਾਂ ਹੇਠਾਂ ਨਾ ਹੋ ਜਾਣਗੇ।

ਉਪਰ ਦਾ ਆਦੇਸ਼ ਹੈ, ਇਸ ਲਈ ਉਹ ਕੁਝ ਹੋ ਸਕਦਾ ਹੈ। ਆਦੇਸ਼ ਨੂੰ ਘੱਟ ਨਾ ਆਂਕਣਾ। ਕੱਲ੍ਹ ਤੋਂ ਸਬਜ਼ੀ ਵੇਚਣ ਵਾਲੇ ਇਥੇ ਨਹੀਂ ਬੈਠਣਗੇ। ਉਪਰ ਦਾ ਆਦੇਸ਼ ਹੈ। ਇਥੇ ਸੁਪਰ ਮਾਰਕੀਟ ਬਣੇਗੀ। ਵੱਡੀਆਂ ਦੁਕਾਨਾਂ 'ਤੇ ਵੱਡੇ ਲੋਕਾਂ ਦੀ ਸਬਜ਼ੀ ਵਿਕੇਗੀ। ਸਬਜ਼ੀਆਂ ਦੀ ਇੱਜ਼ਤ ਵਧੇਗੀ। ਵੇਚਣ ਵਾਲੇ ਅਤੇ ਖਰੀਦਣ ਵਾਲੇ ਇੱਜ਼ਤਦਾਰ ਹੋਣਗੇ।

ਉਪਰ ਦਾ ਆਦੇਸ਼ ਹੈ। ਬੇਰੋਜ਼ਗਾਰੀ ਘਟਾਉਣੀ ਹੈ। ਰੋਜ਼ਗਾਰ ਦੇਣ ਦੇ ਨਾਂਅ 'ਤੇ ਨਵੀਂ ਭਰਤੀ ਕਰਨੀ ਹੈ, ਇਸ ਲਈ ਪੁਰਾਣਿਆਂ ਦੀ ਨੌਕਰੀ ਖੁੱਸੇਗੀ। ਨਵੀਂ ਪੌਦ ਉਗਾਉਣ ਦੇ ਲਈ ਵੱਡੇ ਰੁੱਖਾਂ ਨੂੰ ਜਗ੍ਹਾ ਖਾਲੀ ਕਰਨੀ ਪਵੇਗੀ।

ਉਪਰ ਦਾ ਆਦੇਸ਼ ਹੈ। ਲਗਾਮਾਂ ਘਟਣਗੀਆਂ। ਪੂਛ ਹਿਲਾਉਂਦੇ ਲੋਕਾਂ ਨੂੰ ਵਫਾਦਾਰੀ ਦੇ ਤਮਗੇ ਵੰਡੇ ਜਾਣਗੇ। ਜ਼ਮੀਰ ਵੇਚਣ ਵਾਲਿਆਂ ਦੀ ਜ਼ਮੀਰ ਦੇ ਪਟਿਆਂ ਦਾ ਰਿਨਿਊਵਲ ਹੋਵੇਗਾ।

ਉਪਰ ਦਾ ਆਦੇਸ਼ ਹੈ। ਸਮਾਜਵਾਦੀ ਪਰਿਭਾਸ਼ਾ ਬਦਲੇਗੀ। ਔਕਾਤ ਦੇ ਵੱਖ-ਵੱਖ ਢੇਰ ਬਣਾ ਕੇ ਸਹੂਲਤਾਂ ਵੰਡੀਆਂ ਜਾਣਗੀਆਂ। ਔਕਾਤ ਪ੍ਰੀਖਣ ਦੇ ਲਈ ਕਮਿਸ਼ਨ ਬਣੇਗਾ।

ਉਪਰ ਦਾ ਆਦੇਸ਼ ਹੈ। ਮੁਰਦਿਆਂ ਦੇ ਗੁਰਦਿਆਂ ਦਾ ਭਾਰ ਤੋਲ ਕੇ ਉਨ੍ਹਾਂ ਦਾ ਇਤਿਹਾਸ ਲਿਖਿਆ ਜਾਏਗਾ। ਫਿਰ ਮਹਾਨਤਾ ਦੇ ਮੀਟਰ 'ਤੇ ਨਾਪ ਕੇ ਪਾਰਟੀਆਂ ਉਨ੍ਹਾਂ 'ਤੇ ਆਪਣਾ ਹੋਣ ਦਾ ਦਾਅਵਾ ਪੇਸ਼ ਕਰ ਸਕਣ, ਇਸ ਕੰਮ ਦੇ ਲਈ ਸਹੂਲਤ ਦਿੱਤੀ ਜਾਏਗੀ।

ਉਪਰ ਦਾ ਆਦੇਸ਼ ਹੈ। ਤੁਹਾਨੂੰ ਸੁਫਨੇ ਦਿਖਾਏ ਜਾਣਗੇ। ਜੋ ਦੇਖਣ ਤੋਂ ਇਨਕਾਰ ਕਰੇਗਾ, ਉਸ ਨੂੰ ਕੋੜੇ ਮਾਰੇ ਜਾਣਗੇ। ਅਪਣੀ ਨੀਂਦਾਂ ਦੇ ਸੁਫਨੇ ਅਦਲਣ-ਬਦਲਣ ਦੇ ਕੈਂਪ ਲੱਗਣਗੇ, ਕੈਂਪੇਨ ਚੱਲਣਗੇ। ਜਾਗਦੇ ਰਹੋ ਕਹਿਣ ਉੱਤੇ ਜਾਗਣਾ ਹੋਵੇਗਾ, ਇਸ਼ਾਰੇ ਦੀ ਵ੍ਹਿਸਲ 'ਤੇ ਸੌਣਾ ਪਵੇਗਾ।

ਉਪਰ ਦੇ ਆਦੇਸ਼ ਵਿੱਚ ਸੰਵੇਦਨਾ ਨਹੀਂ ਹੁੰਦੀ। ਉਸ ਦੀਆਂ ਅੱਖਾਂ ਨਹੀਂ ਹੁੰਦੀਆਂ। ਉਸ ਵਿੱਚ ਕਰੁਣਾ ਨਹੀਂ ਜਾਗਦੀ। ਉਸ ਦੇ ਆਪਣੇ ਕੋਈ ਨਹੀਂ ਹੁੰਦੇ। ਉਹ ਉਪਰ ਤੋਂ ਚੱਲਦਾ ਹੈ, ਉਪਰ ਤੋਂ ਹੀ ਰੁਕਦਾ ਹੈ। ਉਪਰ ਦਾ ਆਦੇਸ਼ ਹੈ, ਤਦ ਵੀ ਬਹੁਤ ਕੁਝ ਨਹੀਂ ਹੋਣਾ ਹੋਵੇਗਾ।

ਹਤਿਆਰੇ ਦਿਨ ਦਿਹਾੜੇ ਨੱਚਣਗੇ, ਦੰਗਾਕਾਰੀ ਸ਼ਹਿਰ ਨੂੰ ਲੁੱਟਣਗੇ। ਵਰਦੀ ਕਿੱਲੀ 'ਤੇ ਟੰਗੀ ਰਹੇਗੀ। ਡੰਡੇ ਬਰਫ ਬਣੇ ਰਹਿਣਗੇ। ਜਦ ਤੱਕ ਉਪਰ ਦਾ ਆਦੇਸ਼ ਨਹੀਂ ਹੋਵੇਗਾ, ਤਦ ਤੱਕ ਅੱਖਾਂ ਬੰਦ ਰਹਿਣਗੀਆਂ, ਕੰਨ ਢੱਕੇ ਰਹਿਣਗੇ। ਗੰਦਗੀ ਸਿਰ ਚੁੱਕੇਗੀ। ਨਾਲੇ ਮੌਜ ਮਨਾਉਣਗੇ। ਉਪਰ ਦਾ ਆਦੇਸ਼ ਨਹੀਂ। ਕਿਸੇ ਨੂੰ ਸਫਾਈ ਦਾ ਨਹੀਂ ਕਹਿ ਸਕਦੇ।

ਉਪਰ ਦਾ ਆਦੇਸ਼ ਨਹੀਂ ਹੈ ਤਾਂ ਫਾਈਲਾਂ ਟੇਬਲਾਂ 'ਤੇ ਰਹਿਣਗੀਆਂ। ਬਿਮਾਰੀਆਂ ਘਰ-ਘਰ ਖਿੜਖਿੜਾਉਣਗੀਆਂ। ਹੜ੍ਹ ਗ੍ਰਹਿਸਥੀ ਰੋੜ੍ਹ ਕੇ ਲੈ ਜਾਣਗੇ। ਨੌਕਰੀ ਲਈ ਉਤਾਵਲੇ ਪਾੜ੍ਹੇ ਓਵਰਏਜ਼ ਹੁੰਦੇ ਜਾਣਗੇ।

ਉਪਰ ਦਾ ਆਦੇਸ਼ ਨਹੀਂ ਹੈ। ਸੜਕਾਂ ਗੁੰਮ ਹੋ ਜਾਣਗੀਆਂ। ਹਨੇਰਾ, ਮਰਜ਼ੀ ਨਾਲ ਪੈਰ ਫੈਲਾਏਗਾ। ਸਮੱਸਿਆਵਾਂ ਬਹੁਤ ਸਾਰੀਆਂ ਹਨ, ਪਰ ਜਵਾਬ ਇੱਕ ਹੈ: ਉਪਰ ਤੋਂ ਆਦੇਸ਼ ਨਹੀਂ ਆਇਆ, ਇਸ ਲਈ ਕੁਝ ਨਹੀਂ ਹੋ ਸਕੇਗਾ। ਇਥੋਂ ਕੁਝ ਵੀ ਨਹੀਂ ਹੁੰਦਾ। ਜੋ ਹੁੰਦਾ ਹੈ, ਉਥੋਂ ਹੀ ਹੁੰਦਾ ਹੈ। ਉਪਰ ਦਾ ਆਦੇਸ਼ ਹੋਵੇਗਾ, ਤਦ ਹੋਵੇਗਾ।

ਉਪਰ ਦਾ ਆਦੇਸ਼ ਹੈ। ਜਦ ਤੱਕ ਆਦੇਸ਼ ਨਾ ਹੋਵੇ, ਤਦ ਤੱਕ ਕੁਝ ਵੀ ਨਾ ਹੋਵੇ। ਉਪਰ ਦਾ ਆਦੇਸ਼ ਕਦੋਂ ਹੋਵੇਗਾ? ਉਪਰ ਵਾਲੇ ਹੀ ਜਾਣ ਸਕਦੇ ਹਨ। ਜਦ ਉਹ ਜਾਨਣਗੇ, ਤਦ ਹੀ ਤੁਸੀਂ ਜਾਣੋਗੇ। ਉਪਰ ਦਾ ਆਦੇਸ਼ ਜਦ ਹੋਵੇਗਾ, ਤੁਹਾਨੂੰ ਦੱਸ ਦਿੱਤਾ ਜਾਏਗਾ। ਤੁਹਾਡੀ ਪਹੁੰਚ ਉਪਰ ਹੋਵੇ ਤਾਂ ਪਤਾ ਕਰ ਲਓ। ਉਪਰ ਤੱਕ ਪਹੁੰਚ ਨਹੀਂ ਹੈ ਤਾਂ ਤੁਹਾਨੂੰ ਜ਼ਰੂਰਤ ਹੀ ਕੀ ਕਿ ਕਦੋਂ, ਕੀ ਹੋਵੇਗਾ। ਇਸ ਲਈ ਜਦ ਹੋਵੇਗਾ, ਤਦ ਹੋਵੇਗਾ, ਪਰ ਉਪਰ ਦੇ ਆਦੇਸ਼ ਨਾਲ ਹੀ ਹੋਵੇਗਾ।

ਉਪਰ ਦਾ ਆਦੇਸ਼ ਨਹੀਂ ਹੈ ਤਾਂ ਦੇਸ਼ ਨਹੀਂ ਹੈ। ਉਪਰ ਦਾ ਆਦੇਸ਼ ਹੈ ਤਦ ਲੱਗਦਾ ਹੈ ਆਪਣਾ ਹੀ ਦੇਸ਼ ਹੈ।



ਗੁਰਦੁਆਰਾ ਚੱਕੀ ਸਾਹਿਬ, ਐਮਨਾਆਬਾਦ, ਗੁਜਰਾਂਵਾਲਾ

ਗੁਰਦੁਆਰਾ ਚੱਕੀ ਸਾਹਿਬ ਐਮਨਾਆਬਾਦ, ਗੁੱਜਰਾਂਵਾਲਾ ਸ਼ਹਿਨਸ਼ਾਹ ਬਾਬਰ ਦੀਆਂ ਫੌਜਾਂ ਨੇ ਜਦ ਸੰਮਤ 1578 ਨੂੰ ਸੈਦਪੁਰ ( ਐਮਨਾਆਬਾਦ ) ਉੱਤੇ ਕਬਜ਼ਾ ਕੀਤਾ ਤਾਂ ਉਹਨਾਂ ਹੋਰ ਬਹੁਤ ਸਾਰੇ ਲੋਕਾਂ ਦੇ ਨਾਲ ਨਾਲ ਸਤਿਗੁਰ ਨਾਨਕ ਦੇਵ ਜੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਅਤੇ ਉਹਨਾਂ ਤੋਂ ਚੱਕੀ ਪੀਹਣ ਦੀ ਮੁਸ਼ੱਕਤ ਲਈ ਗਈ। ਸਰਕਾਰੀ ਅਹਿਲਕਾਰਾਂ ਨੇ ਵੇਖਿਆ ਕਿ ਬਾਬਾ ਜੀ ਦੀ ਚੱਕੀ ਆਪੇ ਚੱਲ ਰਹੀ ਹੈ । ਉਹਨਾਂ ਨੇ ਜਾ ਕੇ ਬਾਬਰ ਨੂੰ ਦੱਸਿਆ ਤੇ ਉਹਨੇ ਬਾਬਾ ਜੀ ਨੂੰ ਆਪਣੇ ਕੋਲ ਸੱਦ ਲਿਆ। ਉੱਥੇ ਉਹਨੇ ਬਾਬਾ ਜੀ ਨਾਲ ਗੱਲਬਾਤ ਕੀਤੀ। ਉਹ ਬਾਬਾ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹਨੇ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ ਤੇ ਬਾਬਾ ਜੀ ਨੇ ਦੂਜੇ ਕੈਦੀਆਂ ਨੂੰ ਵੀ ਰਿਹਾਅ ਕਰਨ ਦਾ ਹੁਕਮ ਦਿੱਤਾ, ਜਿਸ ਨੂੰ ਬਾਬਰ ਨੇ ਮੰਨ ਲਿਆ। ਇਉਂ ਬਾਬਾ ਜੀ ਕਾਰਨ ਹਜ਼ਾਰਾਂ ਕੈਦੀ ਰਿਹਾਅ ਹੋ ਗਏ। ਇਸ ਅਸਥਾਨ ਉੱਤੇ ਜਿੱਥੇ ਆਪ ਕੈਦ ਹੋ ਕੇ ਚੱਕੀ ਚਲਾਉਂਦੇ ਰਹੇ, ਬਾਅਦ ਵਿੱਚ ਗੁਰਦੁਆਰਾ ਬਣਾ ਦਿੱਤਾ ਗਿਆ। ਅੱਜ ਵੀ ਉਹੀ ਬਾਬਰ ਵੇਲੇ ਦੇ ਦੋ ਕਮਰੇ ਹਨ। ਨਿਸ਼ਾਨ ਸਾਹਿਬ ਵਿਹੜੇ ਵਿੱਚ ਝੂਲ ਰਿਹਾ ਹੈ। 14 ਘੁਮਾਉਂ ਜਮੀਨ ਇਸ ਅਸਥਾਨ ਦੇ ।

# ਫ਼ੌਜ ਦੀਆਂ ਕੁਰਬਾਨੀਆਂ ਵਿਸਾਰੀਆਂ ਨਾ ਜਾਣ

-ਕੁਲਦੀਪ ਸਿੰਘ ਕਾਹਲੋਂ

ਸੱਤ ਦਸੰਬਰ ਨੂੰ ਭਾਰਤ ਦੀ ਹਥਿਆਰਬੰਦ ਸੈਨਾ ਦਾ ਝੰਡਾ ਦਿਵਸ ਹੁੰਦਾ ਹੈ। ਆਜ਼ਾਦੀ ਮਿਲਣ ਤੋਂ ਪਹਿਲਾਂ ਇਹ ਯਾਦਗਾਰ ਦਿਨ 'ਪੋਪੀ ਡੇਅ' ਵਜੋਂ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਂਦਾ ਸੀ। ਓਦੋਂ ਪੋਪੀਜ਼ ਨਾਂ ਦਾ ਚਿੰਨ੍ਹ ਜਨਤਾ ਵਿੱਚ ਵੰਡਿਆ ਜਾਂਦਾ ਸੀ ਤੇ ਜਨਤਾ ਵੱਲੋਂ ਇਸ ਦੇ ਬਦਲੇ ਦਾਨ ਦਿੱਤਾ ਜਾਂਦਾ ਸੀ। ਦਾਨ ਦੀ ਇਹ ਰਕਮ ਅੰਗਰੇਜ਼ ਸਾਬਕਾ ਸੈਨਿਕਾਂ ਦੀ ਐਸੋਸੀਏਸ਼ਨ ਦੇ ਖਾਤੇ ਵਿੱਚ ਜਾਂਦੀ ਸੀ, ਉਂਜ ਐਸੋਸੀਏਸ਼ਨ ਦਾ ਇਹ ਆਪਣਾ ਅਧਿਕਾਰ ਸੀ ਕਿ ਇਸ ਫੰਡ ਦਾ ਕੁਝ ਹਿੱਸਾ ਭਾਰਤੀ ਸਾਬਕਾ ਸੈਨਿਕਾਂ ਵਾਸਤੇ ਵਰਤਿਆ ਜਾਵੇ।

ਦੇਸ਼ ਦੀ ਵੰਡ ਪਿੱਛੋਂ ਜੁਲਾਈ 1948 ਵਿੱਚ ਭਾਰਤ ਸਰਕਾਰ ਦੀ ਰੱਖਿਆ ਕਮੇਟੀ ਨੇ ਇੱਕ ਫੈਸਲਾ ਕੀਤਾ ਕਿ ਹਥਿਆਰਬੰਦ ਸੈਨਾਵਾਂ ਵਿੱਚ ਸੇਵਾ ਨਿਭਾ ਰਹੇ ਸੈਨਿਕਾਂ, ਸਾਬਕਾ ਫੌਜੀਆਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਵਾਸਤੇ ਦਾਨ ਇਕੱਠਾ ਕਰਨ ਖਾਤਰ ਇੱਕ ਵਿਸ਼ੇਸ਼ ਦਿਨ ਮਿਥਿਆ ਜਾਵੇ। ਇਉਂ 28 ਅਕਤੂਬਰ 1949 ਨੂੰ ਓਦੋਂ ਦੇ ਰੱਖਿਆ ਮੰਤਰੀ ਦੀ ਕਮੇਟੀ ਵੱਲੋਂ ਹਥਿਆਰਬੰਦ ਸੈਨਾ ਝੰਡਾ ਦਿਵਸ ਵਜੋਂ ਹਰ ਸਾਲ 7 ਦਸੰਬਰ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ।

ਝੰਡਾ ਦਿਵਸ ਫੌਜੀਆ ਪ੍ਰਤੀ ਸਦਭਾਵਨਾ ਤਾਜ਼ਾ ਕਰਨ ਅਤੇ ਉਨ੍ਹਾਂ ਬਹਾਦਰ ਸੈਨਿਕਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਜਿਹੜੇ ਸ਼ਹਾਦਤ ਪਾ ਗਏ। ਜਦੋਂ ਜੰਗ ਦਾ ਬਿਗਲ ਵੱਜਦਾ ਹੈ ਤਾਂ ਫੌਜੀ ਆਪਣੀ ਬੈਰਕਾਂ ਅਤੇ ਪਰਵਾਰਾਂ ਨੂੰ ਛੱਡ ਕੇ ਲੜਾਈ ਵਾਲੇ ਟਿਕਾਣਿਆਂ ਵੱਲ ਕੂਚ ਕਰ ਦਿੰਦੇ ਹਨ। ਜਵਾਨ ਜੰਗਲਾਂ, ਪਹਾੜਾਂ, ਬਰਫੀਲੇ, ਪਥਰੀਲੇ, ਮਾਰੂਥਲ, ਸਰਹੱਦੀ ਇਲਾਕਿਆਂ ਵਿੱਚ ਜਾ ਕੇ ਆਪਣੀ ਪਲਟਨ ਅਤੇ ਦੇਸ਼ ਖਾਤਰ ਮਰ-ਮਿਟਣ ਲਈ ਤਿਆਰ ਰਹਿੰਦਾ ਹੈ। ਇਤਿਹਾਸ ਗਵਾਹ ਹੈ ਕਿ 1947 ਤੋਂ ਲੈ ਕੇ ਜੋ ਵੀ ਜੰਗਾਂ (ਕਾਰਗਿਲ ਸਮੇਤ) ਅੰਦਰ 19 ਹਜ਼ਾਰ ਦੇ ਕਰੀਬ ਸੈਨਿਕ ਜ਼ਕਮੀ/ ਨਕਾਰਾ ਹੋ ਗਏ। ਸ਼ਹਾਦਤਾਂ ਦਾ ਸਿਲਸਿਲਾ ਥੰਮ੍ਹ ਨਹੀਂ ਰਿਹਾ, ਅਫਸੋਸ ਕਿ ਪਿਛਲੇ ਸਮੇਂ ਵਿੱਚ ਵਿਸ਼ੇਸ਼ ਤੌਰ ਤੇ ਪੰਜਾਬ, ਹਿਮ-ਾਚਲ, ਹਰਿਆਣਾ ਵਿੱਚ ਸੱਥਰ ਵਿਛ ਰਹੇ ਹਨ। ਇਸ ਸਮੇਂ ਇਕੱਲੇ ਪੰਜਾਬ ਵਿੱਚ 60 ਹਜ਼ਾਰ ਦੇ ਆਸ-ਪਾਸ ਸੈਨਿਕਾਂ ਦੀਆਂ ਵਿਧਵਾਵਾਂ ਹਨ ਜਿਨ੍ਹਾਂ



ਵਿੱਚ ਜੰਗੀ ਵਿਧਵਾਵਾਂ ਵੀ ਸ਼ਾਮਲ ਹਨ।

ਇਹ ਕੌੜੀ ਸੱਚਾਈ ਹੈ ਕਿ ਰੱਬ ਅਤੇ ਸੈਨਿਕ ਨੂੰ ਸਿਰਫ ਔਖੀ ਘੜੀ ਵੇਲੇ ਹੀ ਯਾਦ ਕੀਤਾ ਜਾਂਦਾ ਹੈ। ਜਦੋਂ ਖਤਰਾ ਟਲ ਜਾਂਦਾ ਹੈ ਤਾਂ ਸਰਕਾਰਾਂ ਅਤੇ ਸਮੁੱਚਾ ਸਮਾਜ ਸਭ ਕੁਝ ਕਿਉਂ ਭੁਲ ਜਾਂਦਾ ਹੈ? ਸਭ ਫਰਜ਼ ਬਣਦਾ ਹੈ ਕਿ ਅਜਿਹੇ ਪਰਵਾਰਾਂ/ ਵਿਧਵਾਵਾਂ ਜਿਨ੍ਹਾਂ ਦੀ ਰੋਜ਼ੀ ਕਮਾਉਣ ਵਾਲੇ ਦੇਸ਼ ਦੀ ਰੱਖਿਆ ਖਾਤਰ ਸਦਾ ਦੀ ਨੀਂਦ ਸੌਂ ਗਏ, ਉਨ੍ਹਾਂ ਨਾਕਾਰਾ, ਲਾਚਾਰ ਤੇ ਬਿਰਧ ਸੈਨਿਕਾਂ ਦੇ ਪਾਲਣ-ਪੋਸ਼ਣ ਤੇ ਦੇਖ-ਰੇਖ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਅਸੀਂ ਵੀ ਆਪਣਾ ਯੋਗਦਾਨ ਪਾਈਏ। ਲੋੜ ਇਸ ਗੱਲ ਦੀ ਹੈ ਕਿ ਸੈਨਿਕ ਵਰਗ ਦੀਆਂ ਪ੍ਰਾਪਤੀਆਂ ਤੇ ਔਕੜਾਂ ਭਰਪੂਰ ਯੋਗਦਾਨ ਅਤੇ ਸਰਹੱਦਾਂ ਦੀ ਰਖਵਾਲੀ ਨਾਲ ਸਬੰਧਤ ਕਠਿਨਾਈਆਂ ਬਾਰੇ ਸਿਆਸਤਦਾਨਾਂ, ਪਾਰਲੀਮੈਂਟ ਮੈਂਬਰਾਂ, ਅਫਸਰਸ਼ਾਹੀ, ਸਾਰੇ ਦੇਸ਼ ਵਾਸੀਆਂ, ਖਾਸ ਤੌਰ ਤੇ ਕਾਲਜਾਂ ਤੇ ਸਕੂਲੀ ਬੱਚਿਆਂ ਨੂੰ ਜਾਣੂ ਕਰਵ-ਾਇਆ ਜਾਵੇ। ਰੱਖਿਆ ਸੇਵਾਵਾਂ ਨਾਲ ਸਬੰਧਤ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਵਾਸਤੇ 'ਟਰੇਨਿੰਗ ਕੈਪਸੂਲ ਕੈਂਪ' ਸਰਹੱਦੀ ਇਲਾਕਿਆਂ ਵਿੱਚ ਲਗਾਏ ਜਾਣ ਤਾਂ ਕਿ ਉਨ੍ਹਾਂ ਨੂੰ ਸੈਨਿਕਾਂ ਦੀਆਂ ਸਮੱਸਿਆਵਾਂ ਦਾ ਅਹਿਸਾਸ ਹੋ ਸਕੇ।


ਸਿਪਾਹੀ ਨੂੰ ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤ ਦਿਨ ਤਿਆਰ-ਬਰ-ਤਿਆਰ ਰਹਿੰਦਿਆਂ ਡਿਊਟੀ ਕਰਨੀ ਪੈਂਦੀ ਹੈ, ਉਹ ਭਾਵੇਂ ਦੇਸ਼ ਦੀਆਂ ਸਰਹੱਦਾਂ ਤੇ ਤਾਇਨਾਤ ਹੋਵੇ ਜਾਂ ਬੈਰਕਾਂ ਵਿੱਚ ਹੋਵੇ। ਇੱਕ ਰਿਪੋਰਟ ਮੁਤਾਬਕ ਫੌਜੀ ਨੂੰ 24 ਸਾਲ ਦੀ ਨੌਕਰੀ ਦੌਰਾਨ ਤਕਰੀਬਨ 18 ਸਾਲ ਪਰਵਾਰ ਤੋਂ ਅੱਲੱਗ ਰਹਿਣਾ ਪੈਂਦਾ ਹੈ। ਸਰਹੱਦ ਤੇ ਤਾਇਨਾਤ ਫੌਜਾਂ ਨੂੰ ਦੁਸ਼ਮਣ, ਅਤਿਵਾਦੀਆਂ, ਘੁਸਪੈਠੀਆਂ ਨਾਲ ਮੁਕਾਬਲੇ ਸਮੇਂ ਹਰ ਸਾਲ ਔਸਤਨ 415 ਜਾਨਾਂ ਦੇਣੀਆਂ ਪੈਂਦੀਆਂ ਹਨ ਜੋ ਬਗੈਰ ਲੜਾਈ ਲੜਿਆਂ ਬਹੁਤ ਜ਼ਿਆਦਾ ਹਨ। ਇਸਦੇ ਨਾਲ ਹੀ ਹਰ ਸਾਲ ਔਸਤਨ 5000 ਸੈਨਿਕ ਨਾਕਾਰਾ/ਜ਼ਖਮੀ ਹੋ ਜਾਂਦੇ ਹਨ, ਉਨ੍ਹਾਂ ਨੂੰ ਫੌਜ ਅਲਵਿਦਾ ਕਹਿ ਦਿੰਦੀ ਹੈ। ਇਸ ਤੋਂ ਇਲਾਵਾ ਵਾਰ-ਵਾਰ ਪੋਸਟਿੰਗ ਦੇ ਕਾਰਨ ਬੱਚਿਆਂ ਦੀ ਪੜ੍ਹਾਈ ਤੇ ਅਸਰ ਪੈਂਦਾ ਹੈ। ਪ੍ਰਸ਼ਾਸਨ, ਪੁਲਸ ਅਤੇ ਬਾਕੀ ਸਿਵਲ ਅਧਿਕਾਰੀਆਂ ਵੱਲੋਂ ਇਜ਼ਤ ਅਤੇ ਇਨਸਾਫ ਦੇਣ ਦੀ ਗੱਲ ਤਾਂ ਛੱਡੋ, ਫੌਜੀਆਂ ਦੀਆਂ ਦੁੱਖ ਤਕਲੀਫਾਂ ਨੂੰ ਗੰਭੀਰਤਾ ਨਾਲ ਵੀ ਨਹੀਂ ਲਿਆ ਜਾਂਦਾ।

ਨੌਕਰੀ ਸਮੇਂ ਮਾਨਸਿਕ ਅਤੇ ਕਿੱਤੇ ਨਾਲ ਸਬੰਧਤ ਤਣਾਓ ਪੈਦਾ ਹੁੰਦਾ ਰਹਿੰਦਾ ਹੈ। ਸਿਆਚਿਨ ਵਰਗੇ ਇਲਾਕਿਆਂ ਵਿੱਚ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਖੁਦਕੁਸ਼ੀਆਂ ਵੱਧ ਜਾਂਦੀਆਂ ਹਨ। ਆਪਸੀ ਖਿੱਚੋਤਾਣ ਸਦਕਾ ਕਈ ਸੈਨਿਕ ਇੱਕ ਦੂਜੇ ਨੂੰ ਗੋਲੀ ਮਾਰਨ ਤੱਕ ਚਲੇ ਜਾਂਦੇ ਹਨ। ਚਿੰਤਾਜਨਕ ਵਿਸ਼ਾ ਇਹ ਹੈ ਕਿ ਵਰਦੀਧਾਰੀਆਂ ਨੂੰ ਆਪਣੇ ਹੱਕਾਂ ਦੀ ਰਾਖੀ ਖਾਤਰ ਅਦਾਲਤਾਂ ਦੇ ਧੱਕੇ ਖਾਣੇ ਪੈਂਦੇ ਹਨ। ਅਤਿਵਾਦੀਆਂ ਨਾਲ ਲੋਹਾ ਲੈਣ ਸਮੇਂ ਅਗਰ ਕੋਈ ਸੈਨਿਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਫੌਜ ਵੱਲੋਂ ਉਸ ਦਾ ਕੋਰਟ ਮਾਰਸ਼ਲ ਤੱਕ ਕਰ ਦਿੱਤਾ ਜਾਂਦਾ ਹੈ। ਪਿੱਛੇ ਜਿਹੇ ਸੁਪਰੀਮ ਕੋਰਟ ਵੱਲੋਂ ਇਸ ਸਿਲਸਲੇ ਵਿੱਚ 350 ਫੌਜੀਆਂ ਵੱਲੋਂ ਐਫ ਆਈ ਆਰ ਵਿਰੁੱਧ ਦਾਇਰ ਕੀਤੀ ਪਟੀਸ਼ਨ ਰੱਦ ਕਰਨਾ ਇਹ ਸਿੱਧ ਕਰਦਾ ਹੈ ਕਿ ਸਰਕਾਰ ਨੇ ਤੱਥ ਸੰਜੀਦਗੀ ਨਾਲ ਪੇਸ਼ ਨਹੀਂ ਕੀਤੇ। ਕੀ ਸਰਜੀਕਲ ਅਤੇ ਏਅਰ ਸਟ੍ਰਾਈਕ ਦਾ ਸਿਆਸੀ ਲਾਹਾ ਲੈਣ ਵਾਲੇ ਹਾਕਮਾਂ ਨੇ ਇਹ ਮੁੱਦੇ ਕਦੀ ਵਿਚਾਰੇ ਹਨ?

ਅਗਲੇ ਸਮੇਂ ਨੂੰ ਮੁੱਖ ਰੱਖਦਿਆਂ ਇਹ ਕਹਿਣਾ ਵਾਜਬ ਹੋਵੇਗਾ ਕਿ ਗੁਆਂਢੀ ਮੁਲਕਾਂ ਨਾਲ ਲੜਾਈ ਜੇ ਲੜਨੀ ਪਈ ਤਾਂ ਇਹ ਪਿਛਲੀਆਂ ਜੰਗਾਂ ਵਾਂਗ ਨਹੀਂ ਲੜੀ ਜਾਵੇਗੀ। ਸਰਹੱਦੀ ਇਲਾਕਿਆਂ ਵਿੱਚ ਘਸਮਾਨ ਦਾ ਯੁੱਧ ਆਨੰਤ ਆਕਾਸ਼-ਸਮੁੰਦਰ ਤੱਕ ਵੀ ਪਹੁੰ-ਚੇਗਾ ਜਿੱਥੇ ਐਟਮੀ ਹਥਿਆਰਾਂ ਦਾ ਪ੍ਰਯੋਗ ਵੀ ਸੰਭਵ ਹੈ। ਜੇ ਅਸੀਂ ਖੁਸ਼ਹਾਲੀ ਅਤੇ ਸ਼ਾਂਤੀ ਚਾਹੁੰਦੇ ਹਾਂ ਤਾਂ ਸਾਨੂੰ ਅੰਦਰੂਨੀ ਸੁਰੱਖਿਆ ਨਾਲ ਜੁੜੀਆਂ ਸਮੱਸਿਆਵਾਂ ਨਾਲ ਨਜਿੱਠਣਾ ਪਵੇਗਾ।

ਸੈਨਿਕ ਵਰਗ ਦੀ ਭਲਾਈ ਕੌਮੀ ਨੀਤੀ ਦੇ ਆਧਾਰ ਤੇ ਹੀ ਹੋ ਸਕਦੀ ਹੈ। ਇਸ ਵਾਸਤੇ ਸਮੇਂ ਦੀ ਪੁਕਾਰ ਇਹੀ ਹੈ ਕਿ ਸੈਨਿਕਾਂ ਦੀ ਭਲਾਈ ਵਾਸਤੇ ਕੌਮੀ ਨੀਤੀ ਅਤੇ ਸੈਨਿਕਾਂ ਵਾਸਤੇ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਤਾਂ ਕਿ ਦੇਸ਼ ਦੇ ਨੇਤਾ ਅਤੇ ਅਫਸਰਸ਼ਾਹੀ ਪਾਰਲੀਮੈਂਟ ਤੇ ਸਰਕਾਰ ਨੂੰ ਜਵਾਬਦੇਹ ਹੋਣ ਤੇ ਵਧੇਰੇ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਨਿਭਾ ਸਕਣ। ਵੋਟਾਂ ਬਟੋਰਨ ਵੇਲੇ ਸਿਆਸੀ ਨੇਤਾ ਜ਼ਬਾਨੀ ਕਲਾਮੀ ਵਾਇਦੇ ਤਾਂ ਕਰਦੇ ਰਹੇ, ਕਮੇਟੀਆਂ/ ਕਮਿਸ਼ਨ ਵੀ ਬੈਠੇ ਪਰ 'ਇੱਕ ਰੈਂਕ ਇੱਕ ਪੈਨਸ਼ਨ' ਦੀਆਂ ਊਣਤਾਈਆਂ ਅਜੇ ਤੱਕ ਦੂਰ ਨਹੀਂ ਕੀਤੀਆਂ ਗਈਆਂ। ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਪ੍ਰਣਾਮ ਕਰੀਏ ਜਿਨ੍ਹਾਂ ਸਦਕਾ ਅਸੀਂ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ।

# ਮਨਮੋਹਨ ਸਿੰਘ ਦਾ ਖੋਖਲਾ ਖੁਲਾਸਾ ਅਤੇ ਭਾਰਤ ਵਿੱਚ ਦੰਗਾਕਾਰੀ ਦਾ ਕਿੱਸਾ



ਜਤਿੰਦਰ ਪੰਨੂ

ਮੈਂ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿੱਚੋਂ ਮੰਨ ਲੈਂਦਾ ਹਾਂ, ਜਿਹੜੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀ ਇੱਜ਼ਤ ਕਰਦੇ ਸਨ ਅਤੇ ਕਰਦੇ ਵੀ ਰਹਿਣਾ ਚਾਹੁੰਦੇ ਹਨ। ਫਿਰ ਵੀ ਇਸ ਹਫਤੇ ਉਨ੍ਹਾਂ ਨੇ ਜਿੰਦਾਂ ਇੱਕ ਖੁਲਾਸਾ ਕਰਨ ਦਾ ਯਤਨ ਕੀਤਾ ਹੈ, ਉਸ ਨਾਲ ਮੇਰੀ ਰਾਏ ਵਿੱਚ ਉਨ੍ਹਾਂ ਦਾ ਪ੍ਰਭਾਵ ਚੰਗਾ ਨਹੀਂ ਬਣਿਆ। ਉਹ ਇੱਕ ਸਮਾਗਮ ਵਿੱਚ ਬੋਲ ਰਹੇ ਸਨ, ਜਿਹੜਾ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਯਾਦ ਵਿੱਚ ਕੀਤਾ ਗਿਆ ਸੀ ਤੇ ਦੋਵਾਂ ਜਣਿਆਂ ਦੀ ਨੇੜਤਾ ਵੀ ਸਭ ਨੂੰ ਪਤਾ ਸੀ। ਮਨਮੋਹਨ ਸਿੰਘ ਨੇ ਓਥੇ ਇਹ ਗੱਲ ਯਾਦ ਵੀ ਕਰਾਈ ਕਿ 'ਗੁਜਰਾਲ ਜੀ ਅਤੇ ਮੈਂ ਦੋਵੇਂ ਪਾਕਿਸਤਾਨੀ ਖੇਤਰ ਤੋਂ ਆਏ ਸ਼ਰਨਾਰਥੀ ਸਾਂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਾਂ'। ਇਹ ਗੱਲ ਕਹਿਣ ਵੇਲੇ ਉਨ੍ਹਾਂ ਨੇ ਇਹ ਮੁੱਦਾ ਉਛਾਲ ਦਿੱਤਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਵਿੱਚ ਹੋਏ ਕਤਲੇਆਮ ਵੇਲੇ ਇੰਦਰ ਕੁਮਾਰ ਗੁਜਰਾਲ ਹੁਰਾਂ ਨੇ ਓਦੋਂ ਗ੍ਰਹਿ ਮੰਤਰੀ ਪੀ ਵੀ ਨਰਸਿਮਹਾ ਰਾਓ ਨੂੰ ਸਲਾਹ ਦਿੱਤੀ ਸੀ ਕਿ ਫੌਜ ਸੱਦ ਲਈ ਜਾਵੇ, ਪਰ ਰਾਓ ਨੇ ਇਹ ਸਲਾਹ ਨਹੀਂ ਸੀ ਮੰਨੀ। ਗੁਜਰਾਲ ਅਤੇ ਨਰਸਿਮਹਾ ਰਾਓ ਦੋਵੇਂ ਇਸ ਵੇਲੇ ਦੁਨੀਆ ਵਿੱਚ ਨਹੀਂ ਤੇ ਓਦੋਂ ਬਾਰੇ ਕਹੀ ਇਸ ਗੱਲ ਦੀ ਤਸਦੀਕ ਕਰਨ ਵਾਲਾ ਵੀ ਕੋਈ ਨਹੀਂ ਲੱਭਣਾ, ਪਰ ਖੁਦ ਮਨਮੋਹਨ ਸਿੰਘ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਓਦੋਂ ਕਮਾਂਡ ਨਰਸਿਮਹਾ ਰਾਓ ਦੇ ਹੱਥ ਹੈ ਹੀ ਨਹੀਂ ਸੀ। ਫਿਰ ਇਹ ਮੁੱਦਾ ਚੁੱਕ ਕੇ ਉਹ ਦੱਸਣਾ ਕੀ ਚਾਹੁੰਦੇ ਹਨ, ਇਸ ਦੀ ਕਿਸੇ ਨੂੰ ਵੀ ਸਮਝ ਨਹੀਂ ਪਈ ਅਤੇ ਹਰ ਕੋਈ ਵੱਖੋ-ਵੱਖ ਅਰਥ ਕੱਢ ਰਿਹਾ ਹੈ।

ਜਿਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਰਾਜੀਵ ਗਾਂਧੀ ਓਦੋਂ ਪੱਛਮੀ ਬੰਗਾਲ ਵਿੱਚ ਸੀ ਤੇ ਇਹ ਖਬਰ ਸੁਣਨ ਦੇ ਬਾਅਦ ਦਿੱਲੀ ਆਉਣ ਵੇਲੇ ਉਹ ਤੇ ਪ੍ਰਣਬ ਮੁਕਰਜੀ ਇੱਕੋ ਜਹਾਜ਼ ਵਿੱਚ ਸਨ। ਸੋਗੀ ਮੌਕਾ ਹੁੰਦੇ ਹੋਏ ਵੀ ਦੋਵਾਂ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਸਾਰੇ ਸਫਰ ਦੌਰਾਨ ਇੱਕ ਦੂਸਰੇ ਨਾਲ ਨਜ਼ਰ ਸਾਂਝੀ ਨਹੀਂ ਸੀ ਕੀਤੀ ਤੇ ਇਸ ਦਾ ਕਾਰਨ ਇਹ ਸੀ ਕਿ ਦੋਵਾਂ ਦਾ ਧਿਆਨ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪਦਵੀ ਵੱਲ ਸੀ। ਪ੍ਰਣਬ ਮੁਕਰਜੀ ਓਦੋਂ ਦੇ ਸਾਰੇ ਮੰਤਰੀਆਂ ਵਿੱਚੋਂ ਸੀਨੀਅਰ ਮੰਨਿਆ ਜਾਂਦਾ ਹੋਣ ਕਾਰਨ ਪੱਕਾ ਨਾ ਸਹੀ, ਕਾਰਜਕਾਰੀ ਪ੍ਰਧਾਨ ਮੰਤਰੀ ਬਣਨਾ ਆਪਣਾ ਹੱਕ ਸਮਝਦਾ ਹੋਵੇਗਾ। ਰਾਜੀਵ ਗਾਂਧੀ ਦੇ ਮਨ ਵਿੱਚ ਕੁਝ ਹੋਰ ਸੀ। ਦੋਵਾਂ ਦੇ ਦਿੱਲੀ ਆਉਂਦੇ ਸਾਰ ਰਾਜਨੀਤਕ ਖੇਤਰ ਵਿਚਲੇ ਧੁਰੰਤਰ ਸਰਗਰਮ ਹੋਏ ਤੇ ਪਲਾਂ ਵਿੱਚ ਹੀ ਪ੍ਰਣਬ ਮੁਕਰਜੀ ਨੂੰ ਲਾਂਭੇ ਰੱਖ ਕੇ ਕੀਤੀਆਂ ਮੀਟਿੰਗਾਂ ਦੇ ਬਾਅਦ ਕੁਝ ਲੋਕਾਂ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਜਾ ਕੇ ਕਹਿ ਦਿੱਤਾ ਕਿ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾ ਦਿਓ। ਅੱਗੋਂ ਉਸ ਨੇ ਜਦੋਂ ਰਾਸ਼ਟਰਪਤੀ ਬਣਨ ਵੇਲੇ ਹੀ ਨਹਿਰੂ-ਗਾਂਧੀ ਪਰਵਾਰ ਦੀ ਨਿੱਜੀ ਵਫਾਦਾਰੀ ਦਾ ਐਲਾਨ ਕਰ ਰੱਖਿਆ ਸੀ ਤਾਂ ਨਾਂਹ ਕਰਨ ਦੀ ਹਿੰਮਤ ਨਹੀਂ ਸੀ ਪੈਣੀ ਤੇ ਉਸ ਨੇ ਰਾਜੀਵ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਨਰਸਿਮਹਾ ਰਾਓ ਗ੍ਰਹਿ ਮੰਤਰੀ ਦੇ ਅਹੁਦੇ ਉੱਤੇ ਬੇਸ਼ੱਕ ਸੀ, ਅਸਲ ਵਿੱਚ ਗ੍ਰਹਿ ਮੰਤਰੀ ਦੇ ਸੰਭਾਲਣ ਵਾਲੇ ਅਮਨ-ਕਾਨੂੰਨ ਦੀ ਕਮਾਂਡ ਰਾਜੀਵ ਗਾਂਧੀ ਦੇ ਖਾਨਦਾਨੀ ਰਿਸ਼ਤੇਦਾਰ ਅਰੁਣ ਨਹਿਰੂ ਦੇ ਹੱਥ ਸੀ ਅਤੇ ਅਰੁਣ ਨਹਿਰੂ ਦਿੱਲੀ ਵਿੱਚ ਉਹੋ ਕੁਝ ਹੁੰਦਾ ਵੇਖਣਾ ਚਾਹੁੰਦਾ ਸੀ, ਜਿਸ ਬਾਰੇ ਅੱਜ ਤੱਕ ਗੱਲਾਂ ਹੁੰਦੀਆਂ ਹਨ ਤੇ ਜਿਸ ਦਾ ਜ਼ਿਕਰ ਕਰ ਕੇ ਮਨਮੋਹਨ ਸਿੰਘ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਪੁਆੜੇ ਪਾ ਚੁੱਕਣ ਪਿੱਛੋਂ ਇਹੀ ਅਰੁਣ ਨਹਿਰੂ ਆਪਣੇ ਬਚਾਅ ਖਾਤਰ ਇੱਕ ਸਮੇਂ ਰਾਜੀਵ ਗਾਂਧੀ ਨੂੰ ਛੱਡ ਕੇ ਉਸ ਦੇ ਵਿਰੋਧੀਆਂ ਦੇ ਨਾਲ ਵੀ ਜਾ ਜੁੜਿਆ ਸੀ ਤੇ ਦਿੱਲੀ ਕਤਲੇਆਮ ਦੀ ਪੜਤਾਲ ਦੇ ਲਗਭਗ ਸਾਰੇ ਚੱਕਰਾਂ ਦੌਰਾਨ ਇਸ ਦਾ ਨਾਂਅ ਇੱਕ ਜਾਂ ਦੂਸਰੇ ਰੂਪ ਵਿੱਚ ਲੋਕਾਂ ਵੱਲੋਂ ਵੀ ਲਿਆ ਗਿਆ ਸੀ ਤੇ ਜਾਂਚ ਰਿਪੋਰਟਾਂ ਦਾ ਹਿੱਸਾ ਵੀ ਬਣਦਾ ਰਿਹਾ ਸੀ।

ਏਡੇ ਵੱਡੇ ਪੱਧਰ ਦੇ ਕਤਲੇਆਮ, ਜਿਸ ਦੌਰਾਨ ਸਿਰਫ ਤਿੰਨ ਦਿਨਾਂ ਵਿੱਚ ਤਿੰਨ ਹਜ਼ਾਰ ਤੋਂ ਵੱਧ ਬੇਦੋਸ਼ੇ ਲੋਕ ਮਾਰ ਦਿੱਤੇ ਗਏ ਸਨ, ਮਾਰੇ ਵੀ ਬੁਰੀ ਤਰ੍ਹਾਂ ਜਿੰਦਾ ਸਾੜ ਕੇ ਜਾਂ ਹੋਰ ਤਰੀਕਿਆਂ ਨਾਲ ਤੜਫਾ ਕੇ ਸਨ, ਦੇ ਕੇਸ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਦਾ ਮੁੱਢਲਾ ਵਿਹਾਰ ਸਿਰੇ ਦਾ ਨਿੰਦਾ ਜਨਕ ਸੀ। ਉਸ ਨੇ ਕਤਲੇਆਮ ਰੋਕਣ ਦੀ ਕੋਈ ਕੋਸ਼ਿਸ਼ ਕਰਨ ਜਾਂ ਇਸ ਉੱਤੇ ਅਫਸੋਸ ਜ਼ਾਹਰ ਕਰਨ ਦੀ ਥਾਂ ਇਹ ਕਹਿ ਛੱਡਿਆ ਸੀ ਕਿ 'ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿੱਲਤੀ ਹੀ ਹੈ।' ਇਹ ਇਸ ਖੂਨੀ ਕਾਂਡ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਸੀ। ਇਸ ਵਹਿਸ਼ੀਪੁਣੇ ਅੱਗੇ ਜੇ ਕੋਈ ਅੜਿੱਕਾ ਲਾ ਸਕਦਾ ਸੀ ਤਾਂ ਰਾਜੀਵ ਗਾਂਧੀ ਲਾ ਸਕਦਾ ਸੀ, ਪਰ ਉਸ ਨੂੰ ਕਹਿਣ ਨੂੰ ਕੋਈ ਲੀਡਰ ਅੱਗੇ ਨਹੀਂ ਸੀ ਆ ਰਿਹਾ। ਵਿਰੋਧੀ ਧਿਰ ਦੇ ਆਗੂਆਂ ਨੂੰ ਇਹ ਵੱਡਾ ਇਤਰਾਜ਼ ਸੀ ਕਿ ਇੰਦਰਾ ਗਾਂਧੀ ਦਾ ਕਤਲ ਵੀ ਹੋ ਗਿਆ ਤਾਂ ਉਸ ਦੇ ਪੁੱਤਰ ਨਾਲ ਹਮਦਰਦੀ ਦੇ ਬਾਵਜੂਦ ਕਾਰਜਕਾਰੀ ਪ੍ਰਧਾਨ ਮੰਤਰੀ ਚੁਣਨ ਵਾਸਤੇ ਲੋਕਤੰਤਰੀ ਢੰਗ ਵਰਤਣਾ ਚਾਹੀਦਾ ਸੀ, ਕਿਸੇ ਮੀਟਿੰਗ ਤੋਂ ਵੀ ਬਿਨਾਂ ਉਸ ਨੂੰ ਅਹੁਦਾ ਦੇ ਦਿੱਤਾ ਗਿਆ ਹੈ। ਇਸ ਗੈਰ ਲੋਕਤੰਤਰੀ ਵਿਹਾਰ ਕਾਰਨ ਭਰੇ-ਪੀਤੇ ਸਾਰੇ ਸਿਆਸੀ ਆਗੂ ਉਸ ਤੋਂ ਦੂਰੀ ਪਾਈ ਬੈਠੇ ਸਨ। ਦਿੱਲੀ ਸੜਦੀ ਪਈ ਵੇਖ ਕੇ ਤੀਸਰੇ ਦਿਨ ਸੀ ਪੀ ਆਈ ਦੇ ਓਦੋਂ ਦੇ ਆਗੂ ਰਾਜੇਸ਼ਵਰ ਰਾਓ ਨੇ ਪਹਿਲ ਕੀਤੀ ਅਤੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਨੂੰ ਜਾ ਕੇ ਕਿਹਾ ਕਿ ਜਿਸ ਦੇਸ਼ ਵਿੱਚ ਫੌਜੀ ਰਾਜ-ਪਲਟਾ ਵੀ ਹੋ ਜਾਵੇ, ਲੋਕਾਂ ਦੇ ਆਗੂਆਂ ਨੂੰ ਉਨ੍ਹਾਂ ਹਾਲਾਤ ਵਿੱਚ ਤਾਨਾਸ਼ਾਹਾਂ ਨੂੰ ਵੀ ਮਿਲਣ ਜਾਣਾ ਪੈਂਦਾ ਹੈ, ਅਸੀਂ ਅੜੀ ਕਰਨ ਦੀ ਥਾਂ ਰਾਜੀਵ ਗਾਂਧੀ ਨੂੰ ਜਾ ਕੇ ਹਾਲਾਤ ਸੰਭਾਲਣ ਲਈ ਕਹੀਏ, ਲੋਕਤੰਤਰ ਦੇ ਅਸੂਲਾਂ ਦੀ ਉਲੰਘਣਾ ਦਾ ਮਾਮਲਾ ਪਾਰਲੀਮੈਂਟ ਵਿੱਚ ਅਤੇ ਫਿਰ ਚੋਣਾਂ ਦੌਰਾਨ ਵੇਖ ਲਵਾਂਗੇ। ਇਸ ਪਿੱਛੋਂ ਚੌਧਰੀ ਚਰਨ ਸਿੰਘ ਨੇ ਕੁਝ ਹੋਰ ਆਗੂ ਸੱਦੇ ਤੇ ਸਲਾਹ ਕਰ ਕੇ ਰਾਜੀਵ ਗਾਂਧੀ ਕੋਲ ਜਾ ਕੇ ਮਾਰ-ਧਾੜ ਰੋਕਣ ਨੂੰ ਕਿਹਾ ਸੀ। ਜਿਵੇਂ ਇਸ ਵਕਤ ਮਨਮੋਹਨ ਸਿੰਘ ਦੀ ਗੱਲ ਨੂੰ ਠੀਕ ਜਾਂ ਗਲਤ ਕਹਿਣ ਲਈ ਇੰਦਰ ਕੁਮਾਰ ਗੁਜਰਾਲ ਤੇ ਨਰਸਿਮਹਾ ਰਾਓ ਦੋਵੇਂ ਜਣੇ ਜਿੰਦਾ ਨਹੀਂ, ਸਾਡੀ ਗੱਲ ਦੀ ਤਸਦੀਕ ਕਰਨ ਵਾਲਾ ਵੀ ਕੋਈ ਨਹੀਂ, ਪਰ ਓਦੋਂ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਅੰਦਰ ਬਣੇ ਦਫਤਰ ਵਿੱਚ ਵਿਜ਼ਿਟਰਜ਼ ਵਾਲੇ ਰਜਿਸਟਰ ਉੱਤੇ ਇਹ ਗੱਲ ਲਿਖੀ ਅੱਜ ਵੀ ਸ਼ਾਇਦ ਮਿਲ ਸਕਦੀ ਹੈ।

ਕੁਝ ਲੋਕਾਂ ਦਾ ਖਿਆਲ ਹੈ ਕਿ ਆਪਣੀ ਗੱਲ ਕਹਿ ਕੇ ਮਨਮੋਹਨ ਸਿੰਘ ਨੇ ਰਾਜੀਵ ਗਾਂਧੀ ਦੇ ਪਰਵਾਰ ਕੋਲ ਆਪਣੇ ਨੰਬਰ ਬਣਾਉਣ ਲਈ ਸਾਰਾ ਕਸੂਰ ਨਰਸਿਮਹਾ ਰਾਓ ਸਿਰ ਥੱਪਿਆ ਹੈ। ਇਹ ਹੋ ਵੀ ਸਕਦਾ ਹੈ ਅਤੇ ਨਹੀਂ ਵੀ, ਕਿਉਂਕਿ ਮਨਮੋਹਨ ਸਿੰਘ ਨੇ ਆਪਣੇ ਮਨ ਦੀ ਗੱਲ ਕਦੇ ਦੱਸੀ ਨਹੀਂ ਤੇ ਦੱਸਣੀ ਵੀ ਨਹੀਂ, ਉਸ ਦਾ ਪੁਰਾਣਾ ਫਾਰਮੂਲਾ ਇਹੋ ਹੈ ਕਿ 'ਹਜ਼ਾਰੋਂ ਜਵਾਬੋਂ ਸੇ ਮੇਰੀ ਖਾਮੋਸ਼ੀ ਹੈ ਅੱਛੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੇ'। ਜਿਹੜੀ ਗੱਲ ਮਨਮੋਹਨ ਸਿੰਘ ਦੇ ਇਸ ਫਾਰਮੂਲੇ ਤੋਂ ਬਾਹਰ ਜਾ ਕੇ ਆਮ ਲੋਕਾਂ ਨੂੰ ਸੋਚਣੀ ਪੈਂਦੀ ਹੈ, ਉਹ ਇਹ ਕਿ ਉਸ ਕਤਲੇਆਮ ਵਾਲੇ ਖੂਨੀ ਵਕਤ ਤੋਂ ਪੈਂਤੀ ਸਾਲ ਬਾਅਦ ਇਹ ਬਹੁਤ ਵੱਡਾ 'ਖੁਲਾਸਾ' ਕਰ ਕੇ ਸਨਸਨੀ ਮਚਾਉਣ ਵਾਲੇ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬੈਠਿਆਂ ਕਦੀ ਉਸ ਵਕਤ ਦਾ ਦਰਦ ਸੀਨੇ ਵਿੱਚ ਲਈ ਬੈਠੇ ਲੋਕਾਂ ਦੀ ਮਦਦ ਕਰਨ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਜਿਹੜਾ ਫਰਜ਼ ਨਿਭਾਉਣ ਲਈ ਅਗਵਾਈ ਕਰਨ ਦੀ ਲੋੜ ਸੀ, ਉਹ ਫਰਜ਼ ਉਸ ਨੂੰ ਕਦੀ ਚੇਤੇ ਹੀ ਨਹੀਂ ਸੀ ਆਇਆ। ਦਿੱਲੀ ਕਤਲੇਆਮ ਦੀ ਜਾਂਚ ਕਰਨ ਲਈ ਜਸਟਿਸ ਰੰਗਾਨਾਥ ਮਿਸ਼ਰਾ ਕਮਿਸ਼ਨ ਤੋਂ ਲੈ ਕੇ ਕਈ ਕਮਿਸ਼ਨ ਤੇ ਕਮੇਟੀਆਂ ਬਣਦੇ ਰਹੇ, ਦਿੱਲੀ ਤੋਂ ਦੁਨੀਆ ਭਰ ਤੱਕ ਉਸ ਦੌਰ ਵਾਸਤੇ ਦੋ ਮਹਾਂ-ਪਾਪੀ ਮੰਨ ਜਾਣ ਵਾਲੇ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਦੀ ਚਰਚਾ ਹੁੰਦੀ ਰਹੀ, ਮਨਮੋਹਨ ਸਿੰਘ ਕਦੀ ਇਸ ਬਾਰੇ ਬੋਲੇ ਹੀ ਨਹੀਂ ਸਨ ਤੇ ਨਾ ਉਨ੍ਹਾਂ ਦੋਵਾਂ ਦੇ ਖਿਲਾਫ ਮੁਕੱਦਮਿਆਂ ਨੂੰ ਅੱਗੇ ਤੋਰਨ ਵਿੱਚ ਕੋਈ ਦਿਲਚਸਪੀ ਦਿਖਾਈ ਸੀ।

ਅੱਜ ਜਦੋਂ ਡਾਕਟਰ ਮਨਮੋਹਨ ਸਿੰਘ ਨੇ ਇਹ ਖਿਲਾਰਾ ਪਾ ਦਿੱਤਾ ਹੈ, ਸਾਡੇ ਲਈ ਇੱਕ ਵੱਡਾ ਸਵਾਲ ਇਹ ਹੈ ਕਿ ਜਦੋਂ ਦਿੱਲੀ ਵਿੱਚ ਏਨਾ ਕੁਝ ਵਾਪਰਦਾ ਪਿਆ ਸੀ, ਸਰਕਾਰ ਚਲਾਉਣ ਵਾਲੇ ਬੇਈਮਾਨ ਹੋ ਗਏ ਸਨ, ਇੱਕ ਧਿਰ ਦੇ ਲੋਕਾਂ ਉੱਤੇ ਹਮਲਾ ਹੋ ਰਿਹਾ ਸੀ, ਉਸ ਮੌਕੇ ਹੋਰਨਾਂ ਭਾਈਚਾਰਿਆਂ ਦੇ ਲੋਕ ਇਸ ਬਾਰੇ ਚੁੱਪ ਕਿਉਂ ਕੀਤੇ ਰਹੇ ਸਨ? ਰਾਜਧਾਨੀ ਦਿੱਲੀ ਵਿੱਚ ਸਿੱਖ ਵਸੋਂ ਨਾਲੋਂ ਢਾਈ ਗੁਣੇ ਮੁਸਲਮਾਨ ਅੱਜ ਵੀ ਹਨ, ਓਦੋਂ ਵੀ ਮੌਜੂਦ ਸਨ, ਪਰ ਉਹ ਇਸ ਔਖੀ ਘੜੀ ਚੁੱਪ ਕਿਉਂ ਕੀਤੇ ਰਹੇ ਸਨ? ਇਹ ਸਵਾਲ ਕਈ ਸਾਲ ਪਹਿਲਾਂ ਅਸੀਂ ਦਿੱਲੀ ਦੇ ਕੁਝ ਲੇਖਕਾਂ ਦੀ ਮੀਟਿੰਗ ਵਿੱਚ ਪੁੱਛਿਆ ਸੀ ਤੇ ਜਵਾਬ ਨਹੀਂ ਸੀ ਮਿਲਿਆ, ਪਰ ਸ਼ਾਮ ਨੂੰ ਇੱਕ ਬਜ਼ੁਰਗ ਪੰਜਾਬੀ ਲੇਖਕ, ਤੇ ਉਹ ਵੀ ਇਸ ਵਕਤ ਦੁਨੀਆ ਵਿੱਚ ਨਹੀਂ, ਸਾਨੂੰ ਇੱਕ ਉਰਦੂ ਲੇਖਕ ਦੇ ਕੋਲ ਲੈ ਗਏ। ਸਵਾਲ ਅਸੀਂ ਨਹੀਂ ਸੀ ਕੀਤਾ, ਪੰਜਾਬੀ ਬਜ਼ੁਰਗ ਲੇਖਕ ਨੇ ਹੀ ਕੀਤਾ ਸੀ, ਜਿਹੜਾ ਦੋਪਹਿਰ ਦੀ ਮੀਟਿੰਗ ਵਿੱਚ ਅਸੀਂ ਕਰ ਚੁੱਕੇ ਸਾਂ ਤੇ ਜਵਾਬ ਉਰਦੂ ਵਾਲੇ ਲੇਖਕ ਨੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦ ਹੋਣ ਦੇ ਬਾਅਦ ਪਹਿਲਾ ਵੱਡਾ ਦੁਖਾਂਤ ਗੁਜਰਾਤ ਵਿੱਚ 1969 ਵਿੱਚ ਹੋਇਆ ਸੀ ਅਤੇ ਪੰਜ ਸੌ ਤੋਂ ਵੱਧ ਮੁਸਲਮਾਨ ਮਾਰ ਦਿੱਤੇ ਗਏ ਸਨ, ਦੂਸਰਾ ਵੱਡਾ ਕਾਂਡ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਵਿੱਚ 1980 ਵਿੱਚ ਹੋਇਆ ਅਤੇ ਰਾਜ ਦੀ ਹਥਿਆਰਬੰਦ ਪੁਲਸ ਪੀ ਏ ਸੀ ਨੇ ਚਾਰ ਸੌ ਤੋਂ ਵੱਧ ਮਾਰ ਦਿੱਤੇ ਸਨ, ਤੀਸਰਾ ਕਾਂਡ ਅਪਰੇਸ਼ਨ ਬਲਿਊ ਸਟਾਰ ਤੋਂ ਮਸਾਂ ਇੱਕ ਮਹੀਨਾ ਪਹਿਲਾਂ ਮਹਾਰਾਸ਼ਟਰ ਦੇ ਭਿਵੰਡੀ ਵਿੱਚ ਹੋਇਆ ਸੀ, ਜਿਸ ਵਿੱਚ ਪੌਣੇ ਤਿੰਨ ਸੌ ਮੁਸਲਮਾਨ ਮਾਰੇ ਗਏ ਅਤੇ ਕੋਈ ਉਨ੍ਹਾਂ ਦੀ ਮਦਦ ਲਈ ਅੱਗੇ ਨਹੀਂ ਸੀ ਆਇਆ। ਫਿਰ ਜਦੋਂ ਦਿੱਲੀ ਵਿੱਚ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਇਹ ਸਾਰਾ ਹੋ ਰਿਹਾ ਸੀ, ਉਹ ਵੀ ਇਸੇ ਲਈ ਚੁੱਪ ਕੀਤੇ ਰਹੇ ਤੇ ਘੱਟ-ਗਿਣਤੀਆਂ ਵੱਖੋ-ਵੱਖ ਕੁੱਟ ਖਾਈ ਗਈਆਂ। ਉਸ ਉਰਦੂ ਲੇਖਕ ਦੀਆਂ ਗੱਲਾਂ ਅੱਜ ਤੱਕ ਸਾਨੂੰ ਭੁੱਲ ਨਹੀਂ ਸਕੀਆਂ ਤੇ ਸ਼ਾਇਦ ਕਦੇ ਭੁੱਲਣੀਆਂ ਵੀ ਨਹੀਂ।

ਲੋਕੀਂ ਸਿਆਸਤ ਦੀਆਂ ਧਿਰਾਂ ਵਿੱਚੋਂ ਕਦੀ ਕਿਸੇ ਨੂੰ ਚੁਣ ਕੇ ਅਤੇ ਕਦੀ ਦੂਜੀ ਬਾਰੇ ਮਿਥ ਕੇ ਗੱਲਾਂ ਕਰਨ ਦੇ ਰਾਹ ਪਏ ਰਹਿੰਦੇ ਹਨ, ਇਹ ਸੋਚਣ ਦੀ ਲੋੜ ਨਹੀਂ ਸਮਝਦੇ ਕਿ ਰਾਜ ਕਿਸੇ ਦਾ ਵੀ ਹੋਵੇ, ਘੱਟ ਗਿਣਤੀਆਂ ਦੇ ਵਿਰੁੱਧ ਨਫਰਤ ਅਤੇ ਇਸ ਵਿੱਚੋਂ ਫਿਰ ਦੰਗਾ ਕਰਨ ਦਾ ਕਿੱਸਾ ਜਾਰੀ ਰਹਿੰਦਾ ਹੈ। ਜਿਹੜੇ ਕਾਂਡ ਉਸ ਉਰਦੂ ਲੇਖਕ ਨੇ ਯਾਦ ਕਰਵਾਏ ਤੇ ਸਾਨੂੰ ਕਦੇ ਭੁੱਲ ਨਹੀਂ ਸਕੇ, ਉਨ੍ਹਾਂ ਤਿੰਨੇ ਮੌਕੇ ਉੱਤੇ ਤਿੰਨਾਂ ਹੀ ਥਾਂਵਾਂ ਉੱਤੇ ਕਾਂਗਰਸੀ ਰਾਜ ਸੀ, ਭਾਜਪਾ ਕਿਸੇ ਖਾਤੇ ਵਿੱਚ ਲਿਖੀ ਜਾਣ ਜੋਗੀ ਅਜੇ ਨਹੀਂ ਸੀ ਹੋਈ। ਉਸ ਲੇਖਕ ਦਾ ਕਹਿਣਾ ਸੀ ਕਿ ਦਿੱਲੀ ਦੇ ਕਤਲੇਆਮ ਦਾ ਵੱਡਾ ਸਬਕ ਇਹ ਹੈ ਕਿ ਧਰਮ ਨਿਰਪੱਖਤਾ ਦੀ ਰਾਖੀ ਵੀ ਅਤੇ ਆਪੋ ਆਪਣੇ ਭਾਈਚਾਰੇ ਦੇ ਬਚਾਅ ਲਈ ਵੀ ਸਾਰੀਆਂ ਘੱਟ-ਗਿਣਤੀਆਂ ਵਾਲੇ ਲੋਕਾਂ ਨੂੰ ਇੱਕ ਦੂਜੇ ਦੀ ਬਾਂਹ ਫੜਨੀ ਪਵੇਗੀ। ਜੇ ਇਹ ਨਾ ਕੀਤਾ ਗਿਆ ਤਾਂ 'ਡੂਬੇਗੀ ਕਿਸ਼ਤੀ ਤੋਂ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ'। ਇਹੋ ਗੱਲ ਹੈ ਜਿਹੜੀ ਭਾਰਤ ਦੀਆਂ ਘੱਟ ਗਿਣਤੀਆਂ ਨੂੰ ਅੱਜ ਤੱਕ ਸਮਝ ਨਹੀਂ ਪਈ।





# ਪੁਲਸ ਵੱਲੋਂ ਕਾਨੂੰਨ ਤੋਂ ਬਾਹਰ ਜਾ ਕੇ ਨਿਆਂ ਦੇਣ ਦੇ ਖਿਲਾਫ਼ ਹਾਂ: ਕੈ. ਅਮਰਿੰਦਰ

## *ਸਿਆਸੀ ਆਗੂਆਂ-ਗੈਂਗਸਟਰਾਂ ਦੀ ਗੰਢਤੁਪ ਦੀ ਜਾਂਚ ਦੇ ਹੁਕਮ

ਚੰਡੀਗੜ੍ਹ, 8 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਨੀਵਾਰ ਨੂੰ ਕਿਹਾ ਕਿ ਆਪਣੇ ਉੱਤੇ ਹਮਲੇ ਦੇ ਵਕਤ ਪੁਲਸ ਵਲੋਂ ਗੋਲੀ ਚਲਾਉਣ ਦੇ ਉਹ ਹੱਕ ਵਿੱਚ ਹਨ, ਪਰ ਅਦਾਲਤੋਂ ਬਾਹਰ ਨਿਆਂ ਦੇਣ ਦੇ ਖਿਲਾਫ ਹਨ, ਕਿਉਂਕਿ ਇਹ ਦੇਸ਼ ਦੀ ਸੰਵਿਧਾਨਕ ਭਾਵਨਾ ਦੇ ਉਲਟ ਹੈ। ਇਸ ਮੌਕੇ ਉਨ੍ਹਾਂ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਇਸ ਬਿੱਲ ਨੂੰ ਪੰਜਾਬ ਵਿਧਾਨ ਸਭਾ ਵਿੱਚ ਪਾਸ ਨਹੀਂ ਹੋਣ ਦੇਣਗੇ।

ਨਵੀਂ ਦਿੱਲੀ ਵਿੱਚ ਇਕ ਪ੍ਰੋਗਰਾਮ ਵਿੱਚ ਆਏ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਾਘੇਲ ਦੀ ਹਾਜ਼ਰੀ ਵਿੱਚ ਅੱਜ ਕੈਪਟਨ ਅਮਰਿੰਦਰ ਸਿੰਘ ਨੇ ਤੇਲੰਗਾਨਾ ਵਿੱਚ ਬਲਾਤਕਾਰ ਦੇ ਦੋਸ਼ੀਆਂ ਨੂੰ ਮਾਰਨ ਦੀ ਘਟਨਾ ਬਾਰੇ ਕਿਹਾ ਕਿ 'ਜੇ ਪੁਲਸ ਉੱਤੇ ਹਮਲਾ ਹੋਇਆ ਸੀ ਤਾਂ ਇਹ ਕਾਰਵਾਈ ਜਾਇਜ਼ ਹੈ। ਉਂਜ ਉਨ੍ਹਾਂ ਸਾਫ ਕਿਹਾ ਕਿ ਮੁਕਾਬਲੇ ਵਰਗੀ ਗੱਲ ਨਹੀਂ ਸੀ ਲੱਗਦੀ। ਉਨ੍ਹਾਂ ਪੰਜਾਬ ਬਾਰੇ ਕਿਹਾ ਕਿ ਪੁਲਸ ਇਸ ਬਾਰੇ ਪੂਰੀ ਤਰਾਂ ਸਾਫ ਹੈ ਕਿ ਅੱਤਵਾਦੀਆਂ, ਗੁੰਡਿਆਂ ਤੇ ਗੈਂਗਸਟਰਾਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਜਾਂਦਾ ਹੈ, ਨਾ ਕਰਨ ਤਾਂ ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਂਦੇ ਹਨ।

ਇਸ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੌਮੀ ਨਾਗਰਿਕਤਾ ਰਜਿਸਟਰ (ਐੱਨ ਆਰ ਸੀ) ਦਾ ਤਿੱਖਾ ਵਿਰੋਧ ਕਰਦਿਆਂ ਕਿਹਾ ਕਿ ਇਹ ਆਜ਼ਾਦ ਭਾਰਤ ਦੀ ਲੋਕਤੰਤਰੀ ਭਾਵਨਾ ਦੇ ਉਲਟ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਕੇਂਦਰ ਦੇ ਕਾਨੂੰਨ ਬਣਾਉਣ ਪਿੱਛੋਂ ਇਸ ਮੁੱਦੇ ਬਾਰੇ ਪੰਜਾਬ ਕੀ ਕਰੇਗਾ ਤਾਂ ਉਨਾਂ ਕਿਹਾ, 'ਇਹ ਪਾਰਲੀਮੈਂਟ ਤੋਂ ਪਾਸ ਹੋਣ ਉੱਤੇ ਸਾਡੇ ਕੋਲ ਆਉਣ ਦਿਓ, ਸਾਡਾ ਵਿਧਾਨ ਸਭਾ ਵਿੱਚ ਦੋ-ਤਿਹਾਈ ਬਹੁਮਤ ਹੈ।' ਅਮਰਿੰਦਰ ਸਿੰਘ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਦੋਵਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਕੌਮੀ



ਨਾਗਰਿਕਤਾ ਰਜਿਸਟਰ ਦੇ ਵਿਰੁੱਧ ਹੈ, ਜਿਹੜਾ ਲੋਕਾਂ ਨੂੰ ਦੇਸ਼ ਛੱਡਣ ਲਈ ਮਜ਼ਬੂਰ ਕਰਨ ਵਾਸਤੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।

ਦੋਵੇਂ ਮੁੱਖ ਮੰਤਰੀਆਂ ਨੇ ਕੇਂਦਰ ਵੱਲੋਂ ਰਾਜਾਂ ਨੂੰ ਜੀ ਐਸ ਟੀ ਮੁੱਦੇ ਉੱਤੇ ਦਾ ਹਿੱਸਾ ਭੇਜਣ ਵਿੱਚ ਦੇਰੀ ਕਾਰਨ ਇਸ ਦੀ ਨਾਰਾਜ਼ਗੀ ਜ਼ਾਹਰ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਉਧਾਰ ਲਏ ਪੈਸੇ ਨਾਲ ਗੁਜ਼ਾਰਾ ਨਹੀਂ ਕਰ ਸਕਦਾ, ਇਹ ਕੇਂਦਰੀ ਵਿੱਤ ਮੰਤਰੀ ਦੀ ਜ਼ਿੰਮੇਵਾਰੀ ਹੈ ਕਿ ਰਾਜਾਂ ਨੂੰ ਉਨ੍ਹਾਂ ਦਾ ਹਿੱਸਾ ਵੇਲੇ ਸਿਰ ਦੇਵੇ, ਕਿਉਂਕਿ ਵਿੱਤੀ ਸ਼ਕਤੀਆਂ ਕੇਂਦਰ ਕੋਲ ਹਨ ਤੇ ਰਾਜਾਂ ਦੀ ਕੋਈ ਆਮਦਨ ਦੇ ਸਾਧਨ ਨਹੀਂ ਹਨ। ਵਿੱਤ ਮੰਤਰੀ ਦੇ ਇਸ ਦਾਅਵੇ ਕਿ ਰਾਜਾਂ ਨੂੰ ਉਗਰਾਹੀ ਪੂਰੀ ਨਾ ਹੋਣ ਕਰਕੇ ਭੁਗਤਾਨ ਨਹੀਂ ਕਰਦੇ, ਬਾਰੇ ਸਵਾਲ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਉਸ ਨੂੰ ਇਹ ਅਹਿਸਾਸ ਹੈ ਕਿ ਅਸੀਂ ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਾਂ।'

ਛਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ, 'ਉਹ (ਕੇਂਦਰੀ ਖਜ਼ਾਨਾ ਮੰਤਰੀ) ਪਿਆਜ਼ ਨੂੰ ਨਹੀਂ ਸਮਝ ਸਕਦੀ ਤਾਂ ਜੀ ਐਸ ਟੀ ਜਾਂ ਅਰਥ ਵਿਵਸਥਾ ਨੂੰ ਕੀ ਸਮਝੇਗੀ।' ਪੰਜਾਬ ਦੇ ਕੁਝ ਸਿਆਸੀ ਆਗੂਆਂ ਦੀ ਗੈਂਗਸਟਰਾਂ ਦੇ ਨਾਲ ਗੰਢਤੁਪ ਦੀਆਂ ਖਬਰਾਂ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੂੰ ਹੁਕਮ ਦਿੱਤੇ ਹਨ ਕਿ ਉਹ ਇਸ ਦੀ ਜਾਂਚ ਕਰਨ ਤੇ ਜੇ ਕੋਈ ਦੋਸ਼ੀ ਪਾਇਆ ਜਾਵੇ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕਰਨ, ਪਰ ਨਾਲ ਮੁੱਖ ਮੰਤਰੀ ਨੇ ਆਪਣੇ ਸਾਥੀ ਆਗੂਆਂ ਉੱਤੇ ਪੂਰਾ ਭਰੋਸਾ ਜਤਾਇਆ। ਉਨ੍ਹਾਂ ਨੇ ਡੀ ਜੀ ਪੀ ਨੂੰ ਕਿਹਾ ਕਿ ਉਹ ਕੁਝ ਡਾਕੂਮੈਂਟਸ ਅਤੇ ਫੋਟੋ ਨਾਲ ਲਾਏ ਗਏ ਦੋਸ਼ਾਂ ਬਾਰੇ ਜਾਂਚ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰਾਂ ਜੋ ਕਹਿੰਦੀਆਂ ਹਨ, ਉਸ ਵਿੱਚ ਸੱਚਾਈ ਨਹੀਂ ਤੇ ਮੁੱਖ ਮੰਤਰੀ ਨੂੰ ਵੀ ਕੁਝ ਫੋਟੋ ਭੇਜੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਫੋਟੋ ਵਿਚ ਖਤਰਨਾਕ ਅਪਰਾਧੀ, ਜਿਨ੍ਹਾਂ ਦੇ ਖਿਲਾਫ ਕਈ ਕੇਸ ਦਰਜ ਹਨ ਤੇ ਗੈਂਗਸਟਰਾਂ ਨਾਲ ਸਬੰਧ ਹਨ, ਦੇ ਕੁਝ ਅਕਾਲੀ ਆਗੂਆਂ, ਜਿਨ੍ਹਾਂ ਵਿਚ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਹਰਸਿਮਰਤ ਕੌਰ ਬਾਦਲ ਸ਼ਾਮਲ ਹਨ, ਦੇ ਨਾਲ ਤਸਵੀਰਾਂ ਸਾਹਮਣੇ ਆਈਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੈਰ ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਕਿਸੇ ਆਗੂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਦੇ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ। ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਾਥੀ ਅਜਿਹੀਆਂ ਸਰਗਰਮੀਆਂ ਵਿਚ ਸ਼ਾਮਲ ਨਹੀਂ ਹਨ।

# ਸੋਨਾ ਖਰੀਦਣ ਗਏ ਆਦਮੀ ਤੋਂ ਅਣਪਛਾਤੇ ਲੋਕਾਂ ਨੇ 17 ਲੱਖ 65 ਹਜ਼ਾਰ ਰੁਪਏ ਖੋਹੇ

ਪਟਿਆਲਾ, 8 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਜਲਾਲਪੁਰ ਲਾਗੇ ਸੋਨਾ ਖਰੀਦਣ ਗਏ ਦੋ ਦੋਸਤਾਂ ਤੋਂ ਸਕਾਰਪੀਓ ਕਾਰ 'ਚ ਸਵਾਰ ਤਿੰਨ ਜਣਿਆਂ ਵੱਲੋਂ 17 ਲੱਖ 65 ਹਜ਼ਾਰ ਰੁਪਏ ਖੋਹ ਕੇ ਫਰਾਰ ਹੋਣ ਦਾ ਪਤਾ ਲੱਗਾ ਹੈ।

ਇਸ ਸੰਬੰਧ ਵਿੱਚ ਵਿਕਰਮਜੀਤ ਸਿੰਘ ਪਿੰਡ ਸੇਖਪੁਰਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਦੋਸਤ ਨਵਾਬ ਰਸ਼ੀਦ ਨੇ ਉਸ ਨੂੰ ਕਿਹਾ ਕਿ ਉਸ ਦੇ ਕੁਝ ਦੋਸਤ ਸੋਨਾ ਵੇਚਣ ਦਾ ਕੰਮ ਕਰਦੇ ਹਨ। ਉਹ ਆਪਣੇ ਦੋਸਤ ਰਸ਼ੀਦ ਦੇ ਝਾਂਸੇ 'ਚ ਆ ਕੇ ਉਸ ਨਾਲ ਪਿੰਡ ਜਲਾਲਪੁਰ ਲਾਗੇ ਸੋਨੇ ਦਾ ਕੰਮ ਕਰਨ ਵਾਲੇ ਬੰਦਿਆਂ ਨੂੰ ਮਿਲਣ ਚਲਾ ਗਿਆ, ਜਿੱਥੇ ਸਕਾਰਪੀਓ ਕਾਰ 'ਚ ਤਿੰਨ ਅਣਪਛਾਤੇ ਵਿਅਕਤੀ ਆਏ, ਜਿਨ੍ਹਾਂ ਨੇ ਉਸ ਨੂੰ ਇੱਕ ਸੋਨੇ ਦੀ ਇੱਟ ਦਿਖਾਈ, ਜਿਸ ਨੂੰ ਉਹ ਚੈਕ ਕਰਨ ਲੱਗ ਪਿਆ। ਇਸ ਦੌਰਾਨ ਉਕਤ ਅਣਪਛਾਤੇ ਵਿਅਕਤੀ ਉਸ ਦੇ



ਦੋਸਤ ਨਵਾਬ ਰਸ਼ੀਦ ਦੇ ਹੱਥ 'ਚ ਫੜਿਆ ਪੈਸਿਆਂ ਦਾ ਬੈਗ ਜਿਸ ਵਿੱਚ 17 ਲੱਖ 65 ਹਜ਼ਾਰ ਰੁਪਏ ਅਤੇ ਸੋਨੇ ਦੀ ਇੱਟ ਉਨ੍ਹਾਂ ਤੋਂ ਖੋਹ ਕੇ ਫਰਾਰ ਹੋ ਗਏ। ਬਾਅਦ ਵਿੱਚ ਰਸ਼ੀਦ ਨੇ ਉਸ ਨੂੰ ਆਖਿਆ ਕਿ ਉਹ ਉਸ ਦੇ ਪੈਸੇ ਵਾਪਸ ਕਰ ਦੇਵੇਗਾ, ਪਰ ਹਾਲੇ ਤੱਕ ਉਸ ਨੇ ਪੈਸੇ ਵਾਪਸ ਨਹੀਂ ਕਰਵਾਏ। ਇਸ ਸੰਬੰਧੀ ਪੁਲਸ ਨੇ ਸ਼ਿਕਾਇਤ ਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਨਵਾਬ ਰਸ਼ੀਦ ਵਾਸੀ ਸਹਾਰਨਪੁਰ ਤੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

### ਸੈਕਸ ਸ਼ੋਸ਼ਣ ਕੇਸ

# ਪੁਲਸ ਨਾਲ ਝੜਪ ਵਿੱਚ ਪੀੜਤ ਡਾਕਟਰ ਨੂੰ ਸੱਟਾਂ ਵੱਜੀਆਂ

ਫਰੀਦਕੋਟ, 8 ਦਸੰਬਰ (ਪੋਸਟ ਬਿਊਰੋ)- ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਸੈਕਸ ਸੋਸ਼ਣ ਵਿਵਾਦ ਨੇ ਕੱਲ੍ਹ ਏਥੇ ਭਿਆਨਕ ਰੂਪ ਧਾਰਨ ਕਰ ਲਿਆ। ਪਿਛਲੇ 22 ਦਿਨਾਂ ਤੋਂ ਧਰਨੇ 'ਤੇ ਬੈਠੀ ਪੀੜਤ ਡਾਕਟਰ ਅਤੇ ਜਿਨਸੀ ਸ਼ੋਸ਼ਣ ਵਿਰੋਧੀ ਐਕਸ਼ਨ ਕਮੇਟੀ ਨੇ ਕੱਲ੍ਹ ਰੋਸ ਮੁਜ਼ਾਹਰਾ ਕੀਤਾ ਤਾਂ ਪੁਲਸ ਨਾਲ ਝੜਪ ਹੋ ਗਈ।

ਅਸਲ ਵਿੱਚ ਕੱਲ੍ਹ ਜਦੋਂ ਹਜ਼ਾਰਾਂ ਨੌਜਵਾਨਾਂ ਦਾ ਰੋਸ ਮਾਰਚ ਡਿਪਟੀ ਕਮਿਸ਼ਨਰ ਦਫਤਰ ਵੱਲ ਗਿਆ ਤਾਂ ਪੁਲਸ ਨੇ ਵੱਡੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਸੜਕ 'ਤੇ ਰੋਕਣ ਦੀ ਕੋਸ਼ਿਸ਼ ਕੀਤੀ। ਜਦੋਂ ਮੁਜ਼ਾਹਰਾਕਾਰੀ ਨੇ ਅੱਗੇ ਵਧਣ ਲੱਗੇ ਤਾਂ ਪਾਣੀ ਦੀਆਂ ਬੁਛਾੜਾਂ ਛੱਡ ਦਿੱਤੀਆਂ। ਇਸ ਦੌਰਾਨ ਮੁਜ਼ਾਹਰਾਕਾਰੀਆਂ ਤੇ ਪੁਲਸ ਵਿਚਾਲੇ ਤਿੱਖੀਆਂ ਝੜਪਾਂ ਹੋਈਆਂ। ਨੌਜਵਾਨਾਂ ਨੇ ਬੈਰੀਕੇਡ ਪੁੱਟ ਦਿੱਤੇ ਅਤੇ ਪੁਲਸ ਨੂੰ ਪਿੱਛੇ ਧੱਕ ਦਿੱਤਾ। ਇਸੇ ਦੌਰਾਨ ਐੱਸ ਪੀ ਸੇਵਾ ਸਿੰਘ ਮੱਲੀ ਦੀ ਅਗਵਾਈ ਵਿੱਚ ਪੁਲਸ ਨੇ ਮੁਜ਼ਾਹਰਾਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ, ਪਰ ਅਚਾਨਕ ਹਵਾ ਦਾ ਰੁਖ਼ ਬਦਲਣ ਨਾਲ ਪੁਲਸ ਦੀਆਂ ਟੀਮਾਂ ਅੱਥਰੂ ਗੈਸ ਦੀ ਲਪੇਟ ਵਿੱਚ ਆ ਜਾਣ ਕਾਰਨ ਕਾਰਜਕਾਰੀ ਮੈਜਿਸਟਰੇਟ ਤੇ ਉਚ ਪੁਲਸ ਅਧਿਕਾਰੀ ਲੰਬੇ ਸਮੇਂ ਤੱਕ ਖੁਦ ਨੂੰ ਸੰਭਾਲ ਨਹੀਂ ਸਕੇ। ਤੈਸ਼ 'ਚ ਆਈ ਪੁਲਸ ਨੇ ਅੰਨ੍ਹੇਵਾਹ ਲਾਠੀਚਾਰਜ ਸ਼ੁਰੂ ਕਰ ਦਿੱਤਾ ਅਤੇ ਲੋਕਾਂ ਦੀ ਪਹਿਲੀ ਕਤਾਰ ਵਿੱਚ ਖੜ੍ਹੀ ਸੈਕਸ ਸੋਸ਼ਣ ਦੇ ਕੇਸ ਦੀ ਪੀੜਤ ਔਰਤ ਡਾਕਟਰ ਨੂੰ ਵੀ ਪੁਲਸ ਨੇ ਕੁੱਟ ਸੁੱਟਿਆ ਜਿਸ ਕਾਰਨ ਉਸ ਦੇ ਹੱਥਾਂ 'ਤੇ ਸੱਟਾਂ ਵੱਜੀਆਂ। ਪੁਲਸ ਦੇ ਲਾਠੀਚਾਰਜ ਵਿੱਚ 12 ਲੜਕੀਆਂ ਅਤੇ 19 ਦੇ ਕਰੀਬ ਨੌਜਵਾਨਾਂ ਦੇ ਸੱਟਾਂ ਲੱਗੀਆਂ ਹਨ ਅਤੇ ਮੁਜ਼ਾਹਰੇ ਵਾਲੀ ਥਾਂ ਤੋਂ ਦੋ ਦਰਜਨ ਦੇ ਕਰੀਬ ਨੌਜਵਾਨਾਂ ਨੂੰ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ। ਪੁਲਸ ਨੇ ਲਾਠੀਚਾਰਜ ਕਰ ਕੇ ਨੌਜਵਾਨਾਂ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਦੇ ਬਾਵਜੂਦ ਉਹ ਡਟੇ ਰਹੇ। ਜਲ ਤੋਪਾਂ ਨਾਲ ਧਰਨੇ ਵਾਲੀ ਥਾਂ 'ਤੇ ਲੱਗਾ ਟੈਂਟ ਵੀ ਪੁਟਿਆ ਗਿਆ। ਮੁਜ਼ਾਹਰੇ ਨੂੰ ਰੋਕਣ ਲਈ ਤੈਨਾਤ ਪਹਿਲੀ ਪੁਲਸ ਪਾਰਟੀ ਜਲ ਤੋਪਾਂ ਅਤੇ ਅੱਥਰੂ ਗੈਸ ਦੇ ਗੋਲੇ ਚੱਲਣ ਮਗਰੋਂ ਪੁਲਸ ਮੌਕੇ ਤੋਂ ਕਾਫੀ ਪਿੱਛੇ ਹਟ ਗਈ। ਬਾਅਦ ਵਿਚ ਮੌਕੇ 'ਤੇ ਹੋਰ ਪੁਲਸ ਸੱਦੀ ਗਈ ਅਤੇ ਪੁਲਸ ਨੇ ਅੰਨ੍ਹੇਵਾਹ ਲਾਠੀਚਾਰਜ ਸ਼ੁਰੂ ਕਰ ਦਿੱਤਾ ਅਤੇ ਪੀੜਤ ਡਾਕਟਰ ਨੂੰ ਇੱਕ ਕਿਲੋਮੀਟਰ ਤੱਕ ਧੂਹ ਕੇ ਲੈ ਗਈ। ਲਾਠੀਚਾਰਜ ਨਾਲ ਨੌਜਵਾਨਾਂ ਦੀਆਂ ਪੱਗਾਂ ਵੀ ਲੱਥ ਗਈਆਂ। ਐੱਸ ਪੀ ਸੇਵਾ ਸਿੰਘ ਮੱਲੀ ਨੇ ਕਿਹਾ ਕਿ ਨੌਜਵਾਨਾਂ ਨੇ ਪੁਲਸ ਦੇ ਬੈਰੀਕੇਡ ਪੁੱਟਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਕਰ ਕੇ ਹਲਕਾ ਲਾਠੀਚਾਰਜ ਕੀਤਾ ਹੈ। ਐੱਸ ਪੀ ਨੇ ਕਿਹਾ ਕਿ ਝੜਪ ਦੌਰਾਨ ਉਸ ਦੇ ਵੀ ਸੱਟਾਂ ਵੱਜੀਆਂ ਹਨ। ਜ਼ਖਮੀ ਹੋਏ ਨੌਜਵਾਨਾਂ ਨੂੰ ਪੁਲਸ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਵਿੱਚ ਦਾਖਲ ਨਹੀਂ ਹੋਣ ਦਿੱਤਾ।

ਸੈਕਸ ਸ਼ੋਸ਼ਣ ਕੇਸ ਵਿੱਚ ਸੰਘਰਸ਼ ਕਰਦੀ ਐਕਸ਼ਨ ਕਮੇਟੀ ਨੇ ਪੁਲਸ ਦੇ ਤਸ਼ੱਦਦ ਦੇ ਬਾਵਜੂਦ ਇਨਸਾਫ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਲਾਠੀਚਾਰਜ ਮਗਰੋਂ ਐਕਸ਼ਨ ਕਮੇਟੀ ਅਤੇ ਸ਼ਹਿਰ ਵਾਸੀਆਂ ਨੇ ਪੁਲਸ ਖਿਲਾਫ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ। ਇਸ ਤੋਂ ਪਹਿਲਾਂ ਪੁਲਸ ਨੇ ਧਰਨੇ ਵਾਲੀ ਥਾਂ ਤੋਂ ਉਨ੍ਹਾਂ ਦੇ ਲੰਗਰ ਦਾ ਸਾਮਾਨ ਚੁੱਕ ਲਿਆ ਤੇ ਉਥੇ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਤੈਨਾਤ ਕਰ ਦਿੱਤੇ।

# ਪੰਜਾਬ ਦਾ ਸਰਕਾਰੀ ਖਜ਼ਾਨਾ ਚੱਟ ਰਹੀਆਂ ਨੇ ਨਾਜਾਇਜ਼ ਬੱਸਾਂ

ਚੰਡੀਗੜ੍ਹ, 8 ਦਸੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਸੜਕਾਂ 'ਤੇ ਰੋਜ਼ ਦੋ ਹਜ਼ਾਰ ਦੇ ਕਰੀਬ ਬੱਸਾਂ ਗੈਰ ਕਾਨੂੰਨੀ ਚੱਲ ਰਹੀਆਂ ਹਨ। ਇਹ ਤੱਥ ਬੀਤੇ ਦਿਨੀਂ ਸੂਬੇ ਦੀ ਟਰਾਂਸਪੋਰਟ ਮੰਤਰੀ ਬੇਗਮ ਰਜ਼ੀਆ ਸੁਲਤਾਨਾ ਨਾਲ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਵਿੱਚ ਆਏ ਤਾਂ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਰੋਡਵੇਜ਼ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੇ ਘਾਟੇ ਦਾ ਕਾਰਨ ਗੈਰ ਕਾਨੂੰਨੀ ਚਲਦੀਆਂ ਬੱਸਾਂ ਹੀ ਹਨ।

ਜਾਣਕਾਰ ਸੂਤਰਾਂ ਅਨੁਸਾਰ ਟਰਾਂਸਪੋਰਟ ਵਿਭਾਗ ਨੇ ਪੰਜਾਬ ਰੋਡਵੇਜ਼ ਦੇ ਡਿਪੂ ਮੈਨੇਜਰਾਂ ਰਾਹੀਂ ਗੁਪਤ ਸਰਵੇਖਣ ਕਰਵਾਇਆ ਤਾਂ ਇਹ ਹੈਰਾਨੀ ਜਨਕ ਤੱਥ ਸਾਹਮਣੇ ਆਏ ਕਿ ਗੈਰ ਕਾਨੂੰਨੀ ਬੱਸਾਂ ਅਕਾਲੀ-ਭਾਜਪਾ ਸਰਕਾਰ ਰਾਜ ਵਾਂਗ ਅੱਜ ਵੀ ਚੱਲ ਰਹੀਆਂ ਹਨ ਤੇ ਇੱਕੋ ਪਰਮਿਟ 'ਤੇ ਇੱਕ ਤੋਂ ਵੱਧ ਬੱਸਾਂ ਚੱਲਣ ਦੇ ਤੱਥ ਵੀ ਪਤਾ ਲੱਗੇ ਹਨ। ਗੈਰ ਕਾਨੂੰਨੀ ਅਤੇ ਇੱਕ ਪਰਮਿਟ 'ਤੇ ਇੱਕ ਤੋਂ ਵੱਧ ਬੱਸਾਂ ਜਿਹੜੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਚਲਦੀਆਂ ਹਨ ਉਨ੍ਹਾਂ ਦਾ ਸੰਬੰਧ ਹਾਕਮ ਧਿਰ ਕਾਂਗਰਸ ਤੇ ਅਕਾਲੀ ਦਲ



ਦੇ ਆਗੂਆਂ ਨਾਲ ਹੈ। ਪ੍ਰਭਾਵਸ਼ਾਲੀ ਟਰਾਂਸਪੋਰਟਰਾਂ ਅੱਗੇ ਵਿਭਾਗ ਦੇ ਅਧਿਕਾਰੀ ਕਾਰਵਾਈ ਕਰਨ 'ਚ ਵੀ ਬੇਵੱਸ ਦਿਖਾਈ ਦੇ ਰਹੇ ਹਨ।

ਮੀਟਿੰਗ ਦੌਰਾਨ ਅਧਿਕਾਰੀਆਂ ਨੇ ਮੰਤਰੀ ਨੂੰ ਕਿਹਾ ਸੀ ਕਿ ਗੈਰ ਕਾਨੂੰਨੀ ਬੱਸਾਂ ਬੰਦ ਕਰਨ ਨਾਲ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਦੋਵਾਂ ਅਦਾਰਿਆਂ ਦੀ ਰੋਜ਼ਾਨਾ ਆਮਦਨ ਵਿੱਚ 25 ਲੱਖ ਰੁਪਏ ਤੱਕ ਵਾਧਾ ਹੋ ਸਕਦਾ ਹੈ ਕਿਉਂਕਿ ਗੈਰ ਕਾਨੂੰਨੀ ਬੱਸਾਂ ਵੱਲੋਂ ਸਰਕਾਰ ਨੂੰ ਟੈਕਸ ਚੋਰੀ ਕਰ ਕੇ ਵੀ ਚੂਨਾ ਲਾਇਆ ਜਾਂਦਾ ਹੈ। ਟਰਾਂਸਪੋਰਟ ਅਧਿਕਾਰੀਆਂ ਨੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਪਠਾਨਕੋਟ ਤੋਂ ਚੱਲਦੀਆਂ ਬੱਸਾਂ ਦਾ ਇੱਕ ਸਰਵੇਖਣ ਕੀਤਾ ਹੈ। ਇਨ੍ਹਾਂ ਸ਼ਹਿਰਾਂ ਦੇ ਬਸ ਅੱਡਿਆਂ, ਪ੍ਰਮੁੱਖ ਚੌਕਾਂ ਅਤੇ ਸੜਕਾਂ 'ਤੇ 24 ਘੰਟਿਆਂ ਤੱਕ ਮੁਲਾਜ਼ਮਾਂ ਨੂੰ ਬਿਠਾ ਕੇ ਸਰਵੇਖਣ ਕੀਤਾ ਅਤੇ ਬੱਸਾਂ ਦੀ ਹਰ ਤਰ੍ਹਾਂ ਦੀ ਗਤੀਵਿਧੀ ਨੂੰ ਰਿਕਾਰਡ 'ਤੇ ਲਿਆਂਦਾ। ਪਤਾ ਲੱਗਾ ਕਿ ਅੰਮ੍ਰਿਤਸਰ ਤੋਂ ਜੰਮੂ-ਕਟੜਾ, ਅੰਮ੍ਰਿਤਸਰ-ਦਿੱਲੀ, ਅੰਮ੍ਰਿਤਸਰ-ਚੰਡੀਗੜ੍ਹ, ਲੁਧਿਆਣਾ ਤੋਂ ਦਿੱਲੀ, ਲੁਧਿਆਣਾ ਤੋਂ ਜੰਮੂ-ਕਟੜਾ, ਲੁਧਿਆਣਾ ਤੋਂ ਬੀਕਾਨੇਰ ਤੇ ਰਾਜਸਥਾਨ ਦੇ ਹੋਰਨਾਂ ਸ਼ਹਿਰਾਂ ਨੂੰ ਜਿਹੜੀਆਂ ਬੱਸਾਂ ਚਲਦੀਆਂ ਹਨ ਉਹ ਗੈਰ ਕਾਨੂੰਨੀ ਗਤੀਵਿਧੀਆਂ ਵਿੱਚ ਆਉਂਦੀਆਂ ਹਨ। ਵਿਭਾਗ ਦੇ ਅਧਿਕਾਰੀਆਂ ਅਨੁਸਾਰ ਜਲੰਧਰ, ਅੰਮ੍ਰਿਤਸਰ ਤੇ ਲੁਧਿਆਣਾ ਆਦਿ ਵੱਡੇ ਸ਼ਹਿਰਾਂ ਦੇ ਬਸ ਅੱਡਿਆਂ ਤੋਂ ਬਾਹਰ ਵੱਡੇ ਚੌਕਾਂ 'ਚੋਂ ਨਾਮੀ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ, ਜਿਨ੍ਹਾਂ ਕੋਲ ਕੋਈ ਪਰਮਿਟ ਨਹੀਂ ਹੁੰਦਾ, ਸਵਾਰੀਆਂ ਖੁੱਲ੍ਹਾ ਬਿਠਾਉਂਦੀਆਂ ਹਨ। ਰੋਡਵੇਜ਼ ਦੇ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਕਈ ਟਰਾਂਸਪੋਰਟ ਵਿਭਾਗ ਦੇ ਜ਼ਿਲਾ ਪੱਧਰ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਗਿਆ, ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਕੰਟਰੈਕਟ ਕੈਰਿਜ਼ ਪਰਮਿਟ ਵਾਲੀਆਂ ਬੱਸਾਂ ਨੂੰ ਸਟੇਜ ਕੈਰਿਜ਼ ਪਰਮਿਟ ਵਾਲੀਆਂ ਬੱਸਾਂ ਵਾਂਗ ਵਰਤਿਆ ਜਾਂਦਾ ਹੈ।

# ਢੀਂਡਸਾ ਅਤੇ ਰਵੀਇੰਦਰ ਨੇ ਬ੍ਰਹਮਪੁਰਾ ਨਾਲ ਹੱਥ ਮਿਲਾਇਆ

ਚੰਡੀਗੜ੍ਹ, 8 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਵਿੱਚ ਚੱਲ ਰਹੀ ਉਥਲ ਪੁਥਲ ਦੀ ਸਥਿਤੀ ਦੌਰਾਨ ਕੱਲ੍ਹ ਅਕਾਲੀ ਸਿਆਸਤ 'ਚ ਇੱਕ ਹੋਰ ਵੱਡਾ ਧਮਾਕਾ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਵੱਡੇ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਕਿਸੇ ਸਮੇਂ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ 'ਚ ਸ਼ਾਮਲ ਰਹੇ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਬਾਦਲਾਂ ਖਿਲਾਫ ਇਕਜੁੱਟ ਹੁੰਦਿਆਂ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਹੱਥ ਮਿਲਾ ਲਿਆ ਹੈ। ਜਾਣਕਾਰ ਸੂਤਰਾਂ ਮੁਤਾ-ਬਕ ਕੱਲ੍ਹ ਇਨ੍ਹਾਂ ਦੋਵਾਂ ਆਗੂਆਂ ਨੇ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਸੀਨੀਅਰ ਆਗੂਆਂ ਨਾਲ ਇੱਕ ਗੁਪਤ ਮੀਟਿੰਗ ਕਰ ਕੇ ਭਵਿੱਖ ਦੀ ਰਣਨੀਤੀ ਬਾਰੇ ਫੈਸਲਾ ਕੀਤਾ ਹੈ। ਭਾਵੇਂ ਇਹ ਮੀਟਿੰਗ ਪੂਰੀ ਤਰ੍ਹਾਂ ਗੁਪਤ ਰੱਖੀ ਗਈ, ਪਰ ਇਸ ਦੀ ਤਸਵੀਰ ਬਾਹਰ ਆ ਗਈ ਹੈ। ਸੂਤਰਾਂ ਅਨੁਸਾਰ ਇਹ ਮੀਟਿੰਗ ਰਵੀਇੰਦਰ ਸਿੰਘ ਦੇ ਗ੍ਰਹਿ ਵਿਖੇ ਦੇਰ ਸ਼ਾਮ ਨੂੰ ਹੋਈ। ਇਸ ਵਿੱਚ ਸੁਖਦੇਵ ਸਿੰਘ ਢੀਂਡਸਾ, ਰਵੀਇੰਦਰ ਸਿੰਘ ਤੇ ਰਣਜੀਤ ਸਿੰਘ ਬ੍ਰਹਮਪੁਰਾ ਤੋਂ ਇਲਾਵਾ ਅਕਾਲੀ ਦਲ ਟਕਸਾਲੀ ਦੇ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ, ਯੂਥ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਹਰਸੁਖਇੰਦਰ ਸਿੰਘ ਬੱਬੀ ਬਾਦਲ, ਆਦਿ ਵੀ ਮੌਜੂਦ ਸਨ।

# ਅਦਾਲਤੀ ਕੇਸਾਂ ਪ੍ਰਤੀ ਪੁਲਸ ਦੇ ਵਿਹਾਰ ਤੋਂ ਹਾਈ ਕੋਰਟ ਨਾਰਾਜ਼

ਮੋਗਾ, 8 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰੀ ਕੇਸ ਨੂੰ ਤਿੰਨ ਹੋਰ ਕੇਸਾਂ ਨਾਲ ਜੋੜ ਕੇ ਅਤੇ ਇਨ੍ਹਾਂ ਦੀ ਸੁਣਵਾਈ ਵੇਲੇ ਪੁਲਸ ਅਫਸਰਾਂ ਦੀ ਅਦਾਲਤੀ ਕੇਸਾਂ ਪ੍ਰਤੀ ਲਾਪਰਵਾਹੀ ਤੋਂ ਹਾਈ ਕੋਰਟ ਨੇ ਸਖਤ ਟਿੱਪਣੀਆਂ ਕੀਤੀਆਂ ਹਨ। ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਫੌਜਦਾਰੀ ਜ਼ਾਬਤਾ ਹੇਠ ਗੈਰ ਜ਼ਿੰਮੇਵਾਰੀ ਅਧਿਕਾਰੀਆਂ ਖਿਲਾਫ ਬਣਦੀ ਠੋਸ ਕਾਰਵਾਈ ਅਮਲ ਵਿੱਚ ਲਿਆਉਣ ਦਾ ਹੁਕਮ ਦਿੱਤਾ ਹੈ। ਕੋਰਟ ਨੇ ਕਿਹਾ ਕਿ ਸੰਮਨ ਤਾਮੀਲ ਨਾ ਹੋਣ ਕਾਰਨ ਜਿੱਥੇ ਅਦਾਲਤਾਂ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ, ਉਥੇ ਮੁਲਜ਼ਮ ਦੇ ਅਧਿਕਾਰਾਂ ਦਾ ਘਾਣ ਹੁੰਦਾ ਹੈ।

ਜਸਟਿਸ ਰਾਜਬੀਰ ਸਹਿਰਾਵਤ ਨੇ ਬੀਤੀ ਚਾਰ ਦਸੰਬਰ ਨੂੰ ਇੱਕ ਕੇਸ ਦੀ ਸੁਣਵਾਈ ਦੌਰਾਨ ਪੁਲਸ ਅਫਸਰਾਂ ਦੀ ਅਦਾਲਤੀ ਕੇਸਾਂ ਪ੍ਰਤੀ ਕਾਰਜਸ਼ੈਲੀ ਤੋਂ ਸਖਤ ਟਿੱਪਣੀਆਂ ਕੀਤੀਆਂ ਹਨ। ਹੁਕਮ ਵਿੱਚ ਲਿਖਿਆ ਗਿਆ ਹੈ ਕਿ ਅਦਾਲਤਾਂ ਵਿੱਚ ਸੁਣਵਾਈ ਦੌਰਾਨ ਜਾਂ ਮੁਲਜ਼ਮ ਨੂੰ ਪੇਸ਼ੀ 'ਤੇ ਲਿਆਂਦਾ ਨਹੀਂ ਜਾਂਦਾ ਜਾਂ ਗਵਾਹਾਂ ਨੂੰ ਮੁਕੱਰਰ ਪੇਸ਼ ਕਰਵਾਉਣ ਵਿੱਚ ਵਿਭਾਗ ਨਾਕਾਮ ਰਹਿੰਦਾ ਹੈ। ਜਸਟਿਸ ਸਹਿਰਾਵਤ ਨੇ ਹੇਠਲੀਆਂ ਅਦਾਲਤਾਂ ਨੂੰ ਨਿਯਮਾਂ ਮੁਤਾਬਕ ਗੈਰ ਜ਼ਿੰਮੇਵਾਰ ਪੁਲਸ ਅਫਸਰਾਂ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਨੂੰ ਕਿਹਾ ਹੈ। ਕੋਰਟ ਨੇ ਇਸ ਕੇਸ ਦੀ ਅਗਲੀ ਸੁਣਵਾਈ ਲਈ ਨਵੇਂ ਵਰ੍ਹੇ ਦੀ 19 ਫਰਵਰੀ ਮੁਕੱਰਰ ਕਰਦੇ ਹੋਏ ਅਦਾਲਤਾਂ ਵਿੱਚ ਸਰਕਾਰੀ ਗਵਾਹਾਂ ਆਦਿ ਦੀ ਸਮਾਂਬੱਧ ਹਾਜ਼ਰੀ ਯਕੀਨੀ ਬਣਾਉਣ ਤੇ ਕਿਸੇ ਵੀ ਲਾਪਰਵਾਹੀ ਲਈ ਅਧਿਕਾਰੀ ਖਿਲਾਫ ਠੋਸ ਕਾਰਵਾਈ ਅਤੇ ਸਜ਼ਾਯੋਗ ਨੀਤੀ ਪੇਸ਼ ਕਰਨ ਲਈ ਡੀ ਜੀ ਪੀ ਪੰਜਾਬ, ਹਰਿਆਣਾ, ਚੰਡੀਗੜ੍ਹ ਸਕੱਤਰ ਗ੍ਰਹਿ ਤਲਬ ਕੀਤਾ ਹੈ।

ਵਰਨਣ ਯੋਗ ਹੈ ਕਿ ਥਾਣਾ ਕੋਟ ਈਸੇ ਖਾਂ ਪੁਲਸ ਨੇ 2 ਅਪ੍ਰੈਲ 2016 ਨੂੰ ਕਾਕਾ ਸਿੰਘ ਵਾਸੀ ਮੁਹੱਲਾ ਅੰਗਦਪੁਰਾ, ਮੋਗਾ ਨੂੰ ਨਸ਼ੀਲੇ ਪਾਊਡਰ ਸਣੇ ਫੜਿਆ ਸੀ। ਉਸ ਨੂੰ ਸਥਾਨਕ ਜ਼ਿਲਾ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਇਹ ਮੁਲਜ਼ਮ ਸੁਣਵਾਈ ਦੌਰਾਨ ਬੀਤੀ 12 ਸਤੰਬਰ ਨੂੰ ਅਦਾਲਤ 'ਚੋਂ ਗੈਰ ਹਾਜ਼ਰ ਹੋ ਗਿਆ ਤਾਂ ਅਦਾਲਤ ਨੇ ਉਸ ਦੀ ਜ਼ਮਾਨਤ ਰੱਦ ਕਰ ਕੇ ਉਸ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਮੁਲਜ਼ਮ ਨੇ ਵਕੀਲ ਬੀ ਐੱਸ ਭੱਲਾ ਰਾਹੀਂ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ। ਹਾਈ ਕੋਰਟ ਵੱਲੋਂ ਜ਼ਿਲਾ ਅਦਾਲਤ ਦੇ ਜ਼ਿਮਨੀ ਹੁਕਮ ਵਾਚਣ 'ਤੇ ਧਿਆਨ 'ਚ ਆਇਆ ਕਿ ਸਰਕਾਰੀ ਗਵਾਹਾਂ ਨੂੰ 16 ਤੋਂ ਵੱਧ ਵਾਰ ਸੰਮਨ ਜਾਰੀ ਕਰ ਚੁੱਕੇ ਹਨ, ਪਰ ਉਹ ਅਦਾਲਤ ਵਿੱਚ ਗਵਾਹੀ ਲਈ ਪੇਸ਼ ਨਹੀਂ ਹੋਏ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਸਟਾਫ ਨੂੰ ਬੰਦੀ ਬਣਾ ਕੇ ਪੰਜਾਬ ਐਂਡ ਸਿੰਧ ਬੈਂਕ ਤੋਂ 7.83 ਲੱਖ ਦੀ ਲੁੱਟ

ਅੰਮ੍ਰਿਤਸਰ, 8 ਦਸੰਬਰ (ਪੋਸਟ ਬਿਊਰੋ)- ਕਸਬਾ ਖਿਲਚੀਆਂ ਨੇੜੇ ਛੱਜਲਵੱਡੀ ਵਿੱਚ ਕੱਲ੍ਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਲੁੱਟ ਦੀ ਵਾਰਦਾਤ ਕਰ ਦਿੱਤੀ। ਪੰਜ ਲੁਟੇਰਿਆਂ ਨੇ ਬੈਂਕ ਦੇ ਗਾਰਡ ਸਮੇਤ ਪੂਰੇ ਸਟਾਫ ਨੂੰ ਬੰਦੀ ਬਣਾਇਆ ਅਤੇ ਮੈਨੇਜਰ ਨੂੰ ਗੋਲੀ ਮਾਰਨ ਦੀ ਵੀ ਕੋਸ਼ਿਸ਼ ਕੀਤੀ। ਲੁਟੇਰਿਆਂ ਨੇ 7.83 ਲੱਖ ਦੀ ਰਕਮ ਲੁੱਟ ਲਈ ਸਟਰਾਂਗ ਰੂਮ ਨੂੰ ਵੀ ਤੋੜਨ ਦੀ ਕੋਸ਼ਿਸ਼ ਕੀਤੀ। ਅਸਫਲ ਰਹਿਣ ਉੱਤੇ ਸੀ ਸੀ ਟੀ ਵੀ ਦੀ ਡੀ ਵੀ ਆਰ ਅਤੇ ਗਾਰਡ ਦੀ ਰਾਈਫਲ ਲੈ ਕੇ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।

ਬੈਂਕ ਮੈਨੇਜਰ ਰਾਮਨਾਰਾਇਣ ਨੇ ਦੱਸਿਆ ਕਿ ਉਹ ਬੈਂਕ ਦੇ ਕੈਸ਼ੀਅਰ ਦੇ ਨਾਲ ਆਪਣੇ ਕੈਬਿਨ ਵਿੱਚ ਬੈਠੇ ਕੰਮ ਕਰ ਰਹੇ ਸਨ। ਦੁਪਹਿਰ ਲਗਭਗ ਇੱਕ ਵਜੇ ਇੱਕ ਬ੍ਰੇਜ਼ਾ ਕਾਰ ਬੈਂਕ ਦੇ ਬਾਹਰ ਆ ਕੇ ਰੁਕੀ। ਇਸ ਵਿੱਚੋਂ ਪੰਜ ਨੌਜਵਾਨ ਨਿਕਲੇ। ਸਾਰੇ ਹਥਿਆਰਾਂ ਨਾਲ ਲੈਸ ਸਨ। ਸਭ ਤੋਂ ਪਹਿਲਾਂ ਬੈਂਕ ਦੇ ਸਕਿਓਰਟੀ ਗਾਰਡ ਨੂੰ ਦੋ ਜਣਿਆਂ ਨੇ ਫੜਿਆ। ਉਸ 'ਤੇ ਪਿਸਤੌਲ ਤਾਣ ਕੇ ਉਸ ਦੀ ਰਾਈਫਲ ਖੋਹ ਲਈ। ਗਾਰਡ ਨੂੰ ਲੈ ਕੇ ਬੈਂਕ ਦੇ ਅੰਦਰ ਪਹੁੰਚੇ ਇੱਕ ਲੁਟੇਰੇ ਨੇ ਜ਼ੋਰ ਨਾਲ ਆਵਾਜ਼ ਦੇ ਕੇ ਸਟਾਫ ਨੂੰ ਕਿਹਾ ਕਿ ਜੋ ਜਿੱਥੇ ਹੈ, ਉਥੇ ਹੀ ਬੈਠ ਜਾਏ, ਨਹੀਂ ਤਾਂ ਗੋਲੀ ਮਾਰ ਦੇਣਗੇ। ਕੈਸ਼ੀਅਰ ਨੂੰ ਕਿਹਾ ਕਿ ਉਹ ਕੈਸ਼ ਵਾਲਾ ਕੈਬਿਨ ਖੋਲ੍ਹ ਦੇਵੇ, ਨਹੀਂ ਤਾਂ ਬੈਂਕ ਮੈਨੇਜਰ ਨੂੰ ਗੋਲੀ ਮਾਰ ਦੇਣਗੇ। ਸਟਾਫ ਨੂੰ ਡਰਾਉਣ ਲਈ ਉਨ੍ਹਾਂ ਨੇ ਗੋਲੀ ਚਲਾਉਣ ਦੀ ਕੋਸ਼ਿਸ਼



ਕੀਤੀ, ਪਰ ਗੋਲੀ ਮਿਸ ਕਰ ਗਈ। ਇਸ ਦੇ ਬਾਅਦ ਲੁਟੇਰਿਆਂ ਨੇ ਕੈਸ਼ੀਅਰ ਦੇ ਕੈਬਿਨ 'ਚੋਂ 7.83 ਲੱਖ ਰੁਪਏ ਬੈਗ ਵਿੱਚ ਪਾ ਲਏ। ਲੁਟੇਰਿਆਂ ਨੇ ਸਟਰਾਂਗ ਰੂਮ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਤੋੜਨ ਵਿੱਚ ਅਸਫਲ ਰਹੇ। ਜਿਸ ਜਗ੍ਹਾ 'ਤੇ ਪੰਜਾਬ ਐਂਡ ਸਿੰਧ ਬੈਂਕ ਹੈ, ਉਹ ਕਾਫੀ ਭੀੜ ਭਰਿਆ ਇਲਾਕਾ ਹੈ। ਲੁਟੇਰਿਆਂ ਨੂੰ ਡਰ ਸੀ ਕਿ ਉਹ ਫੜੇ ਨਾ ਜਾਣ ਇਸ ਲਈ ਸੀ ਸੀ ਟੀ ਵੀ ਕੈਮਰਿਆਂ ਦਾ ਡੀ ਵੀ ਆਰ ਅਤੇ ਗਾਰਡ ਦੀ ਰਾਈਫਲ ਦੇ ਨਾਲ ਨਾਲ ਲੁੱਟ ਦੀ ਰਕਮ ਲੈ ਕੇ ਬਾਹਰ ਨਿਕਲ ਗਏ ਅਤੇ ਕਾਰ ਵਿੱਚ ਬੈਠ ਕੇ ਫਰਾਰ ਹੋ ਗਏ। ਵਾਰਦਾਤ ਦੀ ਸੂਚਨਾ ਮਿਲਣ 'ਤੇ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਵਿਕਰਮਜੀਤ ਦੁੱਗਲ, ਡੀ ਐੱਸ ਪੀ ਇਨਵੈਸਟੀਗੇਸ਼ਨ ਗੁਰਿੰਦਰਪਾਲ ਸਿੰਘ ਨਾਗਰਾ, ਐਸ ਐਚ ਓ ਖਿਲਚੀਆਂ ਪਰਮਜੀਤ ਸਿੰਘ ਮੌਕੇ 'ਤੇ ਪਹੁੰਚੇ। ਥਾਣਾ ਖਿਲਚੀਆਂ ਵਿੱਚ ਲੁਟੇਰਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਲੁਟੇਰਿਆਂ ਦਾ ਸੁਰਾਗ ਲਗਾਉਣ ਦੇ ਲਈ ਆਸਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਵੀ ਖੰਗਾਲਿਆ ਜਾ ਰਿਹਾ ਹੈ। ਲੁੱਟ ਦੀ ਵਾਰਦਾਤ ਦੇ ਬਾਅਦ ਅੰਮ੍ਰਿਤਸਰ ਦਿਹਾਤੀ, ਸਿਟੀ, ਤਰਨ ਤਾਰਨ ਅਤੇ ਬਟਾਲਾ ਵਿੱਚ ਰੈਡ ਅਲਰਟ ਜਾਰੀ ਕੀਤਾ ਗਿਆ। ਦੇਰ ਰਾਤ ਤੱਕ ਪੁਲਸ ਨੂੰ ਲੁਟੇਰਿਆਂ ਨੂੰ ਕੋਈ ਸੁਰਾਗ ਨਹੀਂ ਮਿਲ ਸਕਿਆ।

# ਕੋਆਪਰੇਟਿਵ ਬੈਂਕਾਂ ਉੱਤੇ ਕੰਟਰੋਲ ਚਾਹੁੰਦਾ ਹੈ ਆਰ ਬੀ ਆਈ




ਨਵੀਂ ਦਿੱਲੀ, 8 ਦਸੰਬਰ (ਪੋਸਟ ਬਿਊਰੋ)- ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ ਬੈਂਕ (ਪੀ ਐੱਮ ਸੀ) ਵਿੱਚ ਸਾਹਮਣੇ ਆਏ ਭਾਰੀ ਘੋਟਾਲੇ ਪਿੱਛੋਂ ਕੋਆਪਰੇਟਿਵ ਖੇਤਰ ਦੇ ਬੈਂਕਾਂ 'ਤੇ ਕੰਟਰੋਲ ਬਾਰੇ ਆਵਾਜ਼ਾਂ ਉਠ ਰਹੀਆਂ ਹਨ। ਇਸ ਉੱਤੇ ਲਗਾਮ ਕੱਸਣ ਅਤੇ ਬਿਹਤਰ ਨਿਗਰਾਨੀ ਲਈ ਉਚ ਪੱਧਰ 'ਤੇ ਵਿਚਾਰ ਵਟਾਂਦਰਾ ਚੱਲ ਰਿਹਾ ਹੈ। ਇਸੇ ਪਾਸੇ ਕਦਮ ਵਧਾਉਂਦੇ ਹੋਏ ਰਿਜ਼ਰਵ ਬੈਂਕ ਨੇ ਇਸ ਸੈਕਟਰ ਦੀ ਲਗਾਮ ਆਪਣੇ ਹੱਥ ਵਿੱਚ ਲੈਣ ਦਾ ਵਿਚਾਰ ਦਿੱਤਾ ਹੈ। ਕੇਂਦਰੀ ਬੈਂਕ ਨੇ ਵਿੱਤ ਮੰਤਰਾਲੇ ਨੂੰ ਇਸ ਬਾਰੇ ਪੱਤਰ ਲਿਖ ਕੇ ਕੋਆਪਰੇਟਿਵ ਬੈਂਕਾਂ ਦਾ ਪੂਰਾ ਕੰਟਰੋਲ ਦੇਣ ਨੂੰ ਕਿਹਾ ਹੈ।

ਵਿੱਤ ਮੰਤਰਾਲੇ ਦੇ ਰੁਖ਼ ਤੋਂ ਅਜਿਹਾ ਲੱਗਦਾ ਹੈ ਕਿ ਉਹ ਆਰ ਬੀ ਆਈ ਦੇ ਪ੍ਰਸਤਾਵ ਦੇ ਹੱਕ ਵਿੱਚ ਹੈ। ਉਮੀਦ ਹੈ ਕਿ ਪਾਰਲੀਮੈਂਟ ਦੇ ਆਉਂਦੇ ਬਜਟ ਸੈਸ਼ਨ ਵਿੱਚ ਮੌਜੂਦਾ ਬੈਂਕਿੰਗ ਰੈਗੂਲੇਸ਼ਨ ਐਕਟ ਵਿੱਚ ਵੱਡੀ ਸੋਧ ਕਰ ਕੇ ਸ਼ਹਿਰੀ ਕੋਆਪਰੇਟਿਵ ਬੈਂਕਾਂ ਦੇ ਨਿਯਮਾਂ ਦੀ ਪੂਰੀ ਜ਼ਿੰਮੇਵਾਰੀ ਆਰ ਬੀ ਆਈ ਨੂੰ ਸੌਂਪ ਦਿੱਤੀ ਜਾਵੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬੀਤੇ ਹਫਤੇ ਪਾਰਲੀਮੈਂਟ ਨੂੰ ਦੱਸਿਆ ਸੀ ਕਿ ਪੀ ਐੱਮ ਸੀ ਬੈਂਕ ਦੀ ਘਟਨਾ ਪਿੱਛੋਂ ਸ਼ਹਿਰੀ ਕੋਆਪਰਟਿਵ ਬੈਂਕਾਂ ਦੇ ਨਿਗਰਾਨੀ ਪ੍ਰਣਾਲੀ ਵਿੱਚ ਬਦਲਾਅ ਦੇ ਲਈ ਆਰ ਬੀ ਆਈ ਨਾਲ ਗੱਲਬਾਤ ਚੱਲ ਰਹੀ ਹੈ। ਇਹ ਸੂਚਨਾ ਆ ਰਹੀ ਹੈ ਕਿ ਆਰ ਬੀ ਆਈ ਨੇ ਇਹ ਸਪੱਸ਼ਟ ਕੀਤਾ ਹੈ ਕਿ ਦੋਹਰੇ ਰੈਗੂਲੇਸ਼ਨ ਦੀ ਮੌਜੂਦਾ ਵਿਵਸਥਾ ਦੇ ਕਾਰਨ ਸ਼ਹਿਰੀ ਕੋਆਪਰੇਟਿਵ ਬੈਂਕਾਂ ਦੀ ਨਿਗਰਾਨੀ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਇਨ੍ਹਾਂ ਨੂੰ ਦੂਰ ਕਰਨ ਦਾ ਇੱਕੋ ਤਰੀਕਾ ਹੈ ਕਿ ਦੇਸ਼ ਦੇ ਦੂਸਰੇ ਬੈਂਕਿੰਗ ਸੈਕਟਰ ਦੀ ਤਰ੍ਹਾਂ ਇਸ ਦੀ ਵਾਗਡੋਰ ਆਰ ਬੀ ਆਈ ਨੂੰ ਦੇ ਦਿੱਤੀ ਜਾਏ। ਅਜੇ ਸ਼ਹਿਰੀ ਕੋਆਪਰੇਟਿਵ ਬੈਂਕਾਂ 'ਤੇ ਆਰ ਬੀ ਆਈ ਦੇ ਨਾਲ ਰਾਜਾਂ ਦਾ ਵੀ ਕੰਟਰੋਲ ਹੈ। ਅਜਿਹਾ ਹੋਣ ਨਾਲ ਰਿਜ਼ਰਵ ਬੈਂਕ ਇਨ੍ਹਾਂ ਦੀ ਪੂਰੀ ਨਿਗਰਾਨੀ ਕਰਨ ਦੇ ਸਮਰੱਥ ਨਹੀਂ ਹੋ ਜਾਂਦਾ ਹੈ। ਇਸ ਦੋਹਰੀ ਵਿਸਵਥਾ ਨੂੰ ਕੋਆਪਰੇਟਿਵ ਬੈਂਕਾਂ ਵਿੱਚ ਹੋਣ ਵਾਲੀਆਂ ਗੜਬੜੀਆਂ ਦੀ ਇੱਕ ਵੱਡੀ ਵਜ੍ਹਾ ਮੰਨਿਆ ਜਾਂਦਾ ਹੈ।

ਆਰ ਬੀ ਆਈ ਵੱਲੋਂ ਸਰਕਾਰ ਨੂੰ ਭੇਜੇ ਨੋਟ ਵਿੱਚ ਕਿਹਾ ਗਿਆ ਹੈ ਕਿ ਉਸ ਨੂੰ ਕੋਆਪਰੇਟਿਵ ਬੈਂਕਾਂ ਦੇ ਪ੍ਰਬੰਧਨ ਦੀਆਂ ਸਾਰੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦਾ ਅਧਿਕਾਰ ਮਿਲੇ। ਕੇਂਦਰੀ ਬੈਂਕ ਨੇ ਜ਼ਰੂਰਤ ਪੈਣ 'ਤੇ ਪ੍ਰਬੰਧਨ ਵਿੱਚ ਬਦਲਾਅ ਜਾਂ ਪ੍ਰਬੰਧਨ ਨੂੰ ਰੱਦ ਕਰ ਕੇ ਉਸ ਦੀ ਜਗ੍ਹਾ ਆਪਣੇ ਅਧਿਕਾਰੀਆਂ ਨੂੰ ਨਿਯੁਕਤ ਕਰਨ ਤੋਂ ਲੈ ਕੇ ਇਨ੍ਹਾਂ ਦੀਆਂ ਵਪਾਰਕ ਗਤੀਵਿਧੀਆਂ ਨੂੰ ਵੀ ਆਪਣੇ ਅਧਿਕਾਰ ਵਿੱਚ ਦੇਣ ਦੀ ਗੱਲ ਕਹੀ ਹੈ।

# ਸਵਾਮੀ ਨਿਤਿਆਨੰਦ ਦਾ ਪਾਸਪੋਰਟ ਭਾਰਤ ਸਰਕਾਰ ਨੇ ਕੀਤਾ ਰੱਦ

ਨਵੀਂ ਦਿੱਲੀ, 8 ਦਸੰਬਰ, (ਪੋਸਟ ਬਿਊਰੋ)- ਬਲਾਤਕਾਰ ਦੇ ਦੋਸ਼ ਲੱਗਣ ਪਿੱਛੋਂ ਭਗੌੜੇ ਹੋਏ ਵਿਵਾਦਾਂ ਵਿੱਚ ਉਲਝੇ ਹੋਏ ਸਵਾਮੀ ਨਿਤਿਆਨੰਦ ਦਾ ਪਾਸਪੋਰਟ ਰੱਦ ਕਰ ਦਿੱਤਾ ਗਿਆ ਅਤੇ ਨਵੇਂ ਪਾਸਪੋਰਟ ਦੀ ਅਰਜੀ ਵੀ ਰੱਦ ਕਰ ਦਿੱਤੀ ਗਈ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਇਹ ਜਾਣਕਾਰੀ ਅੱਜ ਸ਼ੁੱਕਰਵਾਰ ਦਿੱਤੀ ਹੈ।

ਰਵੀਸ਼ ਕੁਮਾਰ ਨੇ ਕਿਹਾ ਕਿ ਅਸੀਂ ਉਸ ਦਾ ਪਾਸਪੋਰਟ ਰੱਦ ਕਰ ਦਿੱਤਾ ਤੇ ਨਵੇਂ ਪਾਸਪੋਰਟ ਦੀ ਅਰਜੀ ਰੱਦ ਕਰ ਕੇ ਸਭ ਥਾਈਂ ਇਹ ਸੂਚਨਾ ਭੇਜ ਦਿੱਤੀ ਹੈ ਕਿ ਇਹ ਵਿਅਕਤੀ ਅਪਰਾਧ ਦੇ ਕਈ ਕੇਸਾਂ ਲਈ ਲੋੜੀਂਦਾ ਹੈ। ਇਸ ਦੇ ਨਾਲ ਭਾਰਤੀ ਵਿਦੇਸ਼ ਮੰਤਰਾਲੇ ਨੇ ਨਿਤਿਆਨੰਦ ਬਾਰੇ ਕਿਹਾ ਹੈ ਕਿ ਵੈੱਬਸਾਈਟ ਬਣਾਉਣਾ ਤੇ ਦੇਸ਼ ਦਾ ਗਠਨ ਕਰਨਾ ਦੋ ਵੱਖ-ਵੱਖ ਮੁੱਦੇ ਹਨ। ਵਿਦੇਸ਼ ਮੰਤਰਾਲੇ ਦੇ ਬਿਆਨ ਮੁਤਾਬਕ ਜਦੋਂ ਕਿਸੇ ਵਿਅਕਤੀ ਦੇ ਦੇਸ ਤੋਂ ਭੱਜਣ ਦੀ ਸੂਚਨਾ ਮਿਲਦੀ ਹੈ ਤਾਂ ਸਭ ਤੋਂ ਪਹਿਲਾਂ ਪਾਸਪੋਰਟ ਰੱਦ ਕੀਤਾ ਜਾਂਦਾ ਹੈ, ਨਵਾਂ ਪਾਸਪੋਰਟ ਨਹੀਂ ਦਿੱਤਾ ਜਾਂਦਾ ਅਤੇ ਦੁਨੀਆ ਭਰ ਦੇ ਭਾਰਤੀ ਮਿਸ਼ਨਾਂ ਰਾਹੀਂ ਓਥੋਂ ਦੀਆਂ ਸਰਕਾਰਾਂ ਨੂੰ ਦੱਸਿਆ ਜਾਂਦਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਕਵਾਡੋਰ ਸਮੇਤ ਸਾਰੇ ਦੇਸ਼ਾਂ ਵਿਚਲੇ ਆਪਣੇ ਮਿਸ਼ਨਾਂ ਵੱਲੋਂ ਓਥੇ ਦੀ ਸਰਕਾਰ ਨੂੰ ਇਸ ਬਾਰੇ ਦੱਸ ਦਿੱਤਾ ਗਿਆ ਹੈ।

ਇਸ ਦੌਰਾਨ ਸਵਾਮੀ ਨਿਤਿਆਨੰਦ ਬਾਰੇ ਇਕਵਾਡੋਰ ਦੂਤਾਵਾਸ ਨੇ ਬਿਆਨ ਜਾਰੀ ਕੀਤਾ ਹੈ ਕਿ ਨਾ ਨਿਤਿਆਨੰਦ ਨੂੰ ਇਕਵਾਡੋਰ ਵਿਚ ਸ਼ਰਨ ਮਿਲੀ ਹੈ ਅਤੇ ਨਾ ਉਸ ਨੇ ਦੱਖਣੀ ਅਮਰੀਕਾ ਵਿਚ ਇਕਵਾਡੋਰ ਦੇ ਨੇੜੇ ਜਾਂ ਦੂਰ ਕੋਈ ਟਾਪੂ ਖਰੀਦਣ ਲਈ ਨਿਤਿਆਨੰਦ ਦੀ ਕਿਸੇ ਤਰ੍ਹਾਂ ਦੀ ਕੋਈ ਮਦਦ ਕੀਤੀ ਹੈ।

# ਬਦਲੇ ਦੇ ਨਾਲ ਕੋਈ ਨਿਆਂ ਨਹੀਂ ਹੋ ਸਕਦਾ: ਚੀਫ ਜਸਟਿਸ ਬੋਬੜੇ

ਜੋਧਪੁਰ, 8 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਸ਼ਰਦ ਅਰਵਿੰਦ ਬੋਬੜੇ ਨੇ ਕੱਲ੍ਹ ਕਿਹਾ ਕਿ ਨਿਆਂ ਕਦੇ ਵੀ ਤਤਫੱਟ ਜਾਂ ਇਕਦਮ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਨਿਆਂ ਜੇ ਬਦਲੇ ਦੀ ਸ਼ਕਲ ਲੈ ਲਵੇ ਤਾਂ ਆਪਣਾ ਕਿਰਦਾਰ ਗੁਆ ਬੈਠਦਾ ਹੈ। ਉਨ੍ਹਾਂ ਦੀ ਇਹ ਟਿੱਪਣੀ ਤੇਲੰਗਾਨਾ ਪੁਲਸ ਵੱਲੋਂ ਇੱਕ ਵੈਟਰਨਰੀ ਡਾਕਟਰ ਨਾਲ ਬਲਾਤਕਾਰ ਪਿੱਛੋਂ ਕਤਲ ਦੇ ਚਾਰ ਮੁਲਜ਼ਮਾਂ ਨੂੰ ਮੁਕਾਬਲੇ ਵਿੱਚ ਮਾਰ ਦੇਣ ਦੇ ਪਿਛੋਕੜ ਵਿੱਚ ਕਾਫੀ ਅਹਿਮ ਹਨ।

ਚੀਫ ਜਸਟਿਸ ਕੱਲ੍ਹ ਇਥੇ ਰਾਜਸਥਾਨ ਹਾਈ ਕੋਰਟ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਜਸਟਿਸ ਬੋਬੜੇ ਨੇ ਕਿਹਾ ਕਿ ਦੇਸ਼ ਵਿੱਚ ਵਾਪਰੀਆਂ ਤਾਜ਼ਾ ਘਟਨਾਵਾਂ ਨੇ ਪੁਰਾਣੀ ਬਹਿਸ ਨੂੰ ਨਵੀਂ ਸ਼ਕਤੀ ਨਾਲ ਚੰਗਿਆੜੀ ਲਾਈ ਹੈ। ਇਸ ਵਿੱਚ ਦੋ ਰਾਏ ਨਹੀਂ ਕਿ ਅਪਰਾਧਕ ਪ੍ਰਬੰਧ ਨੂੰ ਆਪਣੇ ਦ੍ਰਿਸ਼ਟੀਕੋਣ, ਸਮੇਂ ਦੇ ਨਾਲ ਆਪਣੇ



ਰਵੱਈਏ ਅਤੇ ਕਿਸੇ ਅਪਰਾਧਕ ਮਾਮਲੇ ਨੂੰ ਨਿਬੇੜਨ ਲਈ ਵਰਤੀ ਜਾਂਦੀ ਢਿੱਲ ਤੇ ਸੰਭਾਵੀ ਸਮੇਂ ਬਾਰੇ ਪੁਨਰ ਵਿਚਾਰ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਮੇਰਾ ਮੰਨਣਾ ਹੈ ਕਿ ਨਿਆਂ ਕਦੇ ਵੀ ਤਤਫੱਟ ਨਹੀਂ ਹੋ ਸਕਦਾ ਅਤੇ ਨਾ ਇਹ ਉਚਿਤ ਜਾਂ ਮੁਨਾਸਿਬ ਹੈ। ਨਿਆਂ ਕਦੇ ਵੀ ਬਦਲੇ ਦੀ ਸ਼ਕਲ ਨਹੀਂ ਲੈ ਸਕਦਾ। ਮੈਂ ਮੰਨਦਾ ਹਾਂ ਕਿ ਜੇ ਨਿਆਂ ਬਦਲੇ ਦਾ ਰੂਪ ਅਖਤਿਆਰ ਕਰ ਲਏ ਤਾਂ ਇਹ ਆਪਣਾ ਕਿਰਦਾਰ ਗੁਆ ਬੈਠਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਪੰਜ ਜੱਜਾਂ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਜੁਡੀਸ਼ਰੀ ਵਿੱਚ ਕੀਤੇ ਜਾਣ ਵਾਲੇ ਸੁਧਾਰਾਂ ਦੀ ਦਿਸ਼ਾ ਵਿੱਚ ਕੀਤਾ ਗਿਆ ਯਤਨ ਸੀ। ਜਸਟਿਸ ਬੋਬੜੇ ਨੇ ਕਿਹਾ, ਅੱਜ ਜੁਡੀਸ਼ਰੀ ਵਿੱਚ ਲੋੜ ਹੈ ਕਿ ਸੁਧਾਰ ਲਈ ਖੁਦ ਪੈਮਾਨੇ ਉਹ ਤੈਅ ਕਰੇ, ਪਰ ਇਨ੍ਹਾਂ ਪੈਮਾਨਿਆਂ ਨੂੰ ਜਨਤਕ ਕਰਨਾ ਹੈ ਜਾਂ ਨਹੀਂ, ਇਹ ਵਾਦ ਵਿਵਾਦ ਦਾ ਵਿਸ਼ਾ ਹੋ ਸਕਦਾ ਹੈ। ਚਾਰ ਜੱਜਾਂ ਨੇ 12 ਜਨਵਰੀ 2018 ਨੂੰ ਸਿਖਰਲੀ ਅਦਾਲਤ ਵਿੱਚ ਮੌਜੂਦਾ ਹਾਲਾਤ ਥਾਂ ਸਿਰ ਨਾ ਹੋਣ ਦੀ ਗੱਲ ਆਖਦਿਆਂ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ ਸੀ।

# ਸਮ੍ਰਿਤੀ ਈਰਾਨੀ ਦੇ ਖ਼ਿਲਾਫ਼ ਮਾਣਹਾਨੀ ਕੇਸ ਫਾਸਟ ਟ੍ਰੈਕ ਅਦਾਲਤ ਵਿੱਚ ਟਰਾਂਸਫਰ

ਗੋਂਡਾ, 8 ਦਸੰਬਰ, (ਪੋਸਟ ਬਿਊਰੋ)- ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਅਤੇ ਗੋਂਡਾ ਤੋਂ ਭਾਜਪਾ ਉਮੀਦਵਾਰ ਨਿਸ਼ੀਕਾਂਤ ਦੁਬੇ ਵੱਲੋਂ ਇੱਕ ਵਿਰੋਧੀ ਉਮੀਦਵਾਰ ਪ੍ਰਦੀਪ ਦੇ ਯਾਦਵ ਖਿਲਾਫ਼ ਇਤਰਾਜ਼ ਯੋਗ ਸ਼ਬਦ ਵਰਤਣ ਦੇ ਕੇਸ ਦੀ ਸੁਣਵਾਈ ਧਨਬਾਦ ਦੀ ਫਾਸਟ ਟ੍ਰੈਕ ਅਦਾਲਤ ਵਿੱਚ ਹੋਵੇਗੀ।



ਵਰਨਣ ਯੋਗ ਹੈ ਕਿ ਝਾਰਖੰਡ ਰਾਜ ਦੇ ਜ਼ਿਲਾ ਗੋਂਡਾ ਦੇ ਦੇਵਦਾਂੜ ਵਿੱਚ 11 ਮਈ 2019 ਨੂੰ ਭਾਜਪਾ ਵੱਲੋਂ ਚੋਣ ਰੈਲੀ ਕੀਤੀ ਗਈ ਸੀ। ਝਾਰਖੰਡ ਵਿਕਾਸ ਮੋਰਚਾ ਦੇ ਉਮੀਦਵਾਰ ਪ੍ਰਦੀਪ ਯਾਦਵ ਦੇ ਪੋਲਿੰਗ ਏਜੰਟ ਸੰਜੀਤ ਅਗਰਵਾਲ ਨੇ ਚੋਣ ਕਮਿਸ਼ਨ ਨੂੰ ਉਸ ਬਾਰੇ ਸ਼ਿਕਾਇਤ ਕੀਤੀ ਸੀ ਕਿ ਰੈਲੀ ਵਿੱਚ ਭਾਜਪਾ ਨੇਤਾ ਤੇ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਅਤੇ ਨਿਸ਼ੀਕਾਂਤ ਦੁਬੇ ਨੇ ਪ੍ਰਦੀਪ ਯਾਦਵ ਦੇ ਖ਼ਿਲਾਫ਼ ਇਤਰਾਜ਼ ਯੋਗ ਸ਼ਬਦਾਂ ਦੀ ਵਰਤੋਂ ਕੀਤੀ। ਇਸ ਪਿੱਛੋਂ ਚੋਣ ਕਮਿਸ਼ਨ ਨੇ ਉਸ ਰੈਲੀ ਦੇ ਵੀਡੀਓ ਫੁਟੇਜ ਵੇਖਣ ਪਿੱਛੋਂ ਦੇਵਦਾਂੜ ਥਾਣੇ ਵਿੱਚ ਸਮ੍ਰਿਤੀ ਈਰਾਨੀ ਤੇ ਡਾ. ਨਿਸ਼ੀਕਾਂਤ ਦੁਬੇ ਖਿਲਾਫ਼ ਕੇਸ ਦਰਜ ਕਰਾਇਆ ਸੀ। ਦੇਵਦਾਂੜ ਪੁਲਿਸ ਨੇ ਸਬੂਤਾਂ ਦੀ ਘਾਟ ਵਿੱਚ ਅਦਾਲਤ ਨੂੰ ਆਖਰੀ ਰਿਪੋਰਟ ਪੇਸ਼ ਕੀਤੀ ਸੀ, ਪਰ ਅਦਾਲਤ ਨੇ ਕੇਸ ਦਾ ਮੁੜ ਨੋਟਿਸ ਲਿਆ ਹੈ। ਪਹਿਲੀ ਸ਼੍ਰੇਣੀ ਦੇ ਜੁਡੀਸ਼ੀਅਲ ਮੈਜਿਸਟ੍ਰੇਟ ਰਵੀ ਕੁਮਾਰ ਭਾਸਕਰ ਨੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਹਵਾਲਾ ਦੇ ਕੇ ਕਿਹਾ ਕਿ ਅਸ਼ਵਨੀ ਕੁਮਾਰ ਉਪਾਧਿਆਏ ਬਨਾਮ ਯੂਨੀਅਨ ਆਫ ਇੰਡੀਆ ਤੇ ਹੋਰ ਕੇਸਾਂ ਵਿੱਚ ਸੁਪਰੀਮ ਕੋਰਟ ਨੇ 14 ਦਸੰਬਰ 2017 ਨੂੰ ਪਾਸ ਆਦੇਸ਼ ਵਿੱਚ ਜੋ ਕਿਹਾ ਹੈ, ਉਸ ਦੇ ਮੁਤਾਬਕ ਇਹ ਕੇਸ ਖਤਮ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਝਾਰਖੰਡ ਤੋਂ ਚੁਣੇ ਪਾਰਲੀਮੈਂਟ ਮੈਂਬਰ, ਵਿਧਾਇਕਾਂ ਖ਼ਿਲਾਫ਼ ਅਪਰਾਧਕ ਕੇਸ ਫੌਰੀ ਨਿਬੇੜੇ ਲਈ ਰਾਂਚੀ ਤੇ ਧਨਬਾਦ ਟਰਾਂਸਫਰ ਕੀਤਾ ਗਿਆ ਹੈ।

# ਉਨਾਵ ਵਾਲੇ ਪੀੜਤਾਂ ਦੇ ਘਰ ਪੁੱਜੇ ਮੰਤਰੀਆਂ ਅਤੇ ਪਾਰਲੀਮੈਂਟ ਮੈਂਬਰਾਂ ਦਾ ਵਿਰੋਧ

ਉਨਾਵ (ਉੱਤਰ ਪ੍ਰਦੇਸ਼), 8 ਦਸੰਬਰ (ਪੋਸਟ ਬਿਊਰੋ)- ਉਨਾਵ ਵਾਲੀ ਬਲਾਤਕਾਰ ਪੀੜਤਾ ਦੇ ਪਰਵਾਰ ਨੂੰ ਮਿਲਣ ਲਈ ਕੱਲ੍ਹ ਸ਼ਾਮ ਉਸ ਦੇ ਘਰ ਗਏ ਇਸ ਰਾਜ ਦੇ ਕਿਰਤ ਮੰਤਰੀ ਸਵਾਮੀ ਪ੍ਰਸਾਦ ਮੌਰਿਆ, ਸਿਖਿਆ ਮੰਤਰੀ ਕਮਲ ਰਾਣੀ ਵਰੁਣ ਅਤੇ ਸਥਾਨਕ ਪਾਰਲੀਮੈਂਟ ਮੈਂਬਰ ਸਾਕਸ਼ੀ ਮਹਾਰਾਜ ਦਾ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਜ਼ਬਰਦਸਤ ਵਿਰੋਧ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸੂਬਾ ਸਰਕਾਰ ਤੇ ਸਾਕਸ਼ੀ ਮਹਾਰਾਜ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਰਾਜ ਦੇ ਕਿਰਤ ਮੰਤਰੀ ਸਵਾਮੀ ਪ੍ਰਸਾਦ ਮੌਰਿਆ ਯੋਗੀ ਸਰਕਾਰ ਦੇ ਐਲਾਨ ਮੁਤਾਬਕ ਰਾਤ ਅੱਠ ਵਜੇ ਪੀੜਤ ਪਰਵਾਰ ਨੂੰ ਮੁਆਵਜ਼ੇ ਦੇ ਰੂਪ ਵਿੱਚ 25 ਲੱਖ ਰੁਪਏ ਦਾ ਚੈੱਕ ਦੇਣ ਪੁੱਜੇ ਸਨ, ਜਿਸ ਦਾ ਸਥਾਨਕ ਨੇਤਾਵਾਂ ਨੇ



ਵਿਰੋਧ ਕੀਤਾ ਅਤੇ ਪੰਜਾਹ ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ। ਫਿਰ ਵੀ ਮੌਰਿਆ 25 ਲੱਖ ਰੁਪਏ ਦਾ ਚੈੱਕ ਪੀੜਤਾ ਦੇ ਪਰਵਾਰ ਨੂੰ ਸੌਂਪ ਕੇ ਵਾਪਸ ਚਲੇ ਗਏ।

ਪੀੜਤਾ ਦੀ ਲਾਸ਼ ਪਿੰਡ ਪਹੁੰਚਣ ਦੀ ਸੂਚਨਾ ਮਿਲਦੇ ਸਾਰ ਐੱਮ ਐੱਲ ਸੀ ਸੁਨੀਲ ਸਾਜਨ ਨੇ ਕਿਹਾ ਕਿ ਪ੍ਰਸ਼ਾਸਨ ਚਾਹੁੰਦਾ ਹੈ ਕਿ ਪੀੜਤਾ ਦਾ ਅੰਤਿਮ ਸਸਕਾਰ ਕੱਲ੍ਹ ਹੀ ਕਰ ਦਿੱਤਾ ਜਾਵੇ, ਪਰ ਪਰਵਾਰ ਵਾਲੇ ਚਾਹੁੰਦੇ ਸਨ ਕਿ ਸਸਕਾਲ ਕੱਲ੍ਹ ਹੋਵੇ ਕਿਉਂਕਿ ਉਨ੍ਹਾਂ ਦੇ ਰਿਸ਼ਤੇਦਾਰ ਮੁੰਬਈ ਤੋਂ ਆ ਰਹੇ ਹਨ। ਓਧਰ ਲਖਨਊ ਵਿੱਚ ਪੁਲਸ ਨੇ ਕਾਂਗਰਸੀ ਵਰਕਰਾਂ 'ਤੇ ਲਾਠੀਚਾਰਜ ਕੀਤਾ। ਇਹ ਲੋਕ ਉੱਤਰ ਪ੍ਰਦੇਸ਼ ਭਾਜਪਾ ਹੈੱਡਕੁਆਰਟਰ ਦੇ ਬਾਹਰ ਹਜ਼ਰਤਗੰਜ ਵਿੱਚ ਸਰਕਾਰ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ। ਯੂ ਪੀ ਕਾਂਗਰਸ ਦੇ ਮੁਖੀ ਅਜੈ ਕੁਮਾਰ ਲੱਲੂ ਨੂੰ ਪੁਲਸ ਨੇ ਸੜਕ 'ਤੇ ਘੜੀਸਿਆ।

# ਜੂਲੀਆ 10 ਮਹੀਨੇ ਦੀ ਬੱਚੀ ਨੂੰ ਲੈ ਕੇ ਹਾਫ ਮੈਰਾਥਨ ਵਿੱਚ ਭੱਜੀ

ਨਵੀਂ ਦਿੱਲੀ, 8 ਦਸੰਬਰ (ਪੋਸਟ ਬਿਊਰੋ)- ਸੁਪਰ ਮੌਮ ਦਾ ਜਲਵਾ ਅਕਸਰ ਖੇਡ ਦੀ ਦੁਨੀਆ ਵਿੱਚ ਦੇਖਣ ਨੂੰ ਮਿਲਦਾ ਹੈ। ਬਾਕਸਿੰਗ ਰਿੰਗ ਵਿੱਚ ਭਾਰਤ ਦੀ ਸਟਾਰ ਮੁੱਕੇਬਾਜ਼ ਮੈਰੀਕਾਮ, ਟੈਨਿਸ ਕੋਰਟ ਵਿੱਚ ਸੇਰੇਨਾ ਵਿਲੀਅਮਜ਼ ਨੇ ਆਪਣਾ ਦਿਖਾਇਆ ਹੈ। ਇਸੇ ਤਰ੍ਹਾਂ ਅਮਰੀਕਾ ਦੀ ਇੱਕ ਹੋਰ ਸੁਪਰ ਮੌਮ ਨੇ ਹਾਫ ਮੈਰਾਥਨ ਦਾ ਗੋਲਡ ਜਿੱਤ ਕੇ ਇਤਿਹਾਸ ਬਣਾ ਦਿੱਤਾ ਹੈ। ਅਮਰੀਕਾ ਦੀ ਜੂਲੀਆ ਵੇਬ ਨੇ ਆਪਣੀ 10 ਮਹੀਨੇ ਦੀ ਬੱਚੀ ਨੂੰ ਸਕਰੋਲਰ ਵਿੱਚ ਬਿਠਾ ਕੇ ਹਾਫ ਮੈਰਾਥਨ ਵਿੱਚ ਦੌੜ ਲਾਈ ਅਤੇ ਸੋਨ ਤਮਗਾ ਜਿੱਤਿਆ। ਉਸ ਨੇ ਸਕਰੋਲਰ ਨੂੰ ਧੱਕਾ ਦਿੰਦਿਆਂ ਸਭ ਤੋਂ ਜਲਦੀ ਹਾਫ ਮੈਰਾਥਨ ਪੂਰੀ ਕਰਨ ਦੀ ਕੈਟੇਗਰੀ ਵਿੱਚ ਵਰਲਡ ਰਿਕਾਰਡ



ਲਈ ਦਾਅਵੇਦਾਰੀ ਪੇਸ਼ ਕੀਤੀ ਹੈ। ਦੂਜੇ ਨੰਬਰ 'ਤੇ ਰਹਿਣ ਵਾਲੀ ਖਿਡਾਰਨ ਨੇ ਜੂਲੀਆ ਤੋਂ ਇਹ ਦੌੜ ਪੂਰੀ ਕਰਨ ਲਈ ਦੋ ਮਿੰਟ ਵੱਧ ਲਏ। ਪੂਰੀ ਦੌੜ ਦੌਰਾਨ ਜੂਲੀਆ ਦੇ ਪਤੀ ਨੇ ਉਸ ਦੀਆਂ ਤਸਵੀਰਾਂ ਲਈਆਂ ਤੇ ਵੀਡੀਓ ਬਣਾਈ। ਪਤੀ ਐਲਨ ਵੇਬ ਨੇ ਜੂਲੀਆ ਦੀ ਵੀਡੀਓ ਨੂੰ ਗਿਨੀਜ਼ ਵਰਲਡ ਰਿਕਾਰਡ ਲਈ ਭੇਜ ਦਿੱਤਾ ਹੈ। ਵਰਲਡ ਰਿਕਾਰਡ ਕਮੇਟੀ ਜੂਲੀਆ ਵੇਬ ਦੀ ਵੀਡੀਓ ਨੂੰ ਦੇਖਣ ਤੋਂ ਬਾਅਦ 12 ਹਫਤਿਆਂ ਵਿੱਚ ਫੈਸਲਾ ਕਰੇਗੀ। ਮੌਜੂਦ ਵਰਲਡ ਰਿਕਾਰਡ ਇੱਕ ਘੰਟੇ 27 ਮਿੰਟ 34 ਸੈਕਿੰਡ ਦਾ ਹੈ। ਇਹ ਬ੍ਰਿਟੇਨ ਦੀ ਲਿੰਡਸੇ ਜੇਮਸ ਨੇ 2016 ਵਿੱਚ ਬਣਾਇਆ ਸੀ। ਜੂਲੀਆ ਦੀ ਚਾਰ ਅਤੇ ਸੱਤ ਸਾਲ ਦੀਆਂ ਦੋ ਬੇਟੀਆਂ ਹਨ। ਜੂਲੀਆ ਹੁਣ ਅਮਰੀਕਾ ਦੀ ਓਲੰਪਿਕ ਟੀਮ ਦੇ ਟਰਾਇਲ ਲਈ ਤਿਆਰੀ ਕਰੇਗੀ।

# ਮਕਬੂਜ਼ਾ ਕਸ਼ਮੀਰ ਤੋਂ ਕੀਤੀ ਐਮ ਬੀ ਬੀ ਐਸ ਡਿਗਰੀ ਨੂੰ ਮਾਨਤਾ 'ਤੇ ਰੇੜਕਾ

ਜੰਮੂ, 8 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਹਾਈ ਕੋਰਟ ਨੇ ਕੱਲ੍ਹ ਇੱਕ ਅਹਿਮ ਨਿਰਦੇਸ਼ 'ਚ ਵਿਦੇਸ਼ ਮੰਤਰਾਲੇ ਨੂੰ ਇਹ ਕਿਹਾ ਹੈ ਕਿ ਉਹ ਮਕਬੂਜ਼ਾ ਕਸ਼ਮੀਰ ਦੇ ਮੈਡੀਕਲ ਕਾਲਜ ਤੋਂ ਐਮ ਬੀ ਬੀ ਐਸ ਕਰ ਕੇ ਆਈ ਸ੍ਰੀਨਗਰ ਦੀ ਵਿਦਿਆਰਥਣ ਨੂੰ ਮੈਡੀਕਲ ਪ੍ਰੈਕਟੀਸ਼ਨਰ ਦੇ ਰੂਪ ਵਿੱਚ ਰਜਿਸਟਰ ਕਰਨ 'ਤੇ ਵਿਚਾਰ ਕਰੇ।

ਕੋਰਟ ਨੇ ਵਿਦੇਸ਼ ਮੰਤਰਾਲੇ ਨੂੰ ਵਿਦਿਆਰਥਣ ਦੀ ਐਮ ਬੀ ਬੀ ਐਸ ਦੀ ਡਿਗਰੀ ਨੂੰ ਮਾਨਤਾ ਦੇਣ 'ਤੇ ਵੀ ਵਿਚਾਰ ਕਰਨ ਦੇ ਨਾਲ ਕਿਹਾ ਕਿ ਪਟੀਸ਼ਨ ਕਰਤਾ ਭਾਰਤ ਦੀ ਨਾਗਰਿਕ ਹੈ। ਉਸ ਨੇ ਉਸ ਮੈਡੀਕਲ ਕਾਲਜ ਤੋਂ ਐਮ ਬੀ ਬੀ ਐਸ ਕੀਤੀ ਹੈ, ਜਿਹੜਾ ਭਾਰਤ ਦੀ ਸਰਹੱਦ ਦੇ ਅੰਦਰ ਹੈ। ਇਸ ਵਿੱਚ ਕੋਈ ਵਿਵਾਦ ਨਹੀਂ ਕਿ ਮਕਬੂਜ਼ਾ ਕਸ਼ਮੀਰ ਵੀ ਭਾਰਤ ਦਾ ਅਟੁੱਟ ਅੰਗ ਹੈ। ਇਸ 'ਤੇ ਪ੍ਰਸ਼ਾਸਨਿਕ ਕੰਟਰੋਲ ਪਾਕਿਸਤਾਨ ਦਾ ਹੈ।

ਜਸਟਿਸ ਸੰਜੀਵ ਕੁਮਾਰ ਨੇ ਵਿਦੇਸ਼ ਮੰਤਰਾਲੇ ਨੂੰ ਚਾਰ ਹਫਤੇ ਦੇ ਅੰਦਰ ਇਸ 'ਤੇ ਫੈਸਲਾ ਕਰਨ ਲਈ ਕਿਹਾ ਹੈ। ਇਸ ਦੇ ਨਾਲ ਅਜਿਹੇ ਮਾਮਲਿਆਂ ਬਾਰੇ ਇੱਕ ਐਡਵਾਇਜ਼ਰੀ ਜਾਰੀ ਕਰਨ ਲਈ ਵੀ ਕਿਹਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਪਰੇਸ਼ਾਨੀ ਨਾ ਹੋਵੇ। ਮਿਲੀ ਜਾਣਕਾਰੀ ਮੁਤਾਬਕ ਸ੍ਰੀਨਗਰ ਦੀ ਵਸਨੀਕ ਵਿਦਿਆਰਥਣ ਹਾਦੀਆ ਚਿਸ਼ਤੀ ਨੇ ਮਕਬੂਜ਼ਾ ਕਸ਼ਮੀਰ ਦੇ ਮੀਰਪੁਰ ਦੇ ਬੇਨਜ਼ੀਰ ਭੁੱਟੋ ਮੈਡੀਕਲ ਕਾਲਜ ਤੋਂ ਐਮ ਬੀ ਬੀ ਐਸ ਕੀਤੀ ਹੈ, ਪਰ ਨੈਸ਼ਨਲ ਬੋਰਡ ਆਫ ਗ੍ਰੈਜੁਏਟ ਐਗਜ਼ਾਮੀਨੇਸ਼ਨ 'ਚ ਉਸ ਨੂੰ ਬੈਠਣ ਦੀ ਇਜਾਜ਼ਤ ਨਹੀਂ ਮਿਲੀ। ਇਸ ਤੋਂ ਬਾਅਦ ਵਿਦਿਆਰਥਣ ਨੇ ਸ੍ਰੀਨਗਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਕੋਰਟ ਦੇ ਅੰਤ੍ਰਿਮ ਨਿਰਦੇਸ਼ਾਂ ਪਿੱਛੋਂ ਉਸ ਨੂੰ ਪ੍ਰੀਖਿਆ 'ਚ ਬੈਠਣ ਦੀ ਇਜਾਜ਼ਤ ਮਿਲ ਗਈ। ਉਸਨੇ 300 'ਚੋਂ 159 ਨੰਬਰ ਲੈ ਕੇ ਪ੍ਰੀਖਿਆ ਪਾਸ ਕਰ ਲਈ। ਅੱਗੋਂ ਕੋਰਟ ਨੇ ਕੇਸ ਦੀ ਸੁਣਵਾਈ ਕੀਤੀ। ਕੋਰਟ ਨੇ ਕਿਹਾ ਕਿ ਇਸ ਸਮੇਂ ਅਜਿਹੀ ਕੋਈ ਵਿਵਸਥਾ ਨਹੀਂ ਹੈ ਕਿ ਮਕਬੂਜ਼ਾ ਕਸ਼ਮੀਰ 'ਚ ਸਥਿਤ ਮੈਡੀਕਲ ਕਾਲਜ ਨੂੰ ਮੈਡੀਕਲ ਕੌਂਸਲ ਆਫ ਇੰਡੀਆ ਤੋਂ ਮਾਨਤਾ

# ਅਕਸ਼ੈ ਕੁਮਾਰ ਨੇ ਭਾਰਤੀ ਪਾਸਪੋਰਟ ਲਈ ਅਪਲਾਈ ਕੀਤਾ

ਮੁੰਬਈ, 8 ਦਸੰਬਰ (ਪੋਸਟ ਬਿਊਰੋ)- ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਆਪਣੀ ਨਾਗਰਿਕਤਾ ਬਾਰੇ ਵਿਵਾਦਾਂ ਵਿੱਚ ਰਹੇ ਹਨ, ਤੇ ਕਈ ਵਾਰ ਉਨ੍ਹਾਂ ਨੂੰ ਕੈਨੇਡਾ ਦੀ ਨਾਗਰਿਕਤਾ ਬਾਰੇ ਆਲੋਚਨਾਵਾਂ ਦਾ ਸ਼ਿਕਾਰ ਹੋਣਾ ਪਿਆ ਹੈ। ਉਨ੍ਹਾ ਨੇ ਕੱਲ੍ਹ ਕਿਹਾ ਕਿ ਉਹ ਆਪਣੇ ਕੈਨੇਡਾ ਦੇ ਪਾਸਪੋਰਟ ਨੂੰ ਛੱਡ ਕੇ ਭਾਰਤੀ ਪਾਸਪੋਰਟ ਲੈ ਰਹੇ ਹਨ। ਅਕਸ਼ੈ ਕੁਮਾਰ ਨੇ ਕੈਨੇਡਾ ਦੀ ਨਾਗਰਿਕਤਾ ਲੈਣ ਦਾ ਕਾਰਨ ਦਸਦਿਆਂ ਕਿਹਾ ਕਿ ਉਸ ਦੀਆਂ ਲਗਾਤਾਰ ਫਲਾਪ ਹੋ ਗਈਆਂ ਸਨ, ਜਿਸ ਕਾਰਨ ਉਸ ਨੇ ਉਹ ਫੈਸਲਾ ਕੀਤਾ, ਪਰ ਬਾਅਦ ਵਿੱਚ ਉਸ ਦੀਆਂ 15 ਫਿਲਮਾਂ ਨੇ ਚੰਗਾ ਕਾਰੋਬਾਰ ਕੀਤਾ, ਜਿਸ ਕਾਰਨ ਉਹ ਭਾਰਤੀ ਨਾਗਰਿਕਤਾ ਲੈਣ ਲਈ ਅਪਲਾਈ ਕਰ ਰਹੇ ਹਨ। ਜ਼ਿਕਰ ਯੋਗ ਹੈ ਕਿ 52 ਸਾਲ ਦੇ ਇਸ ਅਦਾਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਪ੍ਰੈਲ ਵਿੱਚ ਇੰਟਰਵਿਊ ਲਿਆ ਸੀ ਅਤੇ ਲੋਕ ਸਭਾ ਚੋਣਾਂ ਦੌਰਾਨ ਮੁੰਬਈ 'ਚ ਵੋਟ ਨਹੀਂ ਪਾਈ ਸੀ, ਜਿਸ ਕਾਰਨ ਉਨ੍ਹਾਂ ਦੀ ਕਾਫੀ ਆਲੋਚਨਾ ਹੋਈ ਸੀ।





BEST TRUCK REPAIR & TIRE CENTRE

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

We also Specialize in Engine, AC, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



## ਹਿਮਾਚਲ ਵਿੱਚ ਆਯੁਰਵੈਦ ਘੋਟਾਲੇ ਦੀ ਵਿਜੀਲੈਂਸ ਜਾਂਚ ਹੋਵੇਗੀ




ਸ਼ਿਮਲਾ, 8 ਦਸੰਬਰ (ਪੋਸਟ ਬਿਊਰੋ)- ਆਯੁਰਵੈਦ ਵਿਭਾਗ ਵਿੱਚ ਮਹਿੰਗੀ ਮਸ਼ੀਨਰੀ ਖਰੀਦਣ ਵਿੱਚ ਹੋਏ ਘੋਟਾਲੇ ਵਿੱਚ ਸੂਬਾ ਸਰਕਾਰ ਵਿਜੀਲੈਂਸ ਜਾਂਚ ਕਰਾਏਗੀ। ਸਰਕਾਰ ਨੇ ਇਸ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਹਮੀਰਪੁਰ ਦੌਰੇ ਤੋਂ ਸ਼ਿਮਲਾ ਮੁੜਨ ਦੇ ਬਾਅਦ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਇਸ ਮਾਮਲੇ ਵਿੱਚ ਅਹਿਮ ਬੈਠਕ ਕੀਤੀ ਅਤੇ ਇਸ ਕੇਸ ਵਿੱਚ ਅੱਜ ਤੱਕ ਹੋਈ ਵਿਭਾਗੀ ਜਾਂਚ ਤੋਂ ਅਸੰਤੁਸ਼ਟੀ ਪ੍ਰਗਟਾਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਕੇਸ ਦੀ ਵਿਜੀਲੈਂਸ ਜਾਂਚ ਕਰਾਉਣ ਦੇ ਲਈ ਕਿਹਾ। ਮੁੱਖ ਮੰਤਰੀ ਨੇ ਮਾਮਲੇ ਨੂੰ ਵਿਜੀਲੈਂਸ ਜਾਂਚ ਦੇ ਲਈ ਸੌਂਪੇ ਜਾਣ ਤੋਂ ਪਹਿਲਾਂ ਅਧਿਕਾਰੀਆਂ ਤੋਂ ਅੱਜ ਤੱਕ ਕੀਤੀ ਜਾਂਚ ਦੀ ਰਿਪੋਰਟ ਮੰਗੀ। ਆਯੁਰਵੈਦ ਘੋਟਾਲੇ 'ਚ ਸਰਕਾਰ ਅਜੇ ਤੱਕ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕੀ। ਹਿਮਾਚਲ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਨੌਂ ਦਸੰਬਰ ਤੋਂ ਸ਼ੁਰੂ ਹੋਵੇਗਾ। ਇਸ ਵਿੱਚ ਵਿਰੋਧੀ ਧਿਰ ਇਸ ਕੇਸ ਨੂੰ ਵੱਡਾ ਮੁੱਦਾ ਨਾ ਬਣਾਏ, ਇਸ ਨੂੰ ਦੇਖਦੇ ਹੋਏ ਸਰਕਾਰ ਨੇ ਇਸ ਮਾਮਲੇ ਦੀ ਵਿਜੀਲੈਂਸ ਜਾਂਚ ਕਰਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ ਤਾਂ ਕਿ ਦੋਸ਼ੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾ ਸਕੇ। ਇਸ ਘੋਟਾਲੇ ਦਾ ਮਾਮਲਾ ਮੀਡੀਆ ਨੇ ਉਜਾਗਰ ਕੀਤਾ ਸੀ। ਆਯੁਰਵੈਦ ਵਿਭਾਗ ਵਿੱਚ ਕੁਝ ਅਧਿਕਾਰੀਆਂ ਨੇ ਬਾਜ਼ਾਰ ਤੋਂ ਮਹਿੰਗੀਆਂ ਦਰਾਂ 'ਤੇ ਮਸ਼ੀਨਰੀ ਖਰੀਦੀ ਸੀ। ਕਰੀਬ 2.25 ਕਰੋੜ ਰੁਪਏ ਦਾ ਹੈਡ ਬਦਲ ਕੇ ਇਸ ਨੂੰ ਮੈਡੀਕਲ ਮਸ਼ੀਨਰੀ ਖਰਦੀਣ ਦੇ ਲਈ ਇਸਤੇਮਾਲ ਕੀਤਾ ਗਿਆ। ਇਹ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਣ ਦੇ ਬਾਅਦ ਸਿਹਤ ਮੰਤਰੀ ਵਿਪਨ ਪਰਮਾਰ ਨੇ ਤਿੰਨ ਡਾਕਟਰਾਂ ਨੂੰ ਸਸਪੈਂਡ ਕੀਤਾ ਸੀ। ਤਕਨੀਕੀ ਕਮੇਟੀ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ।

# ਚੀਨ ਨੂੰ ਕਰਜ਼ਾ ਦੇਣ ਕਾਰਨ ਵਰਲਡ ਬੈਂਕ ਤੋਂ ਟਰੰਪ ਭੜਕ ਪਿਆ

ਵਾਸ਼ਿੰਗਟਨ, 8 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚੀਨ ਨੂੰ ਕਰਜ਼ਾ ਦਿੱਤੇ ਜਾਣ ਦੇ ਮੁੱਦੇ ਕਾਰਨ ਵਰਲਡ ਬੈਂਕ ਦੇ ਖਿਲਾਫ ਭੜਕ ਪਏ ਹਨ। ਉਨ੍ਹਾਂ ਨੇ ਇਸ ਅੰਤਰਰਾਸ਼ਟਰੀ ਸੰਗਠਨ ਦੀ ਆਲੋਚਨਾ ਕਰਦੇ ਹੋਏ ਬੀਜਿੰਗ ਨੂੰ ਕਰਜ਼ਾ ਦਿੱਤੇ ਜਾਣ ਉੱਤੇ ਸਵਾਲ ਉਠਾਏ ਹਨ।



ਡੋਨਾਲਡ ਟਰੰਪ ਨੇ ਟਵੀਟ ਕਰ ਕੇ ਪੁੱਛਿਆ, 'ਵਰਲਡ ਬੈਂਕ ਚੀਨ ਨੂੰ ਕਰਜ਼ਾ ਕਿਉਂ ਦੇ ਰਿਹਾ ਹੈ? ਕੀ ਇਹ ਸੰਭਵ ਹੈ? ਚੀਨ ਕੋਲ ਬਹੁਤ ਪੈਸਾ ਹੈ, ਜੇ ਨਹੀਂ ਤਾਂ ਉਹ ਇਹ ਪ੍ਰਬੰਧ ਕਰੇ। ਕਰਜ਼ਾ ਰੋਕਿਆ ਜਾਏ।' ਅਮਰੀਕੀ ਵਿੱਤ ਮੰਤਰੀ ਸਟੀਵਨ ਮੈਨੁਚਿਨ ਨੇ ਵੀ ਇਸੇ ਤਰ੍ਹਾਂ ਦੀ ਗੱਲ ਇਕ ਦਿਨ ਪਹਿਲਾਂ ਕਹੀ ਸੀ। ਉਨ੍ਹਾਂ ਨੇ ਵੀਰਵਾਰ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਇਕ ਕਮੇਟੀ ਨੂੰ ਕਿਹਾ ਸੀ ਕਿ ਅਮਰੀਕਾ ਨੇ ਚੀਨ ਵਿਚ ਵਰਲਡ ਬੈਂਕ ਦੇ ਬਹੁ-ਸਾਲਾ ਕਰਜ਼ਾ ਪ੍ਰੋਗਰਾਮ ਅਤੇ ਪ੍ਰਾਜੈਕਟਾਂ ਉੱਤੇ ਇਤਰਾਜ਼ ਕੀਤਾ ਹੈ। ਅਮਰੀਕਾ ਦੀ ਇਹ ਦਲੀਲ ਹੈ ਕਿ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਵਾਲਾ ਚੀਨ ਏਨਾ ਖ਼ੁਸ਼ਹਾਲ ਹੈ ਕਿ ਉਹ ਖ਼ੁਦ ਸਾਰੇ ਪ੍ਰਬੰਧ ਕਰ ਸਕਦਾ ਹੈ। ਇਸ ਲਈ ਉਹ ਵਿਸ਼ਵ ਬੈਂਕ ਉੱਤੇ ਨਿਰਭਰ ਨਹੀਂ। ਵਰਲਡ ਬੈਂਕ ਨੂੰ ਗ਼ਰੀਬ ਦੇਸ਼ਾਂ ਲਈ ਵਿੱਤੀ ਸਰੋਤ ਬਣਨ ਉੱਤੇ ਧਿਆਨ ਦੇਣਾ ਚਾਹੀਦਾ ਹੈ।

ਇਸ ਦੌਰਾਨ ਵਰਲਡ ਬੈਂਕ ਵਿਚ ਚੀਨ ਮਾਮਲਿਆਂ ਦੇ ਡਾਇਰੈਕਟਰ ਮਾਰਟਿਨ ਰੇਜਰ ਨੇ ਕਿਹਾ ਕਿ ਇਹ ਪ੍ਰੋਗਰਾਮ ਚੀਨ ਨਾਲ ਸਾਡੇ ਸਬੰਧਾਂ ਦੀ ਪ੍ਰਗਤੀ ਨੂੰ ਦਰਸਾਉਂਦਾ ਹੈ। ਖ਼ਬਰ ਏਜੰਸੀ ਅਨੁਸਾਰ ਵਰਲਡ ਬੈਂਕ ਨੇ ਚੀਨ ਨੂੰ ਵਿੱਤੀ ਮਦਦ ਦੇਣ ਦੇ ਪ੍ਰੋਗਰਾਮ ਨੂੰ ਬੀਤੇ ਵੀਰਵਾਰ ਮਨਜ਼ੂਰੀ ਦਿੱਤੀ ਹੈ। ਇਸ ਪ੍ਰੋਗਰਾਮ ਹੇਠ ਚੀਨ ਨੂੰ ਜੂਨ 2025 ਤਕ ਘੱਟ ਵਿਆਜ ਦਰ ਉੱਤੇ ਹਰ ਸਾਲ ਇਕ ਅਰਬ ਤੋਂ ਲੈ ਕੇ ਡੇਢ ਅਰਬ ਡਾਲਰ ਕਰਜ਼ਾ ਦਿੱਤਾ ਜਾਏਗਾ।

ਟਰੰਪ ਦਾ ਇਹ ਰੁਖ਼ ਓਦੋਂ ਸਾਹਮਣੇ ਆਇਆ ਹੈ, ਜਦੋਂ ਅਮਰੀਕਾ ਅਤੇ ਚੀਨ ਵਿਚਾਲੇ ਪਿਛਲੇ 18 ਮਹੀਨਿਆਂ ਤੋਂ ਛਿੜੀ ਕਾਰੋਬਾਰੀ ਜੰਗ ਖ਼ਤਮ ਕਰਨ ਲਈ ਗੱਲਬਾਤ ਚੱਲ ਰਹੀ ਹੈ।

# ਪਾਕਿ ਦੇ ਢੌਂਗ ਅਤੇ ਦੋਹਰੇ ਚਰਿੱਤਰ ਕਾਰਨ ਹਾਫਿਜ਼ ਫਿਰ ਬਚਿਆ

ਲਾਹੌਰ, 8 ਦਸੰਬਰ (ਪੋਸਟ ਬਿਊਰੋ)- ਮੁੰਬਈ ਹਮਲੇ ਦੇ ਮਾਸਟਰਮਾਈਂਡ ਤੇ ਪਾਬੰਦੀਸ਼ੁਦਾ ਜਮਾਤ ਉਦ ਦਾਵਾ ਦੇ ਮੁਖੀ ਹਾਫਿਜ ਸਈਦ ਦੇ ਮੁੱਦੇ 'ਤੇ ਇੱਕ ਵਾਰ ਫਿਰ ਪਾਕਿਸਤਾਨ ਦਾ ਢੌਂਗ ਤੇ ਦੋਹਰਾ ਚਰਿੱਤਰ ਨੰਗਾ ਹੋਇਆ ਹੈ। ਕੱਲ੍ਹ ਲਾਹੌਰ ਦੀ ਅੱਤਵਾਦ ਵਿਰੋਧੀ ਅਦਾਲਤ (ਏ ਟੀ ਸੀ) ਉਸ ਦੇ ਖਿਲਾਫ ਅੱਤਵਾਦੀਆਂ ਨੂੰ ਫੰਡਿੰਗ ਨਾਲ ਸੰਬੰਧਤ ਦੋਸ਼ ਤੈਅ ਨਹੀਂ ਕਰ ਸਕੀ, ਕਿਉਂਕਿ ਇਸ ਸੁਣਵਾਈ ਵਿੱਚ ਇੱਕ ਸਹਿ ਦੋਸ਼ੀ ਨੂੰ ਪੇਸ਼ ਨਹੀਂ ਕੀਤਾ ਜਾ ਸਕਿਆ।



ਇਹ ਘਟਨਾਕ੍ਰਮ ਭਾਰਤ ਦੀ ਉਸ ਪ੍ਰਤੀਕਿਰਿਆ ਦੇ ਇੱਕ ਦਿਨ ਪਿੱਛੋਂ ਵਾਪਰਿਆ ਹੈ, ਜਿਸ ਵਿੱਚ ਭਾਰਤ ਨੇ ਕਿਹਾ ਸੀ ਕਿ ਮੁੰਬਈ ਹਮਲੇ ਦਾ ਮਾਸਟਰਮਾਈਂਡ ਪਾਕਿਸਤਾਨ ਵਿੱਚ ਨਾ ਕੇਵਲ ਬੇਰੋਕ-ਟੋਕ ਘੁੰਮ ਰਿਹਾ ਹੈ, ਬਲਕਿ ਉਸ ਨੂੰ ਸਰਕਾਰੀ ਮਹਿਮਾਨ ਨਿਵਾਜ਼ੀ ਦਾ ਆਨੰਦ ਵੀ ਮਿਲ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਕਿਹਾ ਸੀ ਕਿ ਭਾਰਤ ਨੇ ਸਈਦ ਨਾਲ ਸੰਬੰਧਤ ਸਾਰੇ ਸਬੂਤ ਪਾਕਿ-ਸਤਾਨ ਨੂੰ ਸੌਂਪ ਦਿੱਤੇ ਹਨ ਅਤੇ ਹੁਣ ਹਮਲੇ ਦੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਇਸਲਾਮਾਬਾਦ ਦੀ ਹੈ। ਏ ਟੀ ਸੀ ਨੇ ਲਸ਼ਕਰ ਏ ਤੋਇਬਾ ਦੇ ਸੰਸਥਾਪਕ ਅਤੇ ਇੱਕ ਹੋਰ ਦੋਸ਼ੀ ਮਲਿਕ ਜਫਰ ਇਕਬਾਲ ਦੇ ਖਿਲਾਫ ਦੋਸ਼ਾਂ ਨੂੰ ਤੈਅ ਕਰਨ ਦੇ ਲਈ ਹੁਣ 11 ਦਸੰਬਰ ਤੈਅ ਕੀਤੀ ਹੈ। ਅਦਾਲਤ ਵਿੱਚ ਹੋਈ ਸੁਣਵਾਈ ਦੇ ਬਾਅਦ ਇੱਕ ਨਿਆਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਪੁਲਸ ਦੇ ਅੱਤਵਾਦ ਵਿਰੋਧੀ ਵਿਭਾਗ ਦੀ ਐੱਫ ਆਈ ਆਰ ਦੇ ਤਹਿਤ ਹਾਫਿਜ ਸਈਦ ਤੇ ਹੋਰਨਾਂ ਦੇ ਖਿਲਾਫ ਦੋਸ਼ ਤੈਅ ਹੋਣੇ ਸਨ, ਪ੍ਰੰਤੂ ਸਹਿ ਦੋਸ਼ੀ ਮਲਿਕ ਜਫਰ ਇਕਬਾਲ ਨੂੰ ਜੇਲ੍ਹ ਤੋਂ ਲਿਆਂਦਾ ਨਹੀਂ ਜਾ ਸਕਿਆ। ਇਸ ਦੇ ਕਾਰਨ ਹੁਣ 11 ਦਸੰਬਰ ਨੂੰ ਦੋਸ਼ ਤੈਅ ਕੀਤਾ ਜਾਣਗੇ।

# ਚੀਨ ਨੇ ਅਮਰੀਕੀ ਡਿਪਲੋਮੈਟਾਂ ਉੱਤੇ ਜਵਾਬੀ ਪਾਬੰਦੀਆਂ ਲਾਈਆਂ

ਬੀਜਿੰਗ, 8 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਵਿਚ ਆਪਣੇ ਡਿਪਲੋਮੈਟਾਂ ਉੱਤੇ ਪਾਬੰਦੀਆਂ ਲਾਏ ਜਾਣ ਪਿੱਛੋਂ ਚੀਨ ਸਰਕਾਰ ਨੇ ਵੀ ਜਵਾਬੀ ਕਾਰਵਾਈ ਕੀਤੀ ਹੈ ਅਤੇ ਉਸ ਨੇ ਆਪਣੇ ਦੇਸ਼ ਅੰਦਰ ਅਮਰੀਕੀ ਡਿਪਲੋਮੈਟਾਂ ਉੱਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਅੱਜ ਸ਼ੁੱਕਰਵਾਰ ਤੋਂ ਲਾਗੂ ਕਰ ਦਿੱਤੀਆਂ ਹਨ।




ਚੀਨ ਸਰਕਾਰ ਦੇ ਬੁਲਾਰੇ ਨੇ ਅੱਜ ਸ਼ੁੱਕਰਵਾਰ ਦੱਸਿਆ ਕਿ ਦੇਸ਼ ਵਿਚ ਅਮਰੀਕਾ ਦੇ ਡਿਪਲੋਮੈਟਾਂ ਦੇ ਖ਼ਿਲਾਫ਼ ਕਈ ਕਦਮ ਚੁੱਕੇ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਉਨ੍ਹਾਂ ਨੂੰ ਸਥਾਨਕ ਅਧਿਕਾਰੀਆਂ ਨਾਲ ਮਿਲਣ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਨੂੰ ਸੂਚਿਤ ਕਰਨਾ ਪਿਆ ਕਰੇਗਾ। ਵਰਨਣ ਯੋਗ ਹੈ ਕਿ ਅਮਰੀਕਾ ਦੀ ਸਰਕਾਰ ਨੇ ਅਕਤੂਬਰ ਵਿਚ ਚੀਨ ਦੇ ਡਿਪਲੋਮੈਟਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਅਮਰੀਕਾ ਵਿਚ ਕਿਸੇ ਅਧਿਕਾਰੀ ਨੂੰ ਮਿਲਣ ਅਤੇ ਕਿਸੇ ਕਾਲਜ ਜਾਂ ਰਿਸਰਚ ਇੰਸਟੀਚਿਊਟ ਵਿਚ ਜਾਣ ਤੋਂ ਪਹਿਲਾਂ ਵਿਦੇਸ਼ ਮੰਤਰਾਲੇ ਨੂੰ ਸੂਚਿਤ ਕਰਿਆ ਕਰਨਗੇ।

ਅੱਜ ਏਥੇ ਚੀਨ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਹੁਆ ਚੁਨਿਯੰਗ ਨੇ ਕਿਹਾ ਕਿ ਚੀਨ ਨੇ ਨਵੇਂ ਪ੍ਰਬੰਧਾਂ ਬਾਰੇ ਅਸੀਂ ਅਮਰੀਕੀ ਦੂਤਘਰ ਨੂੰ ਬੁੱਧਵਾਰ ਦੱਸ ਦਿੱਤਾ ਸੀ। ਇਹ ਕਦਮ ਚੀਨੀ ਡਿਪਲੋਮੈਟਾਂ ਉੱਤੇ ਅਮਰੀਕੀ ਰੋਕਾਂ ਦੇ ਜਵਾਬ ਵਿਚ ਚੁੱਕਿਆ ਹੈ। ਅਸੀਂ ਅਪੀਲ ਕਰਦੇ ਹਾਂ ਕਿ ਅਮਰੀਕਾ ਆਪਣੀਆਂ ਗ਼ਲਤੀਆਂ ਸੁਧਾਰੇ ਤੇ ਇਹ ਨਿਯਮ ਰੱਦ ਕਰੇ ਤਾਂ ਅਸੀਂ ਵੀ ਨਹੀਂ ਕਰਾਂਗੇ। ਅਮਰੀਕਾ ਨੇ ਚੀਨ ਦੇ ਕਦਮ ਨੂੰ ਬਦਲੇ ਦੀ ਕਾਰਵਾਈ ਕਿਹਾ ਹੈ। ਚੁਨਿਯੰਗ ਦੇ ਅਨੁਸਾਰ ਅਮਰੀਕੀ ਡਿਪਲੋਮੈਟਾਂ ਨੂੰ ਕਿਸੇ ਚੀਨੀ ਅਧਿਕਾਰੀ ਨੂੰ ਮਿਲਣ ਬਾਰੇ ਵਿਦੇਸ਼ ਮੰਤਰਾਲੇ ਨੂੰ ਪੰਜ ਦਿਨ ਅਗੇਤੀ ਸੂਚਨਾ ਦੇਣੀ ਹੋਵੇਗੀ।

# ਅਮਰੀਕਾ 'ਚ ਡਾਕਘਰ ਦਾ ਨਾਂਅ ਸੰਦੀਪ ਸਿੰਘ ਧਾਲੀਵਾਲ ਦੇ ਨਾਂਅ 'ਤੇ ਹੋਵੇਗਾ

ਹਿਊਸਟਨ, 8 ਦਸੰਬਰ (ਪੋਸਟ ਬਿਊਰੋ)- ਟੈਕਸਾਸ 'ਚ ਮਾਰੇ ਗਏ ਸਿੱਖ ਪੁਲਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਬਲੀਦਾਨ ਨੂੰ ਹਮੇਸ਼ਾ ਲਈ ਯਾਦ ਰੱਖਣ ਲਈ ਹਿਊਸਟਨ ਸਥਿਤ ਡਾਕਖਾਨੇ ਦਾ ਨਾਂਅ ਉਸ ਦੇ ਨਾਂਅ 'ਤੇ ਰੱਖਣ ਲਈ ਇੱਕ ਬਿੱਲ ਅਮਰੀਕੀ ਕਾਂਗਰਸ 'ਚ ਪੇਸ਼ ਕੀਤਾ ਗਿਆ ਹੈ।



ਸੰਦੀਪ ਸਿੰਘ ਧਾਲੀਵਾਲ (42 ਸਾਲ) 10 ਹਜ਼ਾਰ ਤੋਂ ਵੱਧ ਆਬਾਦੀ ਦੇ ਹੈਰਿਸ ਕਾਊਂਟੀ ਦੇ ਪਹਿਲੇ ਸਿੱਖ ਡਿਪਟੀ ਸ਼ੈਰਿਫ ਸਨ। ਧਾਲੀਵਾਲ ਉਸ ਸਮੇਂ ਸੁਰਖੀਆਂ 'ਚ ਆਏ ਸਨ, ਜਦੋਂ ਉਸ ਨੂੰ ਦਾੜ੍ਹੀ ਰੱਖਣ ਤੇ ਪੱਗ ਬੰਨ੍ਹ ਕੇ ਡਿਊਟੀ ਕਰਨ ਦੀ ਆਗਿਆ ਦਿੱਤੀ ਗਈ ਸੀ। ਧਾਲੀਵਾਲ ਨੂੰ ਸਤੰਬਰ ਮਹੀਨੇ 'ਚ ਹਿਊਸਟਨ ਦੇ ਉੱਤਰ-ਪੱਛਮ ਵਿੱਚ ਉਸ ਸਮੇਂ ਗੋਲੀ ਮਾਰ ਦਿੱਤੀ ਗਈ ਸੀ, ਜਦੋਂ ਉਹ ਰੋਜ਼ ਵਾਂਗ ਆਵਾਜਾਈ ਸੁਚਾਰੂ ਚਲਾਉਣ ਦੀ ਡਿਊਟੀ ਕਰ ਰਿਹਾ ਸੀ। ਕਾਂਗਰਸ ਦੀ ਲੀਜ਼ੀ ਫਲੇਚਰ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਮਰਹੂਮ ਧਾਲੀਵਾਲ ਨੇ ਭਾਈਚਾਰੇ ਦੀ ਸਭ ਤੋਂ ਉੱਤਮ ਨੁਮਾਇੰਦਗੀ ਕੀਤੀ, ਤੇ ਉਸ ਨੇ ਆਪਣੀ ਜ਼ਿੰਦਗੀ ਦੌਰਾਨ ਦੂਜਿਆਂ ਦੀ ਸੇਵਾ, ਬਰਾਬਰੀ ਤੇ ਭਾਈਚਾਰਕ ਸਾਂਝ ਲਈ ਹਮੇਸ਼ਾ ਕੰਮ ਕੀਤਾ ਜਿਸ ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ 315 ਐਡਿਕਸ ਹੋਵੈੱਲ ਰੋਡ 'ਤੇ ਡਾਕਘਰ ਦਾ ਨਾਂਅ 'ਡਿਪਟੀ ਸੰਦੀਪ ਸਿੰਘ ਧਾਲੀਵਾਲ ਡਾਕਘਰ' ਰੱਖਿਆ ਜਾਣਾ ਚਾਹੀਦਾ ਹੈ।

## ਵਿਗਿਆਨਕਾਂ ਨੇ ਦੁਨੀਆ ਦਾ ਪਹਿਲਾ ਬਾਂਦਰ ਅਤੇ ਸੂਰ ਹਾਈਬ੍ਰਿਡ ਬਣਾਇਆ



ਬੀਜਿੰਗ, 8 ਦਸੰਬਰ (ਪੋਸਟ ਬਿਊਰੋ)- ਇੱਕ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਵਿੱਚ ਪਹਿਲੀ ਵਾਰ ਖੋਜਕਾਰ ਚੀਨੀ ਪ੍ਰਯੋਗਸ਼ਾਲਾ ਵਿੱਚ ਸੂਰ-ਬਾਂਦਰ ਹਾਈਬ੍ਰਿਡ (ਨਸਲ) ਪੈਦਾ ਕਰਨ ਵਾਲੇ ਬਣ ਗਏ ਹਨ।

ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸੂਰ ਦੇ ਦੋ ਬੱਚਿਆਂ ਦੇ ਦਿਲ, ਜਿਗਰ ਅਤੇ ਚਮੜੀ ਵਿੱਚ ਬਾਂਦਰ ਦੇ ਟਿਸ਼ੂ ਹਨ। ਉਹ ਸਟੈਮ ਸੈਲ ਅਤੇ ਜਣੇਪਾ ਜੀਵ ਵਿਗਿਆਨ ਦੀ ਸਟੇਟ ਪ੍ਰਯੋਗਸ਼ਾਲਾ ਵਿੱਚ ਪੈਦਾ ਹੋਏ ਸਨ, ਪ੍ਰੰਤੂ ਇੱਕ ਹਫਤੇ ਦੇ ਅੰਦਰ ਮਰ ਗਏ। ਇਸ ਦਾ ਐਲਾਨ ਤਾਂਗ ਹਾਈ ਨੇ ਕੀਤਾ ਹੈ। ਇਹ ਪ੍ਰਯੋਗ ਸਪੈਨਿਸ਼ ਵਿਗਿਆਨਕ ਜੁਆਨ ਕਾਰਲੋਸ ਇਜ਼ੀਪਿਸੂਆ ਬੈਲਮੋਂਟੇ ਦੇ ਦੋ ਸਾਲ ਪਹਿਲਾਂ ਸੂਰ-ਮਨੁੱਖ ਹਾਈਬ੍ਰਿਡ ਬਣਾਉਣ ਦੇ ਯਤਨ ਦੇ ਮੱਦੇਨਜ਼ਰ ਹੋਇਆ ਹੈ।

ਨਿਊ ਸਾਇੰਟਿਸਟ ਮੈਗਜ਼ੀਨ ਦੀ ਰਿਪੋਰਟ ਵਿੱਚ ਦੱਸਿਆ ਗਿਆ ਕਿ ਤਾਂਗ ਤੇ ਉਨ੍ਹਾਂ ਦੀ ਟੀਮ ਨੇ ਜੀਨ ਰੂਪ ਤੋਂ ਸੋਧੇ ਹੋਏ ਬਾਂਦਰ ਦੇ ਸੈੱਲਾਂ ਨੂੰ 4000 ਤੋਂ ਵੱਧ ਸੂਰ ਭਰੂਣਾਂ ਦੇ ਅੰਦਰ ਪਾਇਆ ਗਿਆ। ਇਸ ਤਰ੍ਹਾਂ ਪੈਦਾ ਹੋਏ 10 ਸੂਰ ਦੇ ਬੱਚਿਆਂ ਵਿੱਚੋਂ ਕੇਵਲ ਦੋ ਹਾਈਬ੍ਰਿਡ ਸਨ। ਇਨ੍ਹਾਂ ਦੇ ਦਿਲ, ਯਕ੍ਰਤ, ਫੇਫੜੇ ਅਤੇ ਸਕਿਨ ਦੇ ਟਿਸ਼ੂ ਅੰਸ਼ਿਕ ਰੂਪ ਤੋਂ ਬਾਂਦਰ ਦੀਆਂ ਕੋਸ਼ਿਕਾਵਾਂ ਨਾਲ ਮਿਲ ਕੇ ਬਣੇ ਸਨ।

# ਬ੍ਰਿਟਿਸ਼ ਸਿੱਖ ਜੋੜੇ ਨੇ ਬੱਚਾ ਗੋਦ ਲੈਣ ਤੋਂ ਰੋਕਣ ਵਾਲੀ ਕੌਂਸਲ ਤੋਂ ਮੋਟਾ ਹਰਜਾਨਾ ਜਿੱਤਿਆ

ਲੰਡਨ, 8 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪੰਜਾਬੀ ਜੋੜੇ ਸੰਦੀਪ ਸਿੰਘ ਮੰਡੇਰ ਤੇ ਰੀਨਾ ਮੰਡੇਰ ਨੇ ਇੱਕ ਬੱਚੇ ਨੂੰ ਗੋਦ ਲੈਣ ਲਈ ਸਥਾਨਕ ਕੌਂਸਲ 'ਤੇ ਪੱਖਪਾਤੀ ਹੋਣ ਦਾ ਅਦਾਲਤੀ ਕੇਸ ਜਿੱਤਿਆ ਹੈ, ਜਿਸ ਤਹਿਤ ਉਨ੍ਹਾਂ ਨੂੰ ਹਰਜਾਨੇ ਦੇ ਰੂਪ 'ਚ ਇੱਕ ਲੱਖ 20 ਹਜ਼ਾਰ ਪੌਂਡ ਮਿਲੇ ਹਨ। ਰਾਇਲ ਬਾਰੋ ਆਫ ਵਿੰਡਸਰ ਤੇ ਮੇਡਨਹੈਡ ਨੇ ਉਕਤ ਜੋੜੇ ਨੂੰ ਬੱਚੇ ਗੋਦ ਲੈਣ ਤੋਂ ਇਸ ਕਰਕੇ ਨਾਂਹ ਕਰ ਦਿੱਤੀ ਸੀ, ਕਿਉਂਕਿ ਉਹ ਭਾਰਤੀ ਪਿਛੋਕੜ ਵਾਲੇ ਹਨ।



ਆਕਸਫੋਰਡ ਕਾਊਂਟੀ ਕੋਰਟ ਨੂੰ ਦੱਸਿਆ ਗਿਆ ਕਿ ਦੋਵੇਂ ਪਤੀ-ਪਤਨੀ ਨੂੰ ਚਾਰ ਦਿਨ ਚੱਲੀ ਸੁਣਵਾਈ ਦੌਰਾਨ ਕਿਹਾ ਗਿਆ ਸੀ ਕਿ ਜੇ ਉਹ ਭਾਰਤ ਜਾਂ ਪਾਕਿਸਤਾਨ ਤੋਂ ਬੱਚਾ ਗੋਦ ਲੈਣ ਦੀ ਕੋਸ਼ਿਸ਼ ਕਰਨ ਤਾਂ ਉਸ ਦੇ ਵੱਧ ਮੌਕੇ ਹਨ। ਮੇਡਨਹੈਡ ਵਾਸੀ 30 ਸਾਲਾ ਸੰਦੀਪ ਤੇ ਰੀਨਾ ਨੇ ਕੌਂਸਲ ਦੇ ਇਸ ਪੱਖਪਾਤੀ ਵਿਹਾਰ ਦੇ ਕੇਸ ਨੂੰ ਬਰਾਬਰਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਉਠਾਇਆ ਸੀ। ਪੰਜ ਕਮਰਿਆਂ ਦੇ ਵੱਡੇ ਮਕਾਨ ਵਿੱਚ ਰਹਿਣ ਵਾਲੇ ਤੇ ਚੰਗੀ ਆਮਦਨ ਵਾਲੇ ਇਸ ਜੋੜੇ ਨੇ ਆਈ ਵੀ ਐਫ ਰਾਹੀਂ ਮਾਪੇ ਬਣਨ ਦੀਆਂ ਸੱਤ ਅਸਫਲ ਕੋਸ਼ਿਸ਼ਾਂ ਕੀਤੀਆਂ ਸਨ, ਜਿਸ ਤੋਂ ਬਾਅਦ ਜੋੜੇ ਨੇ ਅਮਰੀਕਾ ਤੋਂ ਬੱਚਾ ਗੋਦ ਲਿਆ।

# ਜਰਮਨ ਚਾਂਸਲਰ ਮਰਕਲ ਵੱਲੋਂ ਨਾਜ਼ੀਆਂ ਦੇ ਸਭ ਤੋਂ ਵੱਡੇ 'ਡੈਥ ਕੈਂਪ' ਦਾ ਦੌਰਾ

ਫਰੈਂਕਫਰਟ, 8 ਦਸੰਬਰ (ਪੋਸਟ ਬਿਊਰੋ)- ਜਰਮਨੀ ਦੀ ਚਾਂਸਲਰ ਐਂਜੇਲਾ ਮਰਕਲ ਵੱਲੋਂ ਆਪਣੇ 14 ਸਾਲ ਦੇ ਰਾਜ ਦੌਰਾਨ ਪਹਿਲੀ ਵਾਰ ਅਸ਼ਵਿਟਜ਼-ਬਿਰਕੇਨੌ ਮੈਮੋਰੀਅਲ ਦਾ ਦੌਰਾ ਕੀਤਾ ਗਿਆ।



ਜ਼ਿਕਰ ਯੋਗ ਹੈ ਕਿ ਇਸ ਜਗ੍ਹਾ 'ਤੇ ਨਾਜ਼ੀਆਂ ਨੇ ਲੱਖਾਂ ਦੀ ਗਿਣਤੀ ਵਿੱਚ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਉਸ ਸਮੇਂ ਦਾ ਇਹ ਸਭ ਤੋਂ ਵੱਡਾ 'ਡੈਥ ਕੈਂਪ' ਸੀ, ਜਿਸ ਨੂੰ ਅਜਾਇਬ ਘਰ ਵਿੱਚ ਤਬਦੀਲ ਕੀਤਾ ਗਿਆ ਹੈ। ਇਸ ਦੌਰੇ ਦੌਰਾਨ ਚਾਂਸਲਰ ਮਰਕਲ ਦੇ ਨਾਲ ਪੋਲੈਂਡ ਦੇ ਪ੍ਰਧਾਨ ਮੰਤਰੀ ਮੈਟੂਜ਼ ਮੋਰਾਵੀਕੀ ਤੇ ਅਜਾਇਬ ਘਰ ਦੇ ਡਾਇਰੈਕਟਰ ਤੇ ਯਹੂਦੀ ਸੰਗਠਨਾਂ ਦੇ ਆਗੂ ਪਿਓਟਰ ਸਾਇਵਿਨਸਕੀ ਵੀ ਸ਼ਾਮਲ ਸਨ। ਇਹ ਦੌਰਾ ਅਸ਼ਵਿਟਜ਼ ਮੈਮੋਰੀਅਲ ਦੀ 10ਵੀਂ ਵਰੇਗੰਢ ਮੌਕੇ ਕੀਤਾ ਗਿਆ। ਇਸ ਮੌਕੇ ਮਰਕਲ ਨੇ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਇਥੇ ਕਤਲ ਕੀਤੇ ਗਏ ਲੋਕਾਂ ਨੂੰ ਵਾਪਸ ਨਹੀਂ ਲਿਆ ਸਕਦੇ ਪਰ ਇਹੋ ਜਿਹੀਆਂ ਇਤਿਹਾਸਕ ਥਾਵਾਂ ਦੀ ਦੇਖ-ਰੇਖ ਬਹੁਤ ਜ਼ਰੂਰੀ ਹੈ, ਤੇ ਇਹ ਕਹਾਣੀ ਲੋਕਾਂ ਨੂੰ ਵਾਰ-ਵਾਰ ਸੁਣਾਉਣੀ ਵੀ ਜ਼ਰੂਰੀ ਹੈ, ਤਾਂ ਜੋ ਅਜਿਹੀਆਂ ਘਟਨਾਵਾਂ ਕਦੇ ਵੀ ਦੁਬਾਰਾ ਨਾ ਵਾਪਸ ਸਕਣ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

## ਸ਼ਿਪਯਾਰਡ ਵਿਚ ਗੋਲੀ ਚੱਲਣ ਨਾਲ ਹਮਲਾਵਰ ਸਣੇ ਤਿੰਨ ਮਰੇ

ਲਾਸ ਏਂਜਲਸ, 8 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਹਵਾਈ ਟਾਪੂ ਵਿਚਲੇ ਸਮੁੰਦਰੀ ਫੌਜ ਦੇ ਪਰਲ ਹਾਰਬਰ ਸ਼ਿਪਯਾਰਡ ਵਿੱਚ ਕੱਲ੍ਹ ਸਵੇਰੇ ਇੱਕ ਅਮਰੀਕੀ ਸਮੁੰਦਰੀ ਫੌਜੀ ਵੱਲੋਂ ਕੀਤੀ ਫਾਇਰਿੰਗ ਕਾਰਨ ਦੋ ਵਿਅਕਤੀ ਮਾਰੇ ਗਏ ਤੇ ਇੱਕ ਜ਼ਖਮੀ ਹੋ ਗਿਆ। ਹਮਲਾਵਰ ਨੇ ਬਾਅਦ ਵਿੱਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਤਰ੍ਹਾਂ ਘਟਨਾ 'ਚ ਤਿੰਨ ਵਿਅਕਤੀ ਮਾਰੇ ਗਏ। ਭਾਰਤੀ ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਰਾਕੇਸ਼ ਕੁਮਾਰ ਸਿੰਘ ਭਦੌਰੀਆ ਜੋ ਹਵਾਈ ਗਏ ਹੋਏ ਹਨ, ਇਸ ਮੌਕੇ ਉਸ ਅੱਡੇ ਉੱਤੇ ਸਨ, ਪਰ ਸੁਰੱਖਿਅਤ ਦੱਸੇ ਜਾਂਦੇ ਹਨ।

ਸਮੁੰਦਰੀ ਫੌਜ ਦੇ ਅੱਡੇ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਫਾਇਰਿੰਗ ਦੀ ਘਟਨਾ ਪਿੱਛੋਂ ਸ਼ਿਪਯਾਰਡ ਨੂੰ ਕੁਝ ਘੰਟਿਆਂ ਲਈ ਬੰਦ ਕਰਨਾ ਪਿਆ। ਫਾਇਰਿੰਗ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਕਮੇਟੀ ਬਣਾਈ ਗਈ ਹੈ। ਮੌਕੇ 'ਤੇ ਮੌਜੂਦ ਇੱਕ ਵਿਅਕਤੀ ਨੇ ਦੱਸਿਆ ਕਿ ਉਹ ਆਪਣੇ ਕੰਪਿਊਟਰ 'ਤੇ ਕੰਮ ਕਰ ਰਿਹਾ ਸੀ। ਅਚਾਨਕ ਗੋਲੀਆਂ ਚੱਲਣ ਲੱਗ ਪਈਆਂ। ਉਸ ਨੇ ਵੇਖਿਆ ਕਿ ਤਿੰਨ ਵਿਅਕਤੀ ਖੂਨ ਨਾਲ ਲਥਪਥ ਜ਼ਮੀਨ 'ਤੇ ਡਿੱਗੇ ਪਏ ਸਨ। ਫਾਇਰਿੰਗ ਕਰਨ ਵਾਲੇ ਨੇ ਸਮੁੰਦਰ ਫੌਜ ਦੇ ਜਵਾਨਾਂ ਵਰਗੀ ਵਰਦੀ ਪਾਈ ਹੋਈ ਸੀ। ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਸੀ।

# ਭਾਰਤੀ ਕਾਰੋਬਾਰੀ ਨੇ ਬ੍ਰਿਟੇਨ ਦੇ ਪੁਲਿਸ ਹੈਡਕੁਆਰਟਰ ਨੂੰ ਹੋਟਲ ਬਣਾਇਆ

ਲੰਡਨ, 8 ਦਸੰਬਰ (ਪੋਸਟ ਬਿਊਰੋ)- ਭਾਰਤੀ ਕਾਰੋਬਾਰੀ ਐੱਮ ਏ ਯੂਸਫ ਅਲੀ ਦੇ ਲੂਲੂ ਗਰੁੱਪ ਨੇ ਬ੍ਰਿਟਿਸ਼ ਰਾਜਧਾਨੀ ਲੰਡਨ ਵਿਚਲੇ ਪੁਲਿਸ ਦੇ ਸਕਾਟਲੈਂਡ ਯਾਰਡ ਵਾਲੇ ਪੁਰਾਣੇ ਹੈਡਕੁਆਰਟਰ ਨੂੰ ਖ਼ਰੀਦ ਕੇ ਲਗਜ਼ਰੀ ਹੋਟਲ ਵਿਚ ਬਦਲ ਦਿੱਤਾ ਹੈ। ਇਸ ਨੂੰ ਨਵਾਂ ਨਾਂਅ ਗ੍ਰੇਟ ਸਕਾਟਲੈਂਡ ਯਾਰਡ ਹੋਟਲ ਦਾ ਦਿੱਤਾ ਗਿਆ ਹੈ।



ਕੇਰਲਾ ਵਿਚ ਜਨਮੇ ਯੂਸਫ ਦੇ ਗਰੁੱਪ ਨੇ ਸੈਂਟਰਲ ਲੰਡਨ ਵਿਚਲੀ ਇਸ ਇਮਾਰਤ ਨੂੰ ਸਾਲ 2015 ਵਿਚ 1025 ਕਰੋੜ ਰੁਪਏ ਦਾ ਖ਼ਰੀਦਿਆ ਸੀ। ਬਾਅਦ ਵਿਚ ਇਸ ਨੂੰ ਲਗਜ਼ਰੀ ਹੋਟਲ ਬਣਾਉਣ ਦੇ ਲਈ ਉਸ ਨੇ 512 ਕਰੋੜ ਰੁਪਏ ਹੋਰ ਖ਼ਰਚ ਕੀਤੇ ਸਨ। ਯੂ ਏ ਈ ਵਿੱਚਲੇ ਲੂਲੂ ਗਰੁੱਪ ਇੰਟਰਨੈਸ਼ਨਲ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਯੂਸਫ ਅਲੀ ਨੇ ਕਿਹਾ ਕਿ ਲੰਡਨ ਦੁਨੀਆ ਦੇ ਬਿਹਤਰੀਨ ਸ਼ਹਿਰਾਂ ਵਿਚੋਂ ਇੱਕ ਹੈ। ਗ੍ਰੇਟ ਸਕਾਟਲੈਂਡ ਯਾਰਡ ਹੋਟਲ ਇਸ ਸ਼ਹਿਰ ਦੇ ਸ਼ਾਨਦਾਰ ਪਿਛੋਕੜ ਦੇ ਨਾਲ ਆਧੁਨਿਕ ਸ਼ਾਨ ਨੂੰ ਦਰਸਾਉਂਦਾ ਹੈ। ਇਸ ਹੋਟਲ ਦਾ ਉਦਘਾਟਨ ਇਸੇ ਹਫ਼ਤੇ ਬ੍ਰਿਟੇਨ ਦੀ ਡਿਜੀਟਲ, ਮੀਡੀਆ, ਖੇਡਾਂ ਅਤੇ ਸੱਭਿਆਚਾਰ ਬਾਰੇ ਮੰਤਰੀ ਨਿਕੀ ਮੋਰਗਨ ਅਤੇ ਭਾਰਤ ਦੀ ਹਾਈ ਕਮਿਸ਼ਨਰ ਰੁਚੀ ਘਨਸ਼ਿਆਮ ਕੋਲੋਂ ਕਰਵਾਇਆ ਜਾਵੇਗਾ।

ਸੱਤ ਮੰਜ਼ਲਾ ਗ੍ਰੇਟ ਸਕਾਟਲੈਂਡ ਯਾਰਡ ਹੋਟਲ ਵਿਚ 152 ਕਮਰੇ ਤੇ 15 ਸੁਇਟ ਦੇ ਇਲਾਵਾ ਇਕ ਪ੍ਰੈਜ਼ੀਡੈਂਸ਼ੀਅਲ ਸੁਇਟ ਵੀ ਹੈ। ਹੋਟਲ ਵਿਚ ਚਾਰ ਰੈਸਟੋਰੈਂਟ ਵੀ ਬਣਾਏ ਗਏ ਹਨ। ਇਨ੍ਹਾਂ ਵਿਚ ਅੰਤਰਰਾਸ਼ਟਰੀ ਅਤੇ ਬ੍ਰਿਟਿਸ਼ ਪਕਵਾਨ ਪਰੋਸੇ ਜਾਣਗੇ। ਹੋਟਲ ਦੇ ਕਮਰਿਆਂ ਦੇ ਕਿਰਾਏ ਦੀ ਸ਼ੁਰੂਆਤ 40 ਹਜ਼ਾਰ ਰੁਪਏ ਤੋਂ ਹੋਵੇਗੀ। 15-16ਵੀਂ ਸਦੀ ਦੌਰਾਨ ਸਕਾਟਲੈਂਡ ਦੇ ਰਾਜਾ ਜਦੋਂ ਲੰਡਨ ਆਉਂਦੇ ਸਨ ਤਾਂ ਗ੍ਰੇਟ ਸਕਾਟਲੈਂਡ ਯਾਰਡ ਇਮਾਰਤ ਵਿਚ ਰੁਕਦੇ ਸਨ। ਬਾਅਦ ਵਿਚ ਇਹ ਇਮਾਰਤ ਲੰਡਨ ਪੁਲਿਸ ਦਾ ਹੈਡਕੁਆਰਟਰ ਬਣ ਗਈ ਸੀ। ਸਾਲ 2015 ਵਿਚ ਇਸ ਨੂੰ ਵੇਚ ਦਿੱਤਾ ਗਿਆ ਸੀ।

# ਪਤੀ ਦੇ ਨਾਜਾਇਜ਼ ਸੰਬੰਧਾਂ ਤੋਂ ਦੁਖੀ ਦੋ ਬੱਚਿਆਂ ਦੀ ਮਾਂ ਨੇ ਜਾਨ ਦਿੱਤੀ

ਜਲੰਧਰ, 8 ਦਸੰਬਰ (ਪੋਸਟ ਬਿਊਰੋ)- ਪਿੰਡ ਪਤਾਰਾ ਵਿੱਚ ਕਿਸੇ ਹੋਰ ਲੜਕੀ ਨਾਲ ਸੰਬੰਧ ਰੱਖਣ ਵਾਲੇ ਪਤੀ ਤੋਂ ਦੁਖੀ ਹੋ ਕੇ ਦੋ ਬੱਚਿਆਂ ਦੀ ਮਾਂ ਨੇ ਸਲਫਾਸ ਨਿਗਲ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ 32 ਸਾਲਾ ਮੀਨਾ ਕੁਮਾਰੀ ਪਤਨੀ ਰਾਕੇਸ਼ ਕੁਮਾਰ ਕੇਸਾ ਵਜੋਂ ਹੋਈ ਹੈ। ਉਸ ਦੀ ਮਾਂ ਮਨਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਲੁਧਿਆਣਾ ਤੇ ਭੂਆ ਸੁਨੀਤਾ ਕੁਮਾਰੀ ਪਿੰਡ ਪੰਡਵਾ, ਫਗਵਾੜਾ ਤੇ ਪੇਕੇ ਪਰਵਾਰ ਦੇ ਹੋਰ ਲੋਕਾਂ ਨੂੰ ਜਦੋਂ ਮੀਨਾ ਵੱਲੋਂ ਸਲਫਾਸ ਨਿਗਲਣ

ਦੀ ਸੂਚਨਾ ਮਿਲੀ ਤਾਂ ਉਹ ਪਿੰਡ ਪਤਾਰਾ ਵਿੱਚ ਮੀਨਾ ਦੇ ਸਹੁਰੇ ਪਹੁੰਚੇ ਤੇ ਗੰਭੀਰ ਹਾਲਤ ਵਿੱਚ ਮੀਨਾ ਨੂੰ ਰਾਮਾ ਮੰਡੀ ਦੇ ਜੌਹਲ ਹਸਪਤਾਲ ਵਿੱਚ ਲਿਆਂਦਾ ਗਿਆ, ਜਿੱਥੇ ਕੁਝ ਸਮੇਂ ਬਾਅਦ ਉਸ ਨੇ ਦਮ ਤੋੜ ਦਿੱਤਾ।

ਡਾਕਟਰ ਬੀ ਐਸ ਜੌਹਲ ਨੇ ਦੱਸਿਆ ਕਿ ਸਲਫਾਸ ਦੀ ਜ਼ਹਿਰ ਮੀਨਾ ਦੇ ਪੂਰੇ ਸਰੀਰ ਵਿੱਚ ਫੈਲ ਜਾਣ ਕਾਰਨ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਮ੍ਰਿਤਕਾ ਦੀ ਭੂਆ ਸੁਨੀਤਾ ਨੇ ਦੱਸਿਆ ਕਿ ਉਸ ਦੀ ਸਵੇਰੇ ਫੋਨ 'ਤੇ ਮੀਨਾ ਨਾਲ ਗੱਲ ਹੋਈ ਸੀ ਤੇ ਉਸ ਨੇ ਕਿਹਾ ਸੀ ਕਿ ਉਹ ਆਪਣੇ ਪਤੀ ਰਾਕੇਸ਼ ਕੁਮਾਰ ਕੇਸ਼ਾ (ਜਿਸ ਦੇ ਘਰ ਕੋਲ ਹੀ ਰਹਿੰਦੀ ਇੱਕ ਲੜਕੀ ਨਾਲ ਨਾਜਾਇਜ਼ ਸੰਬੰਧ ਹਨ) ਤੋਂ



ਦੁਖੀ ਹੋ ਕੇ ਖੁਦਕੁਸ਼ੀ ਕਰਨ ਜਾ ਰਹੀ ਹੈ। ਭੂਆ ਮੁਤਾਬਕ ਇਸ ਤੋਂ ਪਹਿਲਾਂ ਵੀ ਕਈ ਵਾਰ ਰਾਕੇਸ਼ ਕੁਮਾਰ ਕੇਸ਼ਾ ਦਾ ਉਸ ਦੀ ਪਤਨੀ ਮੀਨਾ ਨਾਲ ਰਾਜ਼ੀਨਾਮਾ ਕਰਾਇਆ ਸੀ, ਪਰ ਉਸ ਦੇ ਨਾ ਸੁਧਰਨ ਕਾਰਨ ਤੰਗ ਆ ਕੇ ਮੀਨਾ ਨੇ ਕੱਲ੍ਹ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੇ ਪਿਤਾ ਬਲਵਿੰਦਰ ਸਿੰਘ ਨੇ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਪਤਾਰਾ ਦੇ ਏ ਐੱਸ ਆਈ ਨਿਰਮਲ ਸਿੰਘ ਨੂੰ ਦੱਸਿਆ ਕਿ ਉਸ ਦੀ ਬੇਟੀ ਦੀ ਮੌਤ ਲਈ ਉਸ ਦਾ ਪਤੀ ਹੀ ਜ਼ਿੰਮੇਵਾਰ ਹੈ। ਐੱਸ ਐੱਚ ਓ ਪਤਾਰਾ ਦਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕਾ ਦੇ ਪਿਤਾ ਬਲਵਿੰ-ਦਰ ਸਿੰਘ ਦੇ ਬਿਆਨਾਂ ਤੇ ਪਤੀ ਰਾਕੇਸ਼ ਕੁਮਾਰ ਕੇਸ਼ਾ ਤੇ ਉਸ ਨਾਲ ਸੰਬੰਧ ਰੱਖਣ ਵਾਲੀ ਲੜਕੀ ਸਪਨਾ ਦੇ ਖਿਲਾਫ ਥਾਣਾ ਪਤਾਰਾ ਵਿੱਚ ਆਈ ਪੀ ਸੀ ਦੀ ਧਾਰਾ 306 ਦੇ ਤਹਿਤ ਕੇਸ ਦਰਜ ਕਰ ਲਿਆ ਹੈ।

ਮੀਨਾ ਦੇ ਪੇਕੇ ਪਰਵਾਰ ਨੇ ਦੱਸਿਆ ਕਿ ਮੀਨਾ ਦੇ ਪਤੀ ਸੀਤਾ ਰਾਮ ਦੀ ਕਰੀਬ 10 ਸਾਲ ਪਹਿਲਾਂ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਪਿੱਛੋਂ ਦੋਵਾਂ ਪਰਵਾਰਾਂ ਨੇ ਉਸ ਦਾ ਵਿਆਹ ਸੀਤਾ ਰਾਮ ਦੇ ਛੋਟੇ ਭਰਾ ਰਾਕੇਸ਼ ਕੁਮਾਰ ਕੇਸ਼ਾ ਨਾਲ ਕਰ ਦਿੱਤਾ। ਮੀਨਾ ਦਾ ਵੱਡਾ ਬੇਟਾ ਉਸ ਦੇ ਪਹਿਲੇ ਵਿਆਹ ਤੋਂ ਤੇ ਦੂਜਾ ਬੇਟਾ ਦੂਜੇ ਵਿਆਹ ਤੋਂ। ਮੀਨਾ ਆਂਗਣਵਾੜੀ ਵਰਕਰ ਸੀ। ਪੇਕੇ ਪਰਵਾਰ ਦਾ ਦੋਸ਼ ਸੀ ਕਿ ਰਾਕੇਸ਼ ਦੇ ਕਿਸੇ ਹੋਰ ਲੜਕੀ ਨਾਲ ਉਸ ਦੇ ਵਿਆਹ ਤੋਂ ਪਹਿਲਾਂ ਹੀ ਸੰਬੰਧ ਸਨ, ਪਰ ਦੋਵਾਂ ਪਰਵਾਰਾਂ ਨੂੰ ਲੱਗਦਾ ਸੀ ਕਿ ਵਿਆਹ ਤੋਂ ਬਾਅਦ ਸਭ ਕੁਝ ਬਦਲ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਦੂਜੇ ਵਿਆਹ ਦੇ ਸਮੇਂ ਮੀਨਾ ਦੇ ਵੱਡੇ ਬੇਟੇ ਦੀ ਉਮਰ ਦੋ ਸਾਲ ਦੇ ਕਰੀਬ ਸੀ।

## ਪੁਲਸ ਮੁਕਾਬਲੇ ਦੀ ਕੁਝ ਆਗੂਆਂ ਵੱਲੋਂ ਸ਼ਲਾਘਾ ਅਤੇ ਕੁਝ ਵੱਲੋਂ ਚਿੰਤਾ ਪ੍ਰਗਟ

ਨਵੀਂ ਦਿੱਲੀ, 8 ਦਸੰਬਰ, (ਪੋਸਟ ਬਿਊਰੋ)- ਹੈਦਰਾਬਾਦ ਵਿੱਚ ਮਹਿਲਾ ਵੈਟਰਨਰੀ ਡਾਕਟਰ ਨਾਲ ਸਮੂਹਕ ਬਲਾਤਕਾਰ ਪਿੱਛੋਂ ਉਸ ਨੂੰ ਸਾੜ ਕੇ ਮਾਰ ਦੇਣ ਦੇ ਚਾਰ ਦੋਸ਼ੀਆਂ ਨੂੰ ਅੱਜ ਸਵੇਰੇ ਪੁਲਸ ਮੁਕਾਬਲੇ ਵਿੱਚ ਮਾਰ ਦੇਣ ਵਾਲੀ ਘਟਨਾ ਦੀ ਜਿੱਥੇ ਕੁਝ ਆਗੂਆਂ ਨੇ ਸ਼ਲਾਘਾ ਕੀਤੀ ਹੈ , ਓਥੇ ਕਈ ਹੋਰਨਾਂ ਨੇ ਚਿੰਤਾ ਜ਼ਾਹਿਰ ਕੀਤੀ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਨੇਤਾ ਮੇਨਕਾ ਗਾਂਧੀ ਨੇ ਕਿਹਾ ਕਿ ਜੋ ਵੀ ਹੋਇਆ, ਉਹ ਬਹੁਤ ਭਿਆਨਕ ਹੋ ਰਿਹਾ ਹੈ। ਤੁਸੀਂ ਕਾਨੂੰਨ ਨੂੰ ਆਪਣੇ ਹੱਥ ਨਹੀਂ ਲੈ ਸਕਦੇ। ਉਨ੍ਹਾਂ ਨੂੰ ਅਦਾਲਤ ਤੋਂ ਫਾਂਸੀ ਦੀ ਸਜ਼ਾ ਮਿਲਣ ਵਾਲੀ ਸੀ, ਇੰਜ ਮਾਰ ਦਿੱਤਾ ਹੈ ਤਾਂ ਫਿਰ ਅਦਾਲਤ ਅਤੇ ਪੁਲਸ ਦਾ ਕੀ ਫਾਇਦਾ ਹੈ। ਇੰਝ ਤਾਂ ਜਦੋਂ ਚਾਹੋ, ਗੋਲੀ ਮਾਰ ਦਿਓ।

ਪਾਰਲੀਮੈਂਟ ਮੈਂਬਰ ਅਤੇ ਏ ਆਈ ਐੱਮ ਆਈ ਐੱਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਇਸ ਘਟਨਾ ਬਾਰੇ ਕਿਹਾ ਕਿ ਅਸੀਂ ਸਮੂਹਕ ਬਲਾਤਕਾਰ ਦੇ ਦੋਸ਼ੀਆਂ ਦੇ ਪੁਲਸ ਮੁਕਾਬਲੇ ਦੇ ਖਿਲਾਫ ਹਾਂ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਏਥੋਂ ਤੱਕ ਕਿ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਸ ਮੁਕਾਬਲੇ ਦਾ ਨੋਟਿਸ ਲਿਆ ਹੈ।

# ਰਾਏਕੋਟ ਨੇੜਲੇ ਪਿੰਡ ਵਿੱਚ ਮਾਂ-ਪੁੱਤ ਦੀ ਹੱਤਿਆ




ਰਾਏਕੋਟ, 8 ਦਸੰਬਰ (ਪੋਸਟ ਬਿਊਰੋ)- ਪਿੰਡ ਬਸਰਾਉਂ ਵਿਖੇ ਭੇਤਭਰੀ ਹਾਲਤ ਵਿੱਚ ਮਾਂ-ਪੁੱਤ ਦੇ ਦੋਹਰੇ ਕਤਲ ਦੀ ਖਬਰ ਹੈ। ਇਸ ਪਿੱਛੋਂ ਐੱਸ ਐੱਸ ਪੀ ਲੁਧਿਆਣਾ ਦਿਹਾਤੀ ਸੰਦੀਪ ਗੋਇਲ ਅਤੇ ਡੀ ਐੱਸ ਪੀ (ਡੀ) ਦਿਲਬਾਗ ਸਿੰਘ, ਪੁਲਸ ਥਾਣਾ ਸਦਰ ਰਾਏਕੋਟ ਦੇ ਐੱਸ ਐੱਚ ਓ ਨਿਧਾਨ ਸਿੰਘ, ਪੁਲਸ ਥਾਣਾ ਸਿਟੀ ਰਾਏਕੋਟ ਐੱਸ ਐੱਚ ਓ ਅਮਰਜੀਤ ਸਿੰਘ ਗੋਗੀ ਪੁਲਸ ਪਾਰਟੀ ਸਮੇਤ ਪਿੰਡ ਬਸਰਾਉਂ ਪੁੱਜੇ।

ਮ੍ਰਿਤਕ ਪ੍ਰਦੀਪ ਸਿੰਘ ਦੀ ਛੋਟੀ ਭੈਣ ਪ੍ਰਭਜੋਤ ਕੌਰ ਕੱਲ੍ਹ ਸਵੇਰੇ ਮਾਂ ਅਤੇ ਭਰਾ ਨੂੰ ਮਿਲਣ ਲਈ ਪਿੰਡ ਬਸਰਾਉਂ ਪੁੱਜੀ ਸੀ, ਘਰ ਦਾ ਮੁੱਖ ਗੇਟ ਬੰਦ ਹੋਣ ਕਾਰਨ ਘਰ ਕੋਲ ਕੰਮ ਕਰਦੀਆਂ ਨਰੇਗਾ ਮਜ਼ਦੂਰ ਔਰਤਾਂ ਦੀ ਮਦਦ ਨਾਲ ਘਰ ਦੀ ਕੰਧ ਟੱਪ ਕੇ ਗੇਟ ਖੋਲ੍ਹਿਆ ਅਤੇ ਮਕਾਨ ਵਿੱਚ ਦੇਖਿਆ ਤਾਂ ਮਾ-ਪੁੱਤ ਦੋਵੇਂ ਕਤਲ ਕੀਤੇ ਪਾਏ ਗਏ। ਇਸ ਦੀ ਸੂਚਨਾ ਮੋਹਤਬਰ ਵਿਅਕਤੀਆਂ ਨੇ ਪੁਲਸ ਥਾਣਾ ਸਦਰ ਰਾਏਕੋਟ ਦੇ ਐੱਸ ਐੱਚ ਓ ਨਿਧਾਨ ਸਿੰਘ ਨੂੰ ਦਿੱਤੀ।

ਗਰੀਬ ਕਿਸਾਨ ਪਰਵਾਰ ਨਾਲ ਸੰਬੰਧਤ ਅਪਾਹਜ ਪ੍ਰਦੀਪ ਸਿੰਘ (30) ਪੁੱਤਰ ਸਵਰਗੀ ਅਮਰੀਕ ਸਿੰਘ ਆਪਣੀ ਮਾਤਾ ਗੁਰਜੀਤ ਕੌਰ (52) ਪਤਨੀ ਸਵਰਗੀ ਅਮਰੀਕ ਸਿੰਘ ਨਾਲ ਰਹਿੰਦਾ ਸੀ। ਉਸ ਦੀਆਂ ਦੋ ਭੈਣਾਂ ਵਿੱਚੋਂ ਕਿਰਨਦੀਪ ਕੌਰ ਪਿੰਡ ਗਾਗੇਵਾਲ ਜ਼ਿਲਾ ਬਰਨਾਲਾ ਵਿਖੇ ਵਿਆਹੀ ਹੋਈ ਹੈ, ਦੂਸਰੀ ਛੋਟੀ ਭੈਣ ਪ੍ਰਭਜੋਤ ਕੌਰ (20) ਰਿਸ਼ਤੇਦਾਰੀ 'ਚ ਪਿੰਡ ਦੰਦਾਲ ਨੇੜੇ ਮਲੌਦ ਰਹਿੰਦੀ ਸੀ, ਜੋ ਅਜੇ ਕੁਆਰੀ ਹੈ। ਮ੍ਰਿਤਕ ਪ੍ਰਦੀਪ ਤੇ ਉਸ ਦੀ ਮਾਤਾ ਕੋਲ ਕਰੀਬ ਇੱਕ ਏਕੜ ਜ਼ਮੀਨ ਸੀ, ਜਿਸ ਜ਼ਮੀਨ ਦੇ ਠੇਕੇ ਨਾਲ ਸਾਲ ਭਰ ਗੁਜ਼ਾਰਾ ਕਰਦੇ ਸਨ। ਕੱਲ੍ਹ ਜ਼ਮੀਨ ਦਾ ਠੇਕਾ 17140 ਰੁਪਏ ਵਿੱਚ ਪਿੰਡ ਦਾ ਕਿਸਾਨ ਬਲਵਿੰਦਰ ਸਿੰਘ ਉਨ੍ਹਾਂ ਨੂੰ ਦੇ ਗਿਆ ਸੀ। ਇਸ ਲਈ ਸਮਝਿਆ ਜਾ ਰਿਹਾ ਹੈ ਕਿ ਠੇਕੇ ਦੀ ਰਕਮ ਉਸ ਦੀ ਮੌਤ ਦਾ ਕਾਰਨ ਬਣੀ ਕਿਉਂਕਿ ਦੇਖਣ 'ਚ ਜਾਪਦਾ ਹੈ ਕਿ ਕਾਤਲਾਂ ਨੇ ਉਨ੍ਹਾਂ ਦੀ ਠੇਕੇ ਵਾਲੀ ਰਕਮ ਲੁੱਟਣ ਦੀ ਨੀਤ ਨਾਲ ਵਾਰਦਾਤ ਕੀਤੀ ਹੈ, ਜਿਨ੍ਹਾਂ ਨੂੰ ਮ੍ਰਿਤਕ ਮਾਂ-ਪੁੱਤ ਵੱਲੋਂ ਪਛਾਣ ਲਏ ਜਾਣ 'ਤੇ ਉਕਤ ਕਾਤਲਾਂ ਨੇ ਡਰ ਕਾਰਨ ਦੋਵਾਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ। ਇਸ ਸੰਬੰਧ ਵਿੱਚ ਪੁਲਸ ਜ਼ਿਲਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਸੰਦੀਪ ਗੋਇਲ ਨੇ ਦੱਸਿਆ ਕਿ ਇਸ ਦੋਹਰੇ ਕਤਲ ਦੀ ਬਰੀਕੀ ਅਤੇ ਡਾਗ ਸਕੂਐਡ ਅਤੇ ਫਿੰਗਰ ਪ੍ਰਿੰਟ ਮਾਹਰਾਂ ਦੀ ਮਦਦ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਸੰਬੰਧੀ ਪੁਲਸ ਥਾਣਾ ਸਦਰ ਰਾਏਕੋਟ ਵਿਖੇ ਧਾਰਾ 302 ਅਤੇ 34 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਅਸੀ ਅਪਰਾਧੀ ਨਹੀਂ ਹਾਂ: ਫ਼ਾਰੂਕ ਅਬਦੁੱਲਾ

ਨਵੀਂ ਦਿੱਲੀ, 8 ਦਸੰਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ ਨਜ਼ਰਬੰਦ ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫ਼ਰੰਸ ਦੇ ਆਗੂ ਫ਼ਾਰੂਕ ਅਬਦੁੱਲਾ ਨੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੂੰ ਆਪਣੇ ਨਿੱਜੀ ਲੈਟਰਹੈਡ 'ਤੇ ਲਿਖੇ ਪੱਤਰ ਵਿੱਚ ਕਿਹਾ ਹੈ ਕਿ 'ਉਹ ਅਪਰਾਧੀ ਨਹੀਂ ਹਨ'। ਉਨ੍ਹਾਂ ਆਪਣੀ ਰਿਹਾਇਸ਼ ਨੂੰ 'ਸਬ-ਜੇਲ੍ਹ ਦੱਸਿਆ ਹੈ। ਅਬਦੁੱਲਾ ਬੀਤੀ ਪੰਜ ਅਗਸਤ ਤੋਂ ਨਜ਼ਰਬੰਦ ਹਨ ਤੇ 17 ਸਤੰਬਰ ਨੂੰ ਉਨ੍ਹਾਂ 'ਤੇ ਸਖਤ ਜਨਤਕ ਸੁਰੱਖਿਆ ਐਕਟ ਲਾ ਦਿੱਤਾ ਗਿਆ ਸੀ। ਇਸ ਸਮੇਂ ਅਬਦੁੱਲਾ ਗੁਪਕਾਰ ਵਿੱਚ ਆਪਣੀ ਰਿਹਾਇਸ਼ 'ਤੇ ਹਨ ਜਿਸ ਨੂੰ ਸਬ-ਜੇਲ੍ਹ ਐਲਾਨਿਆ ਗਿਆ ਹੈ। ਜੰਮੂ ਕਸ਼ਮੀਰ ਵਿੱਚੋਂ ਪੰਜ ਅਗਸਤ ਨੂੰ ਧਾਰਾ 370 ਹਟਾਏ ਜਾਣ ਤੋਂ ਬਾਅਦ ਅਬਦੁੱਲਾ ਸਣੇ ਕਈ ਸਥਾਨਕ ਆਗੂਆਂ ਤੇ ਵਰਕਰਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਸ਼ਸ਼ੀ ਥਰੂਰ ਨੇ ਫਾਰੂਖ ਅਬਦੁੱਲਾ ਨੂੰ 21 ਅਕਤੂਬਰ ਨੂੰ ਪੱਤਰ ਲਿਖਿਆ ਸੀ, ਜੋ 2 ਦਸੰਬਰ ਨੂੰ ਉਨ੍ਹਾਂ ਨੂੰ ਮਿ-ਲਿਆ। ਇੱਕ ਪੈਰੇ ਦੇ ਜਵਾਬ ਵਿੱਚ ਤਿੰਨ ਵਾਰ ਮੁੱਖ ਮੰਤਰੀ ਰਹਿ ਚੁੱਕੇ ਫ਼ਾਰੂਕ ਨੇ ਥਰੂਰ ਦਾ ਧੰਨਵਾਦ ਕੀਤਾ। ਫਾਰੂਖ ਅਬਦੁੱਲਾ ਨੇ ਕਿਹਾ ਕਿ 21 ਅਕਤੂਬਰ ਦਾ ਪੱਤਰ ਉਨ੍ਹਾਂ ਨੂੰ ਸਬ-ਜੇਲ੍ਹ ਦੀ ਨਿਗਰਾਨੀ ਕਰ ਰਹੇ ਮੈਜਿਸਟਰੇਟ ਨੇ 2 ਦਸੰਬਰ ਨੂੰ ਦਿੱਤਾ। ਬਹੁਤ ਮੰਦਭਾਗਾ ਹੈ ਕਿ ਚਿੱਠੀ-ਪੱਤਰ ਵੀ ਸਮੇਂ ਸਿਰ ਨਹੀਂ ਮਿਲ ਰਿਹਾ।

# ਬ੍ਰੈਸਟ ਕੈਂਸਰ ਦੀ ਦਵਾਈ ਉੱਤੇ ਅਮਰੀਕੀ ਸੰਸਥਾ ਨੇ ਲਾਈ ਮੋਹਰ

ਅੰਮ੍ਰਿਤਸਰ, 8 ਦਸੰਬਰ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ ਐਨ ਡੀ ਯੂ) ਦੇ ਐਮਰਜਿੰਗ ਲਾਈਫ ਸਾਇੰਸ ਵਿਭਾਗ ਨੇ 12 ਸਾਲ ਦੀ ਰਿਸਟਚ ਪਿੱਛੋਂ ਬ੍ਰੈਸਟ ਕੈਂਸਰ ਨੂੰ ਮਾਤ ਦੇਣ ਵਾਲੀ ਦਵਾਈ ਤਿਆਰ ਕੀਤੀ ਹੈ। ਇਸ ਦਾ ਚੂਹਿਆਂ ਉੱਤੇ ਟੈਸਟ ਸਫਲ ਰਿਹਾ ਹੈ ਅਤੇ ਅੱਗੋਂ ਦੋ ਤਰ੍ਹਾਂ ਦਾ ਕੰਪਾਊਂਡ (ਦਵਾਈ ਤਿਆਰ ਕਰਨ ਦਾ ਮਟੀਰੀਅਲ ਤੇ ਫਾਰਮੂਲਾ) ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ ਕੈਂਸਰ ਨੂੰ ਭੇਜਿਆ ਗਿਆ ਹੈ। ਅਮਰੀਕੀ ਇੰਸਟੀਚਿਊਟ ਨੇ ਇਸ 'ਤੇ ਮੋਹਰ ਲਾ ਦਿੱਤੀ ਹੈ ਤੇ ਇਸ ਦਾ ਮਨੁੱਖੀ ਸਰੀਰ 'ਤੇ ਪ੍ਰੀਖਣ ਕਰਨ ਦੀ ਰਿਸਰਚ ਸ਼ੁਰੂ ਹੋ ਗਈ ਹੈ। ਐਮਰਜਿੰਗ ਲਾਈਫ ਸਾਇੰਸ ਵਿਭਾਗ ਦੇ ਇੰਚਾਰਜ ਪ੍ਰੋ. ਪਲਵਿੰਦਰ ਸਿੰਘ ਨੇ ਦੱਸਿਆ ਕਿ ਜੀ ਐਨ ਡੀ ਯੂ ਵਿੱਚ ਇਹ ਰਿਸਰਚ 2006 'ਚ ਸ਼ੁਰੂ ਹੋਈ ਸੀ। ਕਰੀਬ 5 ਸਾਲ ਤੱਕ ਬ੍ਰੈਸਟ ਕੈਂਸਰ ਤੋਂ ਪੀੜਤ ਵੱਖ-ਵੱਖ ਔਰਤਾਂ ਦੇ ਕੇਸ ਸਟੱਡੀ ਕੀਤੇ ਗਏ ਤੇ ਉਨ੍ਹਾਂ 'ਚ ਕੈਂਸਰ ਦੇ ਕਾਰਨਾਂ ਦਾ ਡਾਟਾ ਇਕੱਠਾ ਕੀਤਾ ਗਿਆ। ਸਾਲ 2018 'ਚ ਕਰੀਬ 12 ਸਾਲਾਂ ਦੀ ਮਿਹਨਤ ਰੰਗ ਲਿਆਈ ਤੇ ਦੋ ਤਰ੍ਹਾਂ ਦੀ ਦਵਾਈ ਤਿਆਰ ਕੀਤੀ ਗਈ।

ਅਮਰੀਕੀ ਇੰਸਟੀਚਿਊਟ ਦੇ ਡਾਕਟਰਾਂ ਨੇ ਕੰਪਾਊਂਡ 'ਤੇ ਅਗਲੀ ਰਿਸਰਚ ਸ਼ੁਰੂ ਕਰ ਦਿੱਤੀ ਹੈ। ਇੰਸਟੀਚਿਊਟ ਆਪਣੀ ਰਿਪੋਰਟ ਜੀ ਐਨ ਡੀ ਯੂ ਨਾਲ ਸਾਂਝੀ ਕਰੇਗੀ। ਜੇ ਮਨੁੱਖ 'ਤੇ ਇਸ ਦਾ ਟੈਸਟ ਸਫਲ ਰਿਹਾ ਤਾਂ ਭਾਰਤ ਦੁਨੀਆ ਦਾ ਪਹਿਲਾ ਦੇਸ਼ ਹੋਵੇਗਾ ਜਿਸ ਨੇ ਬ੍ਰੈਸਟ ਕੈਂਸਰ ਦੀ ਦਵਾਈ ਦੀ ਸਭ ਤੋਂ ਪਹਿਲਾਂ ਖੋਜ ਕੀਤੀ। ਪ੍ਰੋ. ਪਲਵਿੰਦਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਟੀਮ ਨੇ ਲੰਮੀ ਰਿਸਰਚ ਪਿੱਛੋਂ ਇਹ ਕੰਪਾਊਂਡ ਬਣਾਇਆ ਹੈ ਅਤੇ ਇਸ ਦਾ ਪੇਟੈਂਟ ਕਰਵਾਇਆ ਜਾ ਰਿਹਾ ਹੈ। ਇਸ ਨਾਲ ਕੋਈ ਦੂਜਾ ਦੇਸ਼ ਜਾਂ ਇੰਸਟੀਚਿਊਟ ਇਸ 'ਤੇ ਦਾਅਵਾ ਨਹੀਂ ਕਰ ਸਕੇਗਾ।

## ਸੁਰੱਖਿਆ ਦੇ ਸਾਂਝੇ ਖਤਰੇ ਨਾਲ ਨਜਿੱਠਣ ਲਈ ਟਰੰਪ ਦੀ ਅਪੀਲ

ਵਾਸ਼ਿੰਗਟਨ, 8 ਦਸੰਬਰ, (ਪੋਸਟ ਬਿਊਰੋ)- ਯੂ ਐੱਨ ਸਕਿਓਰਟੀ ਕੌਂਸਲ ਦੇ ਮੈਂਬਰਾਂ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਅਪੀਲ ਕੀਤੀ ਹੈ ਕਿ ਉਹ ਸੁਰੱਖਿਆ ਦੇ ਸਾਂਝੇ ਖਤਰੇ ਦੀ ਸਮੱਸਿਆ ਨਾਲ ਨਜਿੱਠਣ। ਟਰੰਪ ਨੇ ਸਕਿਓਰਟੀ ਕੌਂਸਲ ਦੇ ਸਥਾਈ ਪ੍ਰਤੀਨਿਧਾਂ ਨਾਲ ਦੁਪਹਿਰ ਦੇ ਭੋਜਨ ਵੇਲੇ ਕੀਤੀ ਬੈਠਕ ਵਿੱਚ ਕਿਹਾ ਕਿ ਸਾਡੇ ਦੇਸ਼ ਅੱਤਵਾਦ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਗੈਰ-ਕਾਨੂੰਨੀ ਇਮੀਗ੍ਰੇਸ਼ਨ, ਸਾਇਬਰ ਹਮਲਾ ਸਣੇ ਸੁਰੱਖਿਆ ਦੇ ਸਾਂਝੇ ਖਤਰੇ ਅਤੇ ਐਟਮੀ ਅਤੇ ਬਾਇਲੋਜੀਕਲ ਹਥਿਆਰਾਂ ਦੇ ਪਸਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਯੂ ਐੱਨ ਸਕਿਓਰਟੀ ਕੌਂਸਲ ਦੀ ਮਾਸਿਕ ਆਧਾਰ ਉੱਤੇ ਵਾਰੀ-ਵਾਰੀ ਮਿਲਦੀ ਅਗਵਾਈ ਇਸ ਦਸੰਬਰ ਦੇ ਲਈ ਅਮਰੀਕਾ ਦੇ ਪ੍ਰਤੀਨਿਧ ਦੇ ਕੋਲ ਹੈ। ਟਰੰਪ ਨੇ ਵ੍ਹਾਈਟ ਹਾਊਸ ਵਿੱਚ ਇਨ੍ਹਾਂ ਪ੍ਰਤੀਨਿਧਾਂ ਨੂੰ ਕਿਹਾ ਕਿ ਅਸੀਂ ਇਨ੍ਹਾਂ ਸੱਮਸਿਆਵਾਂ ਨਾਲ ਨਜਿੱਠਣ ਲਈ ਸਖਤ ਮਿਹਨਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਸਕਿਓਰਟੀ ਕੌਂਸਲ ਨੂੰ ਇਨ੍ਹਾਂ ਸਮੱਸਿਆਵਾਂ ਤੇ ਦੁਨੀਆ ਸਾਹਮਣੇ ਮੌਜੂਦ ਹੋਰ ਖਤਰਿਆਂ ਨਾਲ ਨਜਿੱਠਣ ਦੇ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਚੁਣੌਤੀਆਂ ਵਿੱਚ ਈਰਾਨ ਸਰਕਾਰ ਦਾ ਵਿਹਾਰ ਵੀ ਸ਼ਾਮਲ ਹੈ, ਜਿਸ ਨੇ ਕੁਝ ਸਮੇਂ ਵਿੱਚ ਸੈਂਕੜੇ ਲੋਕਾਂ ਦੀ ਹੱਤਿਆ ਕਰ ਦਿੱਤੀ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਵਿਧਾਇਕ ਉਤੇ ਹਮਲੇ ਬਾਰੇ ਅਕਾਲੀ ਕੌਂਸਲਰ ਦੇ ਪਤੀ ਸਮੇਤ ਪੰਜ ਗ੍ਰਿਫਤਾਰ

ਮੋਗਾ, 8 ਦਸੰਬਰ (ਪੋਸਟ ਬਿਊਰੋ)- ਥਾਣਾ ਸਿਟੀ ਦੱਖਣੀ ਵਿੱਚ ਧਰਮਕੋਟ ਤੋਂ ਕਾਂਗਰਸ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ 'ਤੇ ਹਮਲਾ ਕਰਨ ਤੇ ਉਨ੍ਹਾਂ ਦੀ ਗੱਡੀ ਦੀ ਭੰਨ-ਤੋੜ ਕਰਨ ਦੇ ਦੋਸ਼ ਹੇਠ ਪੁਲਸ ਨੇ ਕਸਬਾ ਕੋਟ ਈਸੇ ਖਾਂ ਨਗਰ ਪੰਚਾਇਤ ਦੀ ਅਕਾਲੀ ਮਹਿਲਾ ਕੌਂਸਲਰ ਦੇ ਪਤੀ ਸਮੇਤ ਪੰਜ ਮੁਲਜ਼ਮਾਂ ਨੂੰ ਫੜਿਆ ਹੈ। ਇਨ੍ਹਾਂ ਨੂੰ ਸਥਾਨਕ ਜੱਜ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਗ੍ਰਿਫਤਾਰ ਮੁਲਜ਼ਮਾਂ ਵਿੱਚ ਸੁਰਜੀਤ ਸਿੰਘ, ਬੌਬੀ, ਗੁਰਦਿੱਤ ਸਿੰਘ, ਤਰਸੇਮ ਸਿੰਘ ਤੇ ਜਸਵੀਰ ਸਿੰਘ ਸ਼ਾਮਲ ਹਨ।

ਇਸ ਕੇਸ ਵਿੱਚ ਪੁਲਸ ਨੇ ਇੱਕ ਨਿਹੰਗ ਸਣੇ 25 ਹੋਰ ਹਮਲਾਵਰਾਂ ਦੀ ਸ਼ਨਾਖਤ ਕੀਤੀ ਹੈ। ਨਿਹੰਗ ਉਤੇ ਬਰਛੇ ਨਾਲ ਹਮਲਾ ਕਰਨ ਤੇ ਬਾਕੀ ਹਮਲਾਵਰਾਂ ਉਤੇ ਇੱਟਾਂ ਨਾਲ ਪਥਰਾਅ ਕਰਨ ਦਾ ਦੋਸ਼ ਹਨ। ਗ੍ਰਿਫਤਾਰ ਸੁਰਜੀਤ ਸਿੰਘ, ਜੋ ਅਕਾਲੀ ਮਹਿਲਾ ਕੌਂਸਲਰ ਦਾ ਪਤੀ ਹੈ, ਨੇ ਕਿਹਾ ਕਿ ਪੁਲਸ ਨੇ ਉਸ ਨੂੰ ਝੂਠੇ ਕੇਸ ਵਿੱਚ ਸਿਆਸੀ ਦਬਾਅ ਹੇਠ ਰੰਜਿਸ਼ ਕਾਰਨ ਗ੍ਰਿਫਤਾਰ ਕੀਤਾ ਹੈ। ਉਸ ਦਾ ਇਸ ਘਟਨਾ ਨਾਲ ਕੋਈ ਵਾਸਤਾ ਨਹੀਂ। ਪੁਲਸ ਨੇ ਦਾਅਵਾ ਕੀਤਾ ਕਿ ਕਾਂਗਰਸੀ ਵਿਧਾਇਕ ਸੁਖਜੀਤ ਸਿੰਘ ਕਾਕਾ ਦੇ ਡਰਾਈਵਰ ਸਵਰਨ ਸਿੰਘ ਵਾਸੀ ਬਾਘਾਪੁਰਾਣਾ ਦੇ ਬਿਆਨ ਉਤੇ ਦਰਜ ਕੇਸ ਵਿੱਚ ਉਸ ਨੇ ਇਨ੍ਹਾਂ ਮੁਲਜ਼ਮਾਂ ਦੀ ਸ਼ਨਾਖਤ ਕੀਤੀ ਹੈ।

## ਡੇਰਾ ਸੱਚਾ ਸੌਦਾ ਦੇ ਮੁਖੀ ਦੀ ਮੁਆਫੀ ਦੂਸਰੇ ਚਲਾਣ ਦਾ ਹਿੱਸਾ

ਫਰੀਦਕੋਟ, 8 ਦਸੰਬਰ (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਨਾਲ ਸੰਬੰਧਿਤ ਕੋਟਕਪੂਰਾ ਗੋਲੀ ਕਾਂਡ ਵਿੱਚ 15 ਨਵੰਬਰ ਨੂੰ ਐਸ ਆਈ ਟੀ ਨੇ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਹੈ। ਇਸ ਵਿੱਚ ਕਈ ਅਹਿਮ ਦਸਤਾਵੇਜ਼ ਦਿੱਤੇ ਗਏ ਹਨ। ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਬਾਰੇ ਬਠਿੰਡਾ ਵਿੱਚ ਕੇਸ ਦਰਜ ਹੋਣ ਤੋਂ ਲੈ ਕੇ ਉਸ ਨੂੰ ਰੱਦ ਕਰਨ ਤੱਕ ਦੀ ਰਿਪੋਰਟ ਸ਼ਾਮਲ ਕੀਤੀ ਗਈ ਹੈ। ਨਾਲ ਚਲਾਨ ਵਿੱਚ ਗਿਆਨੀ ਇਕਬਾਲ ਸਿੰਘ ਦੇ ਉਸ ਪੱਤਰ ਨੂੰ ਵੀ ਮੂਲ ਰੂਪ ਨਾਲ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਡੇਰਾ ਮੁਖੀ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦੇਣ ਦੇ ਸਮੇਂ ਪੇਸ਼ ਆਏ ਘਟਨਾਕਰਮ ਦਾ ਜ਼ਿਕਰ ਕੀਤਾ ਗਿਆ ਸੀ।

ਇਸ ਕੇਸ ਵਿੱਚ ਐਸ ਆਈ ਟੀ ਨੇ ਛੇ ਜੂਨ ਨੂੰ ਪਹਿਲਾ ਚਲਾਨ ਪੇਸ਼ ਕੀਤਾ ਸੀ। ਬਚਾਅ ਪੱਖ ਨੇ ਐਸ ਆਈ ਟੀ ਦੇ ਇਕ ਮੈਂਬਰ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਦਸਖਤ ਨਾਲ ਚਲਾਨ ਪੇਸ਼ ਕਰਨ 'ਤੇ ਇਤਰਾਜ ਕੀਤਾ ਸੀ, ਪਰ ਅਦਾਲਤ ਨੇ ਉਸ ਦੀ ਇਹ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਦੇ ਬਾਅਦ ਸਪਲੀਮੈਂਟਰਟੀ ਚਲਾਨ ਦਿੱਤਾ ਗਿਆ। 15 ਨਵੰਬਰ ਦੇ ਇਸ ਚਲਾਨ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਇਸ ਵਿੱਚ ਕੇਸ ਵਿੱਚ ਨਾਮਜਦ ਸਾਰੇ ਛੇ ਦੋਸ਼ੀਆਂ ਦੇ ਖਿਲਾਫ ਸੁਬੂਤ ਤੇ ਦਸਤਾਵੇਜ਼ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਕੋਟਕਪੂਰਾ ਗੋਲੀਕਾਂਡ ਦੀ ਘਟਨਾ ਵਿੱਚ ਜ਼ਖਮੀ ਹੋਏ ਛੇ ਹੋਰ ਵਿਅਕਤੀਆਂ ਹਰਵਿੰਦਰ ਸਿੰਘ, ਬੂਟਾ ਸਿੰਘ, ਰਣਜੀਤ ਸਿੰਘ, ਕਰਮ ਸਿੰਘ, ਗਗਨਪ੍ਰੀਤ ਸਿੰਘ ਅਤੇ ਬਲਕਾਰ ਸਿੰਘ ਦੀ ਮੈਡੀਕਲ ਲੀਗਲ ਰਿਪੋਰਟ ਲਗਾਈ ਗਈ ਹੈ ਅਤੇ ਉਸਦਾ ਇਲਾਜ ਸਿਵਲ ਹਸਪਤਾਲ ਕੋਟਕਪੁਰਾ, ਮੇਡਿਕਲ ਕਾਲਜ ਹਸਪਤਾਲ ਫਰੀਦਕੋਟ ਸਮੇਤ ਹੋਰ ਹਸਪਤਾਲਾਂ ਵਿੱਚ ਹੋਣ ਦੀ ਜਾਣਕਾਰੀ ਹੈ।

ਕੇਸ ਦੇ ਮੁੱਖ ਗਵਾਹ ਅਜੀਤ ਸਿੰਘ ਦੀ ਮੇਡਿਕਲ ਰਿਪੋਰਟ ਨੂੰ ਪਹਿਲਾਂ ਮੁੱਖ ਚਲਾਨ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਇਸ ਦੇ ਇਲਾਵਾ ਦੂਸਰੇ ਚਲਾਨ ਵਿੱਚ ਸਾਲ 1994-95 ਨਾਲ ਸੰਬੰਧਿਤ ਲੁਧਿਆਣਾ ਤੋਂ ਗਾਇਬ ਦੋ ਕਾਰੋਬਾਰੀਆਂ ਤੇ ਉਨ੍ਹਾਂ ਦੇ ਡਰਾਈਵਰ ਦੇ ਕੇਸ ਵਿੱਚ ਸੀ ਬੀ ਆਈ ਕੋਰਟ ਦੇ ਤਿੰਨ ਫੈਸਲਿਆਂ ਦੀਆਂ ਕਾਪੀਆਂ ਸ਼ਾਮਲ ਹਨ। ਇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ, ਲੁਧਿਆਣਾ ਦੇ ਏ ਡੀ ਸੀ ਪੀ ਰਹੇ ਪਰਮਜੀਤ ਸਿੰਘ ਪਨੂੰ ਨੂੰ ਐਸ ਆਈ ਟੀ ਨੇ ਨਾਮਜਦ ਕੀਤਾ ਹੋਇਆ ਹੈ। ਨਵੇਂ ਚਲਾਨ ਵਿੱਚ ਬਰਗਾੜੀ ਬੇਅਦਬੀ ਦੀ ਘਟਨਾ ਦੇ ਸਮੇਂ ਰਾਜ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੇ ਕੇਸਾਂ ਦੀਆਂ ਕਾਪੀਆਂ ਅਤੇ ਸੰਬੰਧਿਤ ਜਿਲ੍ਹਾ ਪੁਲਸ ਮੁਖੀਆਂ ਪੀ ਦੀ ਰਿਪੋਰਟ, ਗੋਲੀਕਾਂਡ ਦੀ ਘਟਨਾ ਸਮੇਂ ਕੋਟਕਪੂਰਾ ਦੇ ਚੌਕ ਵਿਚਲੇ ਪੁਲਸ ਅਧਿਕਾਰੀਆਂ ਦੇ ਮੋਬਾਈਲ ਫੋਨ ਦੀ ਕਾਲ ਡਿਟੇਲ, ਸੀ ਸੀ ਟੀ ਵੀ ਕੈਮਰਾਂ ਦੀ ਫੁਟੇਜ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਐਸ ਆਈ ਟੀ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਵੀ ਚਾਰਜਸ਼ੀਟ ਵਿੱਚ ਸ਼ਾਮਲ ਕੀਤਾ ਹੈ। ਐਸ ਆਈ ਟੀ ਦਾ ਦਾਅਵਾ ਹੈ ਕਿ ਕੋਟਕਪੂਰਾ ਗੋਲੀਕਾਂਡ ਨਾਲ ਸੰਬੰਧਿਤ ਇਹ ਕੇਸ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਦਰਜ ਹੋਇਆ ਹੈ, ਅਜਿਹੇ ਵਿੱਚ ਰਿਪੋਰਟ ਵਿੱਚ ਸ਼ਾਮਲ ਤੱਤ ਕੇਸ ਦੇ ਲਈ ਬਹੁਤ ਮਹੱਤਵ ਪੂਰਨ ਹਨ। ਚਲਾਨ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਕੋਟਕਪੂਰਾ ਗੋਲੀਕਾਂਡ ਦੇ ਘਟਨਾਕਰਮ ਵਿੱਚ ਪੁਲਸ ਨੇ ਇੱਕੇ-47 ਰਾਇਫਲ ਦਾ ਪ੍ਰਯੋਗ ਕੀਤਾ ਗਿਆ ਸੀ।

## ਬੇਟੀ ਦੀ ਉਠੀ ਡੋਲੀ, ਪਿਤਾ ਦੀ ਅਰਥੀ

ਕਪੂਰਥਲਾ, 8 ਦਸੰਬਰ (ਪੋਸਟ ਬਿਊਰੋ)- ਰਮਾਡਾ ਪੈਲੇਸ ਤੋਂ ਵਿਆਹ ਤੋਂ ਬਾਅਦ ਸ਼ਾਮ ਨੂੰ ਬੇਟੀ ਦੀ ਡੋਲੀ ਵਿਦਾ ਕਰਨ ਦੇ ਬਾਅਦ ਕਾਰ ਉੱਤੇ ਘਰ ਜਾ ਰਹੇ ਪਿਤਾ ਨੂੰ ਪੈਲੇਸ ਦੇ ਬਾਹਰ ਬੱਸ ਨੇ ਟਕੱਰ ਮਾਰ ਦਿੱਤੀ। ਹਾਦਸੇ ਵਿੱਚ ਪਿਤਾ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤਿੰਨ ਲੋਕ ਜ਼ਖਮੀ ਹੋ ਗਏ।

ਜ਼ਖਮੀ ਜੈਦੀਪ ਨੇ ਦੱਸਿਆ ਕਿ ਅਮਰਜੀਤ ਦੀ ਲੜਕੀ ਦਾ ਕੱਲ੍ਹ ਨੂੰ ਜਲੰਧਰ ਰੋਡ ਦੇ ਰਮਾਡਾ ਪੈਲੇਸ ਵਿੱਚ ਵਿਆਹ ਸੀ। ਸ਼ਾਮ ਨੂੰ ਕਰੀਬ ਛੇ ਵਜੇ ਬੇਟੀ ਦੀ ਡੋਲੀ ਵਿਦਾ ਕਰਨ ਦੇ ਬਾਅਦ ਅਮਰਜੀਤ ਆਪਣੇ ਪਿੰਡ ਮੁਰਾਰ ਲਈ ਕਾਰ ਵਿੱਚ ਰਵਾਨਾ ਹੋਇਆ। ਰਿਸ਼ਤੇਦਾਰਾਂ ਦੇ ਨਾਲ ਜਦੋਂ ਪੈਲੇਸ ਤੋਂ ਨਿਕਲਿਆ ਤਾਂ ਪਿੱਛੋਂ ਆ ਰਹੀ ਕਰਤਾਰ ਬੱਸ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਦੇ ਬਾਅਦ ਕਾਰ ਬੇਕਾਬੂ ਹੋ ਕੇ ਦਰਖਤ ਦੇ ਨਾਲ ਜਾ ਟਕੱਰਾਈ ਅਤੇ ਕਾਰ ਵਿੱਚ ਸਵਾਰ ਅਮਰਜੀਤ, ਪੰਜ ਸਾਲ ਦੀ ਬੱਚੀ ਕ੍ਰਿਤਿਕਾ, ਡਰਾਈਵਰ ਜਸਵਿੰਦਰ ਸਿੰਘ ਅਤੇ ਪਰਗਨ ਸਿੰਘ ਜ਼ਖਮੀ ਹੋ ਗਏ। ਸਿਵਲ ਹਸਪਤਾਲ ਵਿੱਚ ਡਾਕਟਰ ਬੀ ਐਸ ਬੈਂਸ ਨੇ ਅਮਰਜੀਤ ਨੂੰ ਮ੍ਰਿਤਕ ਐਲਾਨ ਕਰ ਦਿੱਤਾ।


ੴ ੴ

ਗੁਰਦੁਆਰਾ ਜੋਤਿ ਪ੍ਰਕਾਸ਼ ਸਾਹਿਬ

ਆਪ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਦਮਦਮੀ ਟਕਸਾਲ ਦੇ 14ਵੇਂ ਮੁਖੀ ਸ਼੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਤਿਨਾ ਦੇ ਵੱਡੇ ਭਰਾਤਾ ਭਾਈ ਵੀਰ ਸਿੰਘ ਜੋ ਕਿ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਹਨ ਓਹਨਾ ਦੇ ਨਮਿਤ ਅਰੰਭ ਕੀਤੇ ਗਏ ਸ਼੍ਰੀ ਸਹਿਜ ਪਾਠ ਦੇ ਭੋਗ ਦਿਨ ਐਂਤਵਾਰ, 8 ਦਸੰਬਰ ਦੁਪਿਹਰ 1:30 ਵਜੇ ਤੋਂ 3:30 ਵਜੇ ਦਰਮਿਆਨ ਪੈਣਗੇ ਜਿਸ ਵਿਚ ਰਾਗੀ ਢਾਡੀ ਅਤੇ ਕਥਾਵਾਚਕ ਕੀਰਤਨ ਅਤੇ ਗੁਰਮਤ ਵਿਚਾਰਾ ਦੁਆਰਾ ਨਿਹਾਲ ਕਰਨਗੇ।

ਵਲੋਂ ਗੁਰਦੁਆਰਾ ਜੋਤ ਪ੍ਰਕਾਸ ਸਾਹਿਬ ਅਤੇ ਭਾਈ ਇੰਦਰਜੀਤ ਸਿੰਘ , ਭਾਈ ਈਸਰ ਸਿੰਘ ਜੀ ਅਤੇ ਸਮੂਹ ਪ੍ਰੀਵਾਰ

135 SUN PAC BLVD.
BRAMPTON, ON L6S 5Z6
ਗੁਰੂਘਰ : 905-790-1415



JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551



ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



Call for Free Estimates
A-1 RENOVATION GTA INC
$1,000
Services:
· Complete Basement
· Tiles
· Bathrooms
· Plumbing
· Laminate
· Hardwood Floor
· Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪Ministry of Community Safety and Correctional Services approved. ▪We speak English, Hindi, Punjabi &Urdu.
▪Training by Professional Instructors. First Aid & CPR certification included. ▪Limited time offer:$199/-
We Also Provide All Level's of First Aid & CPR Training
● Emergency First Aid & CPR Level's A.B.C
● Standard First Aid & CPR Level's A.B.C.HCP
● Stay at Home Course
● Baby Sitting Course
● Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੇਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਲਵੰਤ ਗਾਰਗੀ ਵੱਲੋਂ ਸਾਲੀ ਦੇ ਸਾਕ ਦੀ ਪੇਸ਼ਕਸ਼

-ਪ੍ਰਿੰ. ਸਰਵਣ ਸਿੰਘ

ਪਤਾ ਨਹੀਂ ਸੱਚੇ ਦਿਲੋਂ, ਪਤਾ ਨਹੀਂ ਮਖੌਲ ਵਜੋਂ, 1967 ਵਿਚ ਬਲਵੰਤ ਗਾਰਗੀ ਨੇ ਮੈਨੂੰ ਆਪਣੀ ਸਾਲੀ ਦਾ ਸਾਕ ਕਰਾਉਣ ਦੀ ਪੇਸ਼ਕਸ਼ ਕੀਤੀ ਸੀ। ਪਰ ਮੈਂ ਮੰਨਿਆ ਨਹੀਂ ਸਾਂ। ਕਰਾ ਲੈਂਦਾ ਤਾਂ ਮੇਰੇ ਨਾਲ ਵੀ ਉਹੀ ਹੋਣੀ ਸੀ ਜੋ ਗਾਰਗੀ ਨਾਲ ਹੋਈ। ਜੀਨੀ ਗਾਰਗੀ ਵਾਂਗ ਐਲਿਜ਼ਾਬੈਥ ਸੰਧੂ ਬਣੀ ਉਹਦੀ ਭੈਣ ਵੀ ਮੁੜ ਅਮਰੀਕਾ ਭੱਜ ਜਾਂਦੀ। ਗਾਰਗੀ ਨੇ ਤਾਂ 'ਨੰਗੀ ਧੁੱਪ' ਵਿਚ ਢਿੱਡ ਨੰਗਾ ਕਰ ਦਿੱਤਾ ਜੋ ਸ਼ਰਮ ਦੇ ਮਾਰੇ ਮੈਥੋਂ ਨਹੀਂ ਸੀ ਹੋਣਾ।

ਐਤਕੀਂ ਇਕ ਰਾਤ ਮੈਂ ਪੱਤਰਕਾਰ ਨਵਦੀਪ ਗਿੱਲ ਨਾਲ ਉਹਦੇ ਪਿੰਡ ਸ਼ਹਿਣੇ ਰਿਹਾ ਤਾਂ ਸਵੇਰੇ ਉਸ ਨੇ ਉਹ ਨਹਿਰੀ ਕੋਠੀ ਵਿਖਾਈ ਜਿਥੇ ਗਾਰਗੀ ਦਾ ਜਨਮ ਹੋਇਆ ਸੀ। ਉੱਦਣ ਨਿੰਦਰ ਘੁਗਿਆਣਵੀ ਵੀ ਨਾਲ ਸੀ। ਅਸੀਂ ਕਾਫੀ ਦੇਰ ਉਸ ਕੋਠੀ ਦੇ ਅੰਦਰ ਬਾਹਰ ਫਿਰਦੇ ਆਲਾ ਦੁਆਲਾ ਨਿਹਾਰਦੇ ਰਹੇ। ਕੋਠੀ ਦਾ ਰਕਬਾ ਪੰਜ ਛੇ ਏਕੜ ਦੇ ਕਰੀਬ ਹੈ ਜਿਸ ਨੂੰ ਗਾਰਗੀ ਦੀ ਯਾਦਗਾਰ ਵਜੋਂ ਪਿਕਨਿਕ ਸਪਾਟ ਬਣਾਇਆ ਜਾ ਸਕਦੈ। ਨਾਲ ਨਹਿਰ ਵਗਦੀ ਹੈ, ਨੇੜੇ ਹੀ ਵੱਡੀ ਸੜਕ, ਝੂੰਮਦੇ ਹੋਏ ਰੁੱਖ, ਪੈਲੀਆਂ ਦੇ ਹੁਲ੍ਹਾਰੇ, ਕਮਾਦਾਂ ਦੀ ਮਿਠਾਸ, ਦਿਸਹੱਦਿਆਂ ਤਕ ਵਿਛੀ ਹਰਿਆਵਲ, ਸਰਵ੍ਹਾਂ ਦੇ ਪੀਲੇ ਫੁੱਲ, ਘੁਲਾੜੀਆਂ ਦੀ ਖੁਸ਼ਬੋ, ਕੋਲ ਵੱਸਦਾ ਪਿੰਡ ਸ਼ਹਿਣਾ, ਸ਼ਹਿਰੀ ਰੌਲੇ ਗੌਲ਼ੇ ਤੋਂ ਹਟਵਾਂ ਬੜਾ ਸ਼ਾਤਮਈ ਸਥਾਨ ਹੈ। ਜਿਵੇਂ ਕਸੌਲੀ ਖੁਸ਼ਵੰਤ ਸਿੰਘ ਦੀ ਯਾਦ ਵਿਚ ਸਾਹਿਤਕ ਮੇਲਾ ਮਨਾਇਆ ਜਾਂਦੈ ਤਿਵੇਂ ਇਸ ਉਜਾੜ ਪਈ ਨਹਿਰੀ ਕੋਠੀ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਕੇ, ਮਨੋਰੰਜਨ ਦੇ ਸਾਧਨ ਸਿਰਜ ਕੇ, ਸਾਹਿਤਕ, ਨਾਟਕੀ ਤੇ ਹੋਰ ਜਸ਼ਨਾਂ ਦੇ ਮੇਲੇ ਮਨਾਏ ਜਾ ਸਕਦੇ ਹਨ।

ਬਲਵੰਤ ਦਾ ਪਿਤਾ ਸ਼ਿਵ ਚੰਦ ਦੂਜੀ ਆਲਮੀ ਜੰਗ ਦੇ ਦਿਨੀਂ ਨਹਿਰੀ ਮਹਿਕਮੇ ਦਾ ਤਾਰ ਬਾਬੂ ਸੀ। ਉਹ ਆਪਣੇ ਪਰਿਵਾਰ ਨੂੰ ਬਠਿੰਡੇ ਤੋਂ ਸ਼ਹਿਣੇ ਲੈ ਆਇਆ ਸੀ। ਸ਼ਹਿਣਾ ਸਤਿਆਰਥੀ ਦੇ ਪਿੰਡ ਭਦੌੜ ਤੋਂ ਛੇ ਕੁ ਕਿਲੋਮੀਟਰ ਹੈ ਜੋ ਬਰਨਾਲਾ ਕੋਟਕਪੂਰਾ ਸੜਕ ਉਤੇ ਪੈਂਦੈ। ਗਾਰਗੀ ਦੇ ਜਨਮ ਵਾਲਾ ਕੁਆਟਰ ਅਜੇ ਵੀ ਡਿੱਗੀ ਢੱਠੀ ਹਾਲਤ ਵਿਚ ਮੌਜੂਦ ਹੈ ਜੀਹਦੇ ਆਲੇ ਦੁਆਲੇ ਝਾੜ ਬੂਟੇ ਹਨ। ਉਹਦੀਆਂ ਕੰਧਾਂ ਕਾਫੀ ਚੌੜੀਆਂ ਹਨ, ਇਕ ਛੋਟੀ ਜਿਹੀ ਬਾਰੀ ਹੈ, ਨਿੱਕਾ ਜਿਹਾ ਰੋਸ਼ਨਦਾਨ ਤੇ ਵੱਡਾ ਸਾਰਾ ਡਾਟਦਾਰ ਬੂਹਾ ਹੈ। ਕੰਧਾਂ ਦੇ ਖਲੇਪੜ ਉਖੜ ਜਾਣ ਕਾਰਨ ਕਿਤੋਂ ਕਿਤੋਂ ਸਾਰਪਾਰ ਵੀ ਦਿਸਦਾ ਹੈ। ਗਾਰਗੀ ਦੀ ਯਾਦ ਵਿਚ ਡਾਕ ਟਿਕਟਾਂ ਤਾਂ ਨਿਕਲ ਚੁੱਕੀਆਂ ਹਨ ਪਰ ਅਜੇ ਤਕ ਕਿਸੇ ਨੇ ਉਹਦੇ ਜਨਮ ਸਥਾਨ ਦੀ ਸਾਰ ਨਹੀਂ ਲਈ।

ਗਾਰਗੀ ਨੇ ਲਿਖਿਆ ਹੈ: ਮੇਰਾ ਬਚਪਨ ਨਹਿਰ ਦੇ ਕੰਢੇ ਇਕ ਰੇਤਲੇ ਪਿੰਡ ਵਿਚ ਗੁਜ਼ਰਿਆ। ਇਥੇ ਮੇਰੇ ਪਿਤਾ ਨਹਿਰ ਦੇ ਮਹਿਕਮੇ ਵਿਚ ਕਲੱਰਕ ਸਨ। ਸਾਡਾ ਨਿੱਕਾ ਜਿਹਾ ਘਰ ਪੱਕੀ ਇੱਟ ਦਾ ਕੁਆਟਰ ਸੀ। ਸਿਖ਼ਰ ਦੁਪਹਿਰੇ ਹਨ੍ਹੇਰੀ ਆਉਂਦੀ ਤਾਂ ਕੱਕੀ ਰੇਤ ਅਸਮਾਨ ਨੂੰ ਚੜ੍ਹ ਜਾਂਦੀ। ਮੈਂ ਜੁੱਤੇ ਨਹੀਂ ਸਾਂ ਪਾਉਂਦਾ ਕਿਉਂਕਿ ਮੈਨੂੰ ਇਹਨਾਂ ਦੀ ਜਕੜ ਤੇ ਕੈਦ ਪਸੰਦ ਨਹੀਂ ਸੀ। ਮੇਰੇ ਹਾਣੀ ਜੱਟਾਂ ਤੇ ਜੁਲਾਹਿਆਂ ਦੇ ਮੁੰਡੇ ਵੀ ਨੰਗੇ ਪੈਰੀਂ ਘੁੰਮਦੇ। ਤਪਦੀ ਦੁਪਹਿਰ ਵਿਚ ਜਦੋਂ ਅਸੀਂ ਸਕੂਲ ਤੋਂ ਮੁੜਦੇ ਤਾਂ ਭੁੱਬਲ ਵਰਗੇ ਰੇਤੇ ਉਤੇ ਤੇਜ਼ ਪੱਬਾਂ ਭਾਰ ਚਲਦੇ।

ਮੇਰੀ ਮਾਂ ਅਨਪੜ੍ਹ ਸੀ ਤੇ ਮਸਾਂ ਵੀਹ ਤੀਕ ਗਿਣਨ ਜਾਣਦੀ ਸੀ। ਘਰ ਵਿਚ ਕੋਈ ਕਿਤਾਬ ਨਹੀਂ ਸੀ। ਮੈਂ ਪਹਿਲੀ ਵਾਰ ਜਦੋਂ ਮੂਰਤਾਂ ਵਾਲੀ ਕਿਤਾਬ ਦੇਖੀ ਤਾਂ ਮੈਨੂੰ ਇਸ ਵਿਚ ਬੈਠੀ ਬਿੱਲੀ ਤੇ ਕੁੱਕੜ ਅਸਲੀ ਜਾਪੇ। ਮੈਂ ਕਿਤਾਬਾਂ ਤੋਂ ਘੱਟ ਹੀ ਪੜ੍ਹਿਆ। ਮੇਰੀ ਬਹੁਤੀ ਤਾਲੀਮ ਮੇਰੇ ਆਲੇ ਦੁਆਲੇ ਦੇ ਲੋਕਾਂ ਤੋਂ ਸੀ। ਰਾਤ ਨੂੰ ਬਾਬਾ ਰੌਣਕ ਸਿੰਘ ਡਾਕੂਆਂ ਤੇ ਰਾਜ ਕੁਮਾਰੀਆਂ ਦੀਆਂ ਕਹਾਣੀਆਂ ਸੁਣਾਉਂਦਾ। ਚਰਖੇ ਕੱਤਦੀਆਂ ਤੀਵੀਆਂ ਗੀਤ ਗਾਉਂਦੀਆਂ। ਵਿਆਹ ਸ਼ਾਦੀ ਉਤੇ ਕਾਲੀ ਮਰਾਸਣ ਢੋਲਕੀ ਵਜਾਉਂਦੀ, ਨੱਚਦੀ ਹੋਈ ਗਾਉਂਦੀ ਤੇ ਕਿਸੇ ਦੀ ਮੌਤ ਉਤੇ ਕੀਰਨੇ ਪਾ ਕੇ ਸਿਆਪਾ ਕਰਾਉਂਦੀ। ਸਭ ਤੋਂ ਵੱਧ ਸਿੱਖਿਆ ਮੈਂ ਆਪਣੀ ਮਾਂ ਤੋਂ ਲਈ ਜਿਸ ਦੀਆਂ ਉੱਚੀਆਂ ਗਾਲ੍ਹਾਂ ਵਿਚ ਬਲਦੀਆਂ ਲਾਟਾਂ ਸਨ।

ਮੇਰੀ ਮਾਂ ਮੈਨੂੰ ਤੇ ਮੇਰੇ ਦੋ ਭਰਾਵਾਂ ਨੂੰ ਜਟਾਂ ਵਾਲੇ ਸਾਧ ਕੋਲ ਲੈ ਗਈ ਜਿਸ ਦੇ ਬੁੱਲ੍ਹ ਕਾਲੇ ਤੇ ਮੱਥੇ ਉਤੇ ਤਿੰਨ ਸੰਧੂਰੀ ਲੀਕਾਂ ਸਨ। ਉਸ ਨੇ ਸਾਧ ਤੋਂ ਪੁੱਛਿਆ ਕਿ ਉਸ ਦੇ ਤਿੰਨਾਂ ਪੁੱਤਾਂ ਵਿਚੋਂ ਕਿਸ ਦੇ ਭਾਗਾਂ ਵਿਚ ਵਿਦਿਆ ਲਿਖੀ ਸੀ। ਸਾਧ ਨੇ ਸਾਡੇ ਤਿੰਨਾਂ ਵੱਲ ਨੀਝ ਗੱਡ ਕੇ ਦੇਖਿਆ, ਅੱਖਾਂ ਮੀਚੀਆਂ, ਮੰਤਰ ਪੜ੍ਹਿਆ, ਹਵਾ ਵਿਚ ਹੱਥ ਘੁਮਾਇਆ ਤੇ ਆਪਣੀ ਉਂਗਲ ਮੇਰੇ ਵੱਲ ਕੀਤੀ। ਬਸ ਇਸੇ ਨਾਲ ਮੇਰੇ ਭਵਿੱਖ ਦਾ ਫੈਸਲਾ ਹੋ ਗਿਆ। ਮੇਰੀ ਮਾਂ ਮੈਨੂੰ ਮਦਰੱਸੇ ਲੈ ਗਈ ਤੇ ਉਥੇ ਮਾਸਟਰਾਂ ਦੀਆਂ ਮਿੰਨਤਾਂ ਕਰਨ ਲੱਗੀ ਕਿ ਉਹ ਕੁਝ ਅੱਖਰ ਮੇਰੇ ਢਿੱਡ ਵਿਚ ਪਾ ਦੇਣ। ਮੈਂ ਸੱਤ ਸਾਲ ਦਾ ਸਾਂ ਜਦੋਂ ਅਸੀਂ ਬਠਿੰਡੇ ਆ ਗਏ। ਸਾਡੇ ਜੱਦੀ ਘਰ।

ਬਲਵੰਤ ਦਾ ਬਚਪਨ ਨਹਿਰ ਦੇ ਪਾਣੀ ਅਤੇ ਆਲੇ ਦੁਆਲੇ ਦੇ ਰੇਤਲੇ ਖੇਤਾਂ ਤੇ ਪੈਲੀਆਂ ਵਿਚ ਬੀਤਿਆ ਹੋਣ ਕਰਕੇ ਉਹਦੀਆਂ ਲਿਖਤਾਂ ਵਿਚ ਰੇਤੇ, ਹਨ੍ਹੇਰੀਆਂ, ਚਰ੍ਹੀਆਂ ਤੇ ਪਾਣੀਆਂ ਦਾ ਥਾਂ ਪਰ ਥਾਂ ਵਰਣਨ ਹੈ। ਗਾਰਗੀ ਨੇ ਆਪਣੀ ਵਸੀਅਤ ਵਿਚ ਲਿਖਿਆ ਸੀ ਕਿ ਮੇਰੇ ਫੁੱਲ ਉਸ ਨਹਿਰ ਵਿਚ ਪਾਏ ਜਾਣ ਜਿਥੇ ਮੈਂ ਬਚਪਨ ਵਿਚ ਖੇਡਦਾ ਰਿਹਾਂ। 22 ਅਪ੍ਰੈਲ 2003 ਨੂੰ ਮੁੰਬਈ ਵਿਚ ਉਹਦੀ ਮੌਤ ਹੋਈ ਤਾਂ ਸਸਕਾਰ ਦਿੱਲੀ ਵਿਚ ਕੀਤਾ ਗਿਆ ਤੇ ਫੁੱਲ ਬਠਿੰਡੇ ਨਹਿਰ ਵਿਚ ਪਾਏ ਗਏ।

ਗਾਰਗੀ ਬਚਪਨ ਦੇ ਕੁਝ ਸਾਲ ਸ਼ਹਿਣੇ ਰਹਿਣ ਪਿੱਛੋਂ ਬਠਿੰਡੇ ਆਪਣੇ ਜੱਦੀ ਘਰ ਚਲਾ ਗਿਆ ਸੀ ਜਿਥੇ ਦਸਵੀਂ ਪਾਸ ਕਰਨ ਪਿੱਛੋਂ ਉਹ ਲਾਹੌਰ ਦੇ ਗੌਰਮਿੰਟ ਕਾਲਜ ਤੇ ਐਫ. ਸੀ. ਕਾਲਜ ਵਿਚ ਪੜ੍ਹਿਆ। ਉਥੇ ਉਸ ਨੇ ਅੰਗਰੇਜ਼ੀ ਤੇ ਪੋਲੀਟੀਕਲ ਸਾਇੰਸ ਦੀ ਐੱਮ. ਏ. ਕੀਤੀ। ਦੇਸ਼ ਵੰਡ ਪਿੱਛੋਂ ਉਹ ਦਿੱਲੀ ਆ ਗਿਆ ਜਿਥੋਂ ਦੇਸ਼ ਬਦੇਸ਼ ਗਾਹੁੰਦਾ ਫਿਰਿਆ। ਕਦੇ ਏਸ਼ੀਆ, ਕਦੇ ਯੂਰਪ ਤੇ ਕਦੇ ਅਮਰੀਕਾ। ਉਹਨਾਂ ਦਾ ਜੱਦੀ ਘਰ ਬਠਿੰਡੇ ਦੇ ਇਤਿਹਾਸਕ ਕਿਲੇ ਕੋਲ ਸੀ ਜਿਸ ਵਿਚ ਸਦੀਆਂ ਪਹਿਲਾਂ ਸੁਲਤਾਨ ਰਜ਼ੀਆ ਬੰਦੀ ਬਣਾਈ ਗਈ ਸੀ। ਬਾਅਦ ਵਿਚ ਗਾਰਗੀ ਨੇ 'ਸੁਲਤਾਨ ਰਜ਼ੀਆ' ਨਾਂ ਦਾ ਨਾਟਕ ਵੀ ਲਿਖਿਆ। ਕੱਚੀ ਉਮਰ ਦੇ ਗਿਣਵੇਂ ਸਾਲਾਂ ਵਿਚ ਉਸ ਨੇ ਕੰਜੂਸ ਬਾਣੀਏਂ ਵਾਂਗ ਪੰਜਾਬੀ ਸ਼ਬਦਾਂ ਦੀ ਜਿੰਨੀ ਵੱਡੀ ਪੂੰਜੀ ਮਾਲਵੇ ਦੇ ਉਸ ਇਲਾਕੇ 'ਚੋਂ ਜੋੜੀ ਉਹਦੀ ਖੱਟੀ ਉਹਨੇ ਸਾਰੀ ਉਮਰ ਖਾਧੀ।

ਉਹਦੀ ਬੇਬੇ ਪੂੰਨੀ ਕੋਰੀ ਅਣਪੜ੍ਹ ਸੀ, ਪਰ ਉਹਨੂੰ ਏਨੀ ਪੰਜਾਬੀ ਆਉਂਦੀ ਸੀ ਕਿ ਗਾਰਗੀ ਉਹਤੋਂ ਹੀ ਬੋਲੀ ਦੀਆਂ ਬਰੀਕੀਆਂ ਸਿੱਖ ਕੇ ਪੰਜਾਬੀ ਦਾ ਉਸਤਾਦ ਲਿਖਾਰੀ ਬਣਿਆ। ਜੇ ਉਹਦੀ ਬੇਬੇ ਜਿਊਂਦੀ ਹੁੰਦੀ ਤੇ ਦੇਖਦੀ ਕਿ ਉਹਦਾ ਪੁੱਤ ਅਨਪੜ੍ਹ ਮਾਂ ਤੋਂ ਪੰਜਾਬੀ ਸਿੱਖ ਕੇ ਕਿੰਨੀ ਚਤਰਾਈ ਤੇ ਚਲਾਕੀ ਨਾਲ ਚਲਦਾ ਕਿਥੋਂ ਦਾ ਕਿਥੇ ਪਹੁੰਚ ਗਿਆ ਤਾਂ ਉਹ 'ਬਲੰਤ' ਨੂੰ 'ਚਲੰਤ' ਕਹਿਣ ਵਿਚ ਮਾਣ ਮਹਿਸੂਸ ਕਰਦੀ!

*

ਉਹਦਾ ਜਨਮ 4 ਦਸੰਬਰ 1916 ਨੂੰ ਬਠਿੰਡੇ ਦੇ ਬਾਣੀਆ ਪਰਿਵਾਰ ਵਿਚ ਹੋਇਆ ਸੀ। ਉਹਦੀ ਪਤਨੀ ਜੀਨੀ ਉਸ ਤੋਂ 21 ਸਾਲ ਬਾਅਦ ਅਮਰੀਕਾ ਦੇ ਨੌਕਰੀ ਪੇਸ਼ਾ ਪਰਿਵਾਰ ਵਿਚ ਜੰਮੀ ਸੀ। ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਮੇਲ ਲਾਹੌਰ ਵਿਚ ਹੋਇਆ ਸੀ ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ। ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ ਵਿਚ ਛਾਲਾਂ ਮਾਰ ਕੇ ਆਸ਼ਕਾਂ ਮਸ਼ੂਕਾਂ 'ਚ ਨਾਂ ਲਿਖਾ ਗਏ। ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਬਲਵੰਤ ਤੇ ਜੀਨੀ ਇਸ਼ਕ ਵਿਚ ਪੱਟੇ ਤਾਂ ਗਏ ਪਰ ਆਸ਼ਕਾਂ ਮਸ਼ੂਕਾਂ 'ਚ ਨਾਂ ਨਹੀਂ ਲਿਖਾ ਸਕੇ। ਜੀਨੀ ਨਾਰ ਤੇ ਬਲਵੰਤ ਨਾਟਕਕਾਰ ਦਾ ਕਿੱਸਾ ਗਾਰਗੀ ਨੂੰ ਸਵੈ-ਜੀਵਨਕ ਨਾਵਲ 'ਨੰਗੀ ਧੁੱਪ' ਦੇ ਰੂਪ ਵਿਚ ਆਪ ਲਿਖਣਾ ਪਿਆ। ਗਾਰਗੀ ਹਰ ਗੱਲ ਨਾਟਕੀ ਅੰਦਾਜ਼ ਵਿਚ ਕਰਦਾ ਸੀ। ਇਸ਼ਕ ਵੀ ਤੇ ਤੋੜ ਵਿਛੋੜਾ ਵੀ।

ਸਿਆਟਲ ਵਿਚ ਜੀਨੀ ਨਾਲ ਮੇਲ ਹੋਣ ਸਮੇਂ ਗਾਰਗੀ ਪੰਜਾਹ ਸਾਲਾਂ ਦਾ ਸੀ, ਜੀਨੀ ਹੈਨਰੀ ਅਠਾਈ ਸਾਲਾਂ ਦੀ। ਕੁਦਰਤ ਦਾ ਕ੍ਰਿਸ਼ਮਾ ਵੇਖੋ, ਇਕ ਪਾਸੇ ਛਮਕ ਜਿਹੀ ਮੁਟਿਆਰ ਜੀਨੀ, ਦੂਜੇ ਪਾਸੇ ਉਮਰੋਂ ਢਲਿਆ ਗੋਲ ਮੋਲ ਗਾਰਗੀ। ਕੱਦ ਕਾਠ ਤੇ ਸ਼ਕਲ ਸੂਰਤੋਂ ਉਨ੍ਹਾਂ ਦਾ ਕੋਈ ਮੇਲ ਨਹੀਂ ਸੀ। ਗਾਰਗੀ ਦਾ ਕੱਦ ਸਵਾ ਪੰਜ ਕੁ ਫੁੱਟ ਸੀ ਜੀਨੀ ਦਾ ਪੌਣੇ ਛੇ ਫੁੱਟ। ਗਾਰਗੀ ਸਾਂਵਲਾ ਸੀ ਜੀਨੀ ਗੋਰੀ ਨਿਛੋਹ। ਗਾਰਗੀ ਦੇ ਨੈਣ-ਨਕਸ਼ ਮੋਟੇ-ਠੁੱਲ੍ਹੇ ਸਨ, ਜੀਨੀ ਦੇ ਤਿੱਖੇ-ਤਰਾਸ਼ਵੇਂ। ਕਹਿੰਦੇ ਹਨ ਇਸ਼ਕ ਅੰਨ੍ਹਾ ਹੁੰਦਾ। ਅੰਨ੍ਹੇ ਇਸ਼ਕ ਵਿਚ ਉਨ੍ਹਾਂ ਨੇ ਸਿਆਟਲ 'ਚ ਵਿਆਹ ਕਰਵਾ ਲਿਆ। ਕੁਝ ਸਾਲਾਂ ਬਾਅਦ ਵਿਆਹ ਟੁੱਟਿਆ ਤਾਂ ਗਾਰਗੀ ਨੇ ਲਿਖਿਆ, "ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫ਼ਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ। ਮੈਂ ਪਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?"

ਗਾਰਗੀ ਨੇ ਜੀਨੀ ਦਾ ਹੁਸਨ ਇੰਜ ਬਿਆਨ ਕੀਤਾ, "ਉਸ ਦਾ ਹੁਸਨ ਇਸ ਤਰ੍ਹਾਂ ਸੀ ਜਿਵੇਂ ਜਾਲੀਦਾਰ ਪਰਦੇ ਵਿਚੋਂ ਡੁੱਬਦੇ ਸੂਰਜ ਦੀ ਰੌਸ਼ਨੀ ਛਣ ਰਹੀ ਹੋਵੇ। ਲੰਮੀ, ਹੁਸੀਨ ਨਕਸ਼ਾਂ ਵਾਲੀ ਜੀਨੀ ਦੀਆਂ ਨੀਲੀਆਂ ਅੱਖਾਂ ਵਿਚ ਚਮਕ ਸੀ ਤੇ ਉਸ ਦੀਆਂ ਭਵਾਂ ਤੇ ਝਿੰਮਣੀਆਂ ਕੱਕੀਆਂ ਤੇ ਰੇਸ਼ਮੀ ਸਨ। ਉਸ ਦੇ ਸੁਨਹਿਰੇ ਲੰਮੇ ਵਾਲ ਆਬਸ਼ਾਰ ਵਾਂਗ ਡਿੱਗਦੇ ਸਨ। ਉਹ ਰਾਤ ਨੂੰ ਸੌਣ ਤੋਂ ਪਹਿਲਾਂ ਸੌ ਵਾਰ ਵਾਲਾਂ ਨੂੰ ਬੁਰਸ਼ ਨਾਲ ਵਾਹੁੰਦੀ ਜਿਸ ਕਰਕੇ ਵਾਲਾਂ ਵਿਚ ਇਕ ਸੁਨਹਿਰੀ ਭਾਹ ਮਾਰਦੀ। ਉਸ ਦਾ ਚਿਹਰਾ ਨਰਮ ਸੀ ਤੇ ਇਸ ਵਿਚ ਅੱਲ੍ਹੜ ਕੰਬਣੀ ਸੀ-ਬਦਲੋਟੀ ਨੂੰ ਜਿਵੇਂ ਕੁਝ ਕਿਰਨਾਂ ਛੋਹ ਗਈਆਂ ਹੋਣ। ਉਸ ਦੀ ਮੁਸਕ੍ਰਾਹਟ ਜਿਵੇਂ ਧੁੱਪ ਵਿਚ ਦੁੱਧ ਡੁੱਲ੍ਹਿਆ ਹੋਵੇ...।"

ਕਈ ਪੁੱਛਦੇ ਹਨ ਬਈ ਬਲਵੰਤ ਗਾਰਗੀ ਕੋਲ ਐਸੀ ਕਿਹੜੀ ਗਿੱਦੜਸਿੰਗੀ ਸੀ ਜਿਸ ਨਾਲ ਅਮਰੀਕਾ ਦੀ ਲੰਮੀ ਲੰਝੀ ਮੁਟਿਆਰ, ਬੁਢਾਪੇ ਵੱਲ ਵਧ ਰਹੇ ਉਸ ਬੰਦੇ ਦੇ ਲੜ ਲੱਗ ਗਈ? ਉਹ ਗਿੱਦੜਸਿੰਗੀ ਸੀ ਉਸ ਦਾ ਵਸ਼ਿੰਗਟਨ ਯੂਨੀਵਰਸਿਟੀ ਸਿਆਟਲ ਵਿਚ ਡਰਾਮੇ ਦਾ ਪ੍ਰੋਫ਼ੈਸਰ ਹੋਣਾ। ਉਹ ਨਾਟਕਕਾਰ ਹੋਣ ਦੇ ਨਾਲ ਤਕੜਾ ਡਰਾਮੇਬਾਜ਼ ਵੀ ਸੀ। ਡਰਾਮੇਬਾਜ਼ ਕੀ, ਉਹ ਸੀ ਹੀ ਡਰਾਮਾ!

ਉਹ ਸੁਰਮਾ ਪਾਉਣਾ ਵੀ ਜਾਣਦਾ ਸੀ ਤੇ ਮਟਕਾਉਣਾ ਵੀ। ਉਹ ਕਿਸੇ ਨੂੰ ਵਡਿਆਉਂਦਾ ਹੋਇਆ ਭੰਡੀ ਵੀ ਕਰੀ ਜਾਂਦਾ ਸੀ ਤੇ ਢਕਿਆ ਆਪਣੇ ਆਪ ਨੂੰ ਵੀ ਨਹੀਂ ਸੀ ਰਹਿਣ ਦਿੰਦਾ। ਉਸ ਨੇ ਆਪਣੇ ਬਾਰੇ ਲਿਖਿਆ, "ਮੈਂ ਗਾਰਗੀ ਨੂੰ ਬਹੁਤ ਨੇੜਿਓਂ ਜਾਣਦਾ ਹਾਂ। ਉਸ ਦੀਆਂ ਲਿਖਤਾਂ, ਉਸ ਦੇ ਝੂਠੇ ਵਾਅਦਿਆਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਖੁਰਦਬੀਨ ਨਾਲ ਤੱਕਿਆ ਹੈ। ਉਹ ਬਹੁਤ ਸਾਰੇ ਭੁਲੇਖਿਆਂ ਦਾ ਮਰਕਜ਼ ਹੈ। ਉਸ ਦੇ ਨਾਂ ਨੂੰ ਹੀ ਲਓ: ਗਾਰਗੀ! ਕਿਤਨਾ ਬੋਗਸ ਨਾਂ ਹੈ? ਕਿਸੇ ਕੁੜੀ ਦੀ ਨਕਲ ਜਾਪਦਾ ਹੈ।"

ਗਾਰਗੀ ਦਾ ਕੁਆਰਾ ਨਾਵਲ ਕੱਕਾ ਰੱਤਾ ਤੇ ਨਾਟਕ ਲੋਹਾ ਕੁੱਟ 1944 'ਚ ਪ੍ਰਕਾਸ਼ਤ ਹੋਏ। ਨੰਗੀ ਧੁੱਪ 1980, ਕਾਸ਼ਨੀ ਵਿਹੜਾ 1993 ਤੇ ਜੂਠੀ ਰੋਟੀ 1997 ਵਿਚ ਛਪੇ। ਉਸ ਨੇ 1944 ਤੋਂ 90 ਤਕ 13 ਨਾਟਕ ਤੇ 1951 ਤੋਂ 82 ਤਕ 6 ਇਕਾਂਗੀ ਸੰਗ੍ਰਹਿ ਰਚੇ। ਅਭਿਸਾਰਕਾ 1990 ਤੇ ਟੀਵੀ ਨਾਟਕ ਐਕਟ੍ਰੈਸ 1991 'ਚ ਲਿਖੇ। ਰੇਖਾ ਚਿੱਤਰਾਂ ਦੀਆਂ ਪੰਜ ਪੁਸਤਕਾਂ ਨਿੰਮ ਦੇ ਪੱਤੇ 1961, ਸੁਰਮੇ ਵਾਲੀ ਅੱਖ 1964, ਕੌਡੀਆਂ ਵਾਲਾ ਸੱਪ 1980, ਹੁਸੀਨ ਚਿਹਰੇ 1985 ਤੇ ਸ਼ਰਬਤ ਦੀਆਂ ਘੁੱਟਾਂ 1990 ਵਿਚ ਛਪੀਆਂ। ਅਮਰੀਕਾ ਦਾ ਸਫ਼ਰਨਾਮਾ ਪਤਾਲ ਦੀ ਧਰਤੀ ਤੇ ਕਹਾਣੀ ਸੰਗ੍ਰਹਿ ਡੁੱਲ੍ਹੇ ਬੇਰ 1958 ਅਤੇ ਕਾਲਾ ਅੰਬ ਤੇ ਮਿਰਚਾਂ ਵਾਲਾ ਸਾਧ 1983 ਵਿਚ ਪ੍ਰਕਾਸ਼ਤ ਹੋਏ। ਖੋਜ ਪੁਸਤਕਾਂ ਰੰਗ ਮੰਚ 1962 ਤੇ ਲੋਕ ਨਾਟਕ 1966 ਵਿਚ ਛਪੀਆਂ। ਉਸ ਦੇ ਨਾਟਕਾਂ ਦੇ ਨਾਂ ਹਨ ਲੋਹਾ ਕੁੱਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈ ਥਾਲੁ, ਐਕਟ੍ਰੈਸ, ਬਲਦੇ ਟਿੱਬੇ ਤੇ ਅਭਿਸਾਰਿਕਾ। ਇਕਾਂਗੀ ਸੰਗ੍ਰਹਿ ਹਨ ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਦੋ ਪਾਸੇ, ਚਾਕੂ ਤੇ ਐਕਟ੍ਰੈਸ। ਬਲਵੰਤ ਗਾਰਗੀ ਦੇ ਨਾਟਕ, ਬਲਵੰਤ ਗਾਰਗੀ ਦੇ ਇਕਾਂਗੀ ਨਾਟਕ ਤੇ ਬਲਵੰਤ ਗਾਰਗੀ ਦੀਆਂ ਕਹਾਣੀਆਂ ਦੇ ਸੰਗ੍ਰਹਿ ਵੀ ਮਿਲਦੇ ਹਨ।

ਉਸ ਨੇ ਸਾਰੀ ਉਮਰ ਡਰਾਮੇ ਕੀਤੇ ਤੇ ਡਰਾਮਿਆਂ ਦੀ ਖੱਟੀ ਖਾਧੀ। ਡਰਾਮਿਆਂ ਦੇ ਸਿਰ 'ਤੇ ਕਰਜ਼ਨ ਰੋਡ ਦਿੱਲੀ ਦੀ 'ਕੋਠੀ' 'ਤੇ ਕਬਜ਼ਾ ਜਮਾਈ ਰੱਖਿਆ, ਸੋਹਣੀਆਂ ਕੁੜੀਆਂ ਦੀ ਸੰਗਤ ਕੀਤੀ, ਡਰਾਮਿਆਂ ਦੇ ਦੇਸੀ ਤੇ ਬਦੇਸ਼ੀ ਸ਼ੋਅ ਕੀਤੇ, ਦੁਨੀਆ ਭਰ ਦੀਆਂ ਸੈਰਾਂ ਕੀਤੀਆਂ, ਯੂਨੀਵਰਸਿਟੀਆਂ ਦਾ ਵਿਜ਼ਟਿੰਗ ਪ੍ਰੋਫ਼ੈਸਰ ਰਿਹਾ, ਅਕੈਡਮੀਆਂ ਦੇ ਅਵਾਰਡ ਲਏ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਥੇਟਰ ਵਿਭਾਗ ਦਾ ਮੋਢੀ ਪ੍ਰੋਫ਼ੈਸਰ ਬਣਿਆ, ਫ਼ਿਲਮੀ ਪਟਕਥਾਵਾਂ ਤੇ ਸੀਰੀਅਲਾਂ ਦਾ ਲੇਖਕ ਬਣ ਕੇ ਫ਼ਿਲਮਾਂ ਬਣਾਈਆਂ, ਪੰਜਾਬੀ ਯੂਨੀਵਰਸਿਟੀ ਪਟਿਆਲੇ 'ਚ ਪ੍ਰੋਫ਼ੈਸਰ ਆਫ਼ ਐਮੀਨੈਂਸ ਦੀ ਪਦਵੀ ਹਾਸਲ ਕੀਤੀ ਤੇ ਆਪਣੇ ਨਾਲੋਂ ਅੱਧੀ ਉਮਰ ਦੀ ਕੁੜੀ ਨਾਲ ਵਿਆਹ ਕੀਤਾ। ਜਿਹੜੇ ਉਹਨੂੰ ਪੰਜਾਬੀ ਸਾਹਿਤ ਦਾ ਸਫ਼ਲ ਸੇਲਜ਼ਮੈਨ ਕਹਿੰਦੇ ਹਨ, ਉਹ ਵੀ ਸੱਚੇ ਹਨ, ਪਰ ਸੀ ਉਹ ਕਮਾਲ ਦਾ ਡਰਾਮੇਬਾਜ਼। ਡਰਾਮੇਬਾਜ਼ ਵੀ ਐਸਾ ਕਿ ਛੇਤੀ ਕੀਤਿਆਂ ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੰਦਾ ਬਈ ਉਹ ਡਰਾਮੇਬਾਜ਼ੀ ਕਰ ਰਿਹੈ!

ਇਕ ਡਰਾਮਾ ਤਾਂ ਉਹ ਮੇਰੇ ਨਾਲ ਵੀ ਕਰਨ ਲੱਗਾ ਸੀ ਪਰ ਮੈਂ ਉਹਦਾ ਪਾਤਰ ਨਾ ਬਣਿਆ। ਬਣ ਜਾਂਦਾ ਤਾਂ ਜਿਹੋ ਜਿਹੀ ਉਹਦੇ ਨਾਲ ਹੋਈ ਉਹੋ ਜਿਹੀ ਮੇਰੇ ਨਾਲ ਹੋਣੀ ਸੀ। ਜਿਵੇਂ ਜੀਨੀ ਬਾਲ ਬੱਚਾ ਜੰਮ ਕੇ ਭੱਜ ਗਈ, ਭੱਜ ਮੇਰੇ ਵਾਲੀ ਨੇ ਵੀ ਜਾਣਾ ਸੀ। 1962 ਤੋਂ 67 ਤਕ ਮੈਂ ਦਿੱਲੀ ਰਿਹਾ। ਗੱਲ 1963-64 ਦੀ ਹੈ। ਉਦੋਂ ਮੈਂ ਖ਼ਾਲਸਾ ਕਾਲਜ ਵਿਚ ਐੱਮ. ਏ. ਦਾ ਵਿਦਿਆਰਥੀ ਸਾਂ ਅਤੇ ਗਾਰਗੀ ਦੀ ਖ਼ਸਤਾ ਕਰਾਰੀ ਸ਼ੈਲੀ ਦਾ ਕਾਇਲ ਹੋ ਚੁੱਕਾ ਸਾਂ। ਪੰਜਾਬੀ ਵਿਭਾਗ ਨੇ ਗਾਰਗੀ ਨੂੰ ਕਾਲਜ ਵਿਚ ਸੱਦਿਆ। ਉਥੇ ਮੈਂ ਉਸ ਨੂੰ ਪਹਿਲੀ ਵਾਰ ਮਿਲਿਆ। ਮੈਂ ਮਲਵਈ ਬੋਲਦਾ ਹੋਣ ਕਰਕੇ ਉਸ ਨੂੰ ਆਪਣੇ ਇਲਾਕੇ ਦਾ ਲੱਗਾ। ਫਿਰ ਉਹ ਸਿਆਟਲ ਦੀ ਯੂਨੀਵਰਸਿਟੀ 'ਚ ਵਿਜ਼ਟਿੰਗ ਪ੍ਰੋਫ਼ੈਸਰ ਜਾ ਲੱਗਾ।

1966 ਵਿਚ ਗਾਰਗੀ ਨੇ ਸਿਆਟਲ ਤੋਂ ਮੁੜ ਕੇ ਆਪਣੇ ਵਿਆਹ ਦੀ ਖ਼ੁਸ਼ੀ ਸਾਂਝੀ ਕਰਨ ਲਈ ਕੁਝ ਲੇਖਕਾਂ ਨੂੰ ਹਰੀ ਸਿਆਹੀ ਨਾਲ ਲਿਖੇ ਸੱਦਾ ਪੱਤਰ ਭੇਜੇ। ਖ਼ਾਲਸਾ ਕਾਲਜ ਵਿਚ ਡਾ. ਹਰਿਭਜਨ ਸਿੰਘ ਦੇ ਨਾਲ ਮੈਨੂੰ ਵੀ ਸੱਦਾ ਪੱਤਰ ਆਇਆ। ਤਦ ਤਕ ਮੈਂ ਲੈਕਚਰਰ ਲੱਗ ਗਿਆ ਸਾਂ ਤੇ 'ਆਰਸੀ' ਵਿਚ ਛਪਣ ਲੱਗ ਪਿਆ ਸਾਂ। ਪਾਰਟੀ ਤੋਂ ਵਿਦਾ ਹੋਣ ਵੇਲੇ ਗਾਰਗੀ ਨੇ ਮੈਨੂੰ ਕਿਹਾ, "ਸਰਵਣ, ਤੂੰ ਮਲਵਈ ਐਂ, ਮਿਲਿਆ ਗਿਲਿਆ ਕਰ।"

ਅੰਨ੍ਹਾ ਕੀ ਭਾਲੇ ਦੋ ਅੱਖਾਂ! ਬਾਈ ਨੂੰ ਮਿਲਣ ਦੇ ਬਹਾਨੇ ਭਾਬੀ ਜੀਨੀ ਦੇ ਵੀ ਦਰਸ਼ਨ ਹੋਣ ਲੱਗੇ। ਭਾਬੀ ਕਦੇ ਕਦੇ ਉਦਾਸ ਦਿਸਦੀ। ਮੈਂ ਸੋਚਦਾ ਦੋਵਾਂ ਦੀ ਉਮਰ ਹਾਣ ਪਰਵਾਣ ਦੀ ਨਹੀਂ, ਤਦੇ ਭਾਬੀ ਉਦਾਸ ਰਹਿੰਦੀ ਐ!

ਇਕ ਦਿਨ ਮੈਂ ਗਾਰਗੀ ਨੂੰ ਮਿਲਣ ਗਿਆ ਤਾਂ ਜੀਨੀ ਫਿਰ ਉਦਾਸ ਦਿਸੀ। ਨੀਲੀਆਂ ਅੱਖਾਂ, ਨਿੱਤਰੇ ਹੰਝੂ, ਉਲਝੇ ਵਾਲ। ਗਾਰਗੀ ਨੇ ਦੱਸਿਆ ਕਿ ਇਹ ਪੇਕਿਆਂ ਨੂੰ ਓਦਰੀ ਹੋਈ ਐ। ਫਿਰ ਪਤਾ ਨਹੀਂ ਸੱਚੀਂ, ਪਤਾ ਨਹੀਂ ਝੂਠੀਂ, ਉਹ ਕਹਿਣ ਲੱਗਾ, "ਆਖੇਂ ਤਾਂ ਤੈਨੂੰ ਸਾਲੀ ਦਾ ਸਾਕ ਲਿਆ ਦਿੰਨਾਂ। ਇਹ ਦੋ ਭੈਣਾਂ ਨੇ, ਭਰਾ ਕੋਈ ਨਹੀਂ। ਉਹਦਾ ਨਾਂ ਐਂ ਐਲਿਜ਼ਾਬੈੱਥ। ਜਮਾਂ ਇਹਦੇ ਵਰਗੀ। ਇਹਨਾਂ ਦੀ ਮਾਂ ਕਲਾਕਾਰ ਐ ਤੇ ਪਿਉ ਬੈਂਕ ਮੈਨੇਜਰ। ਤੂੰ ਹਾਂ ਕਰ। ਇਉਂ ਦੋਹਾਂ ਭੈਣਾਂ ਦਾ ਜੀਅ ਲੱਗਿਆ ਰਹੂ।"

ਗੱਲ ਉਹਦੀ ਮਲਵਈਆਂ ਵਾਲੀ ਸੀ। ਜੀਜੇ ਸਾਲੀਆਂ ਦੇ ਸਾਕ ਲਿਆਉਂਦੇ ਈ ਆਏ ਨੇ। ਮੇਰੇ ਲਈ ਇਹ ਪੇਸ਼ਕਸ਼ ਚਕਾਚੌਂਧ ਕਰਨ ਵਾਲੀ ਸੀ! ਮੈਂ ਨਾਢੂ ਖਾਂ ਨਾਟਕਕਾਰ ਗਾਰਗੀ ਦਾ ਸਾਢੂ ਬਣ ਸਕਦਾ ਸਾਂ। ਪਰ ਕਿਥੇ ਗਰਗ ਤੋਂ ਬਣਿਆ ਗਾਰਗੀ, ਕਿਥੇ ਮੇਰੇ ਵਰਗਾ ਜੱਟ ਬੂਟ? ਡਾ. ਹਰਿਭਜਨ ਸਿੰਘ ਤਾਂ ਮੈਨੂੰ ਬੁਲਾਉਂਦਾ ਹੀ 'ਜੱਟਾ' ਕਹਿ ਕੇ ਸੀ। ਗਾਰਗੀ ਦੀ ਗੱਲ ਮੈਨੂੰ ਮਖੌਲ ਕਰਨ ਵਰਗੀ ਲੱਗੀ। ਮੈਂ ਕਿਹਾ, "ਮੈਂ ਤਾਂ ਪਹਿਲਾਂ ਈ ਮੰਗਿਆ ਹੋਇਆਂ। ਉਹਨਾਂ ਨੂੰ ਕੀ ਜੁਆਬ ਦੇਊਂ? ਨਾਲੇ ਮੇਮ ਨਾਲ ਜੱਟਾਂ ਦੇ ਮੁੰਡੇ ਦੀ ਕਿਵੇਂ ਨਿਭੂ? ਉਹ ਤਾਂ ਮੈਨੂੰ ਅੱਧਵਿਚਾਲੇ ਈ ਛੱਡ ਕੇ ਭੱਜ-ਜੂ।"

ਗਾਰਗੀ ਮੁਸਕਰਾਇਆ, "ਨਹੀਂ ਭੱਜਦੀ। ਮੇਮਾਂ ਛੇਤੀ ਕੀਤਿਆਂ ਨੀ ਭੱਜਦੀਆਂ।"

ਮੈਂ ਮਚਲਾ ਬਣਦਿਆਂ ਕਿਹਾ, "ਮੈਨੂੰ ਥੋਡੇ ਵਾਂਗ ਇਸ਼ਕ ਕਰਨਾ ਨੀ ਆਉਂਦਾ। ਮੇਮ ਪੱਟਣੀ ਨੀ ਆਉਂਦੀ।"

ਗਾਰਗੀ ਕਹਿੰਦਾ, "ਜਦੋਂ ਵਿਆਹ ਹੋ ਗਿਆ ਆਪੇ ਸਾਰਾ ਕੁਛ ਆ-ਜੂ। ਤੂੰ ਹਾਂ ਕਰ।"

ਪਰ ਮੈਂ ਹਾਂ ਨਾ ਕੀਤੀ ਤੇ ਗਾਰਗੀ ਦਾ ਡਰਾਮਾ ਬਣਨੋਂ ਬਚ ਗਿਆ। ਪਰ ਗਾਰਗੀ ਆਪ ਨਾ ਬਚ ਸਕਿਆ। ਉਹ ਆਪਣੇ ਡਰਾਮੇ ਦਾ ਆਪ ਹੀ ਸ਼ਿਕਾਰ ਹੋ ਗਿਆ। ਜੀਨੀ ਗਾਰਗੀ ਦੋ ਬੱਚੇ ਜੰਮ ਕੇ ਵੀ ਅਮਰੀਕਾ ਭੱਜ ਗਈ।

ਮੈਂ ਤੇ ਮੇਰੀ ਪਤਨੀ ਹਰਜੀਤ 1990 'ਚ ਅਮਰੀਕਾ/ਕੈਨੇਡਾ ਦੀ ਸੈਰ 'ਤੇ ਗਏ। ਬੇਕਰਜ਼ਫੀਲਡ ਤੋਂ ਵੈਨਕੂਵਰ ਨੂੰ ਜਾਂਦਿਆਂ ਜਦੋਂ ਅਸੀਂ ਸਿਆਟਲ ਵਿਚ ਦੀ ਲੰਘੇ ਤਾਂ ਮੈਂ ਪਤਨੀ ਨੂੰ ਕਿਹਾ, "ਜੇ ਮੈਂ ਗਾਰਗੀ ਦੀ ਗੱਲ ਮੰਨ ਲੈਂਦਾ ਤਾਂ ਆਹ ਮੇਰੇ ਸਹੁਰਿਆਂ ਦਾ ਸ਼ਹਿਰ ਹੋਣਾ ਸੀ ਤੇ ਤੂੰ ਭਾਗਵਾਨੇ ਪਤਾ ਨਹੀਂ ਕਿਹੜੇ ਘਰ ਨੂੰ ਭਾਗ ਲਾਉਣੇ ਸੀ?"

ਅਸੀਂ ਇਕ ਦੂਜੇ ਨੂੰ ਛੇੜਦੇ ਹੱਸਦੇ ਰਹੇ ਅਤੇ ਬਲਵੰਤ ਗਾਰਗੀ ਤੇ ਜੀਨੀ ਦੀਆਂ ਗੱਲਾਂ ਕਰਦੇ ਰਹੇ। ਉਸ ਸਫ਼ਰ ਦਾ ਪੂਰਾ ਹਾਲ ਮੈਂ ਆਪਣੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਵਿਚ ਲਿਖਿਆ।

ਹੁਣ ਵੀ ਜਦੋਂ ਮੈਂ ਸਿਆਟਲ ਜਾਨਾਂ ਤਾਂ ਮੈਨੂੰ ਹਰ ਵਾਰ ਬਲਵੰਤ ਗਾਰਗੀ ਯਾਦ ਆ ਜਾਂਦੈ। ਉਹ ਉਥੇ ਵਿਆਹਿਆ ਜੁ ਹੋਇਆ ਸੀ। ਸਿਆਟਲ ਜਾ ਕੇ ਜੀਨੀ ਵੀ ਯਾਦ ਆ ਜਾਂਦੀ ਹੈ ਤੇ ਉਹਦੀ ਭੈਣ ਐਲਿਜ਼ਾਬੈੱਥ ਹੈਨਰੀ ਵੀ। ਜਿਥੇ ਮੈਂ ਗਾਰਗੀ ਦਾ ਡਰਾਮਾ ਬਣਨੋਂ ਬਚ ਗਿਆ ਉਥੇ ਐਲਿਜ਼ਾਬੈੱਥ ਹੈਨਰੀ ਵੀ ਐਲਿਜ਼ਾਬੈੱਥ ਸੰਧੂ ਬਣਨੋਂ ਬਚ ਗਈ! ਰੱਬ ਜਾਣੇ ਉਹ ਕਿਹੋ ਜਿਹੇ ਰੰਗਾਂ ਵਿਚ ਹੋਵੇਗੀ?





ਸ਼ਹਿਣੇ ਦੀ ਨਹਿਰੀ ਕੋਠੀ ਦਾ ਖੋਲ਼ਾ ਬਣਿਆ ਉਹ ਕੁਆਟਰ ਜਿਸ ਵਿਚ 4 ਦਸੰਬਰ 1916 ਨੂੰ ਬਲਵੰਤ ਗਾਰਗੀ ਦਾ ਜਨਮ ਹੋਇਆ ਸੀ।

# ਫਰਜ਼ੀ ਮੈਂਬਰਸ਼ਿਪ ਅਤੇ ਵਰਕਰ ਭਾਜਪਾ ਲਈ ਬਣ ਗਏ ਕਾਲ

-ਵਿਸ਼ਨੂੰ ਗੁਪਤ

ਸਪੱਸ਼ਟ ਤੌਰ 'ਤੇ ਫਰਜ਼ੀ ਮੈਂਬਰਸ਼ਿਪ ਤੇ ਫਰਜ਼ੀ ਵਰਕਰਾਂ ਦੇ ਭੈੜੇ ਨਤੀਜੇ ਸਹਿ ਰਹੀ ਹੈ ਭਾਜਪਾ। ਸੂਬਿਆਂ ਵਿੱਚ ਫਰਜ਼ੀ ਵਰਕਰਾਂ ਅਤੇ ਫਰਜ਼ੀ ਮੈਂਬਰਾਂ ਦੇ ਭੈੜੇ ਨਤੀਜੇ ਇਹ ਨਿਕਲ ਰਹੇ ਹਨ ਕਿ ਸੂਬਿਆਂ ਵਿੱਚ ਭਾਜਪਾ ਆਪਣੀ ਸਾਖ ਲਗਾਤਾਰ ਗੁਆ ਰਹੀ ਹੈ, ਭਾਜਪਾ ਦੀਆਂ ਸਰਕਾਰਾਂ ਦਫਨ ਹੋ ਰਹੀਆਂ ਹਨ। ਸੂਬਿਆਂ ਵਿੱਚ ਭਾਜਪਾ ਦਾ ਜਨ-ਆਧਾਰ ਅਤੇ ਲੋਕਪ੍ਰਿਅਤਾ ਲਗਾਤਾਰ ਡਿੱਗ ਰਹੀ ਹੈ, ਸਿਮਟ ਰਹੀ ਹੈ, ਭਾਜਪਾ ਮੈਂਬਰਾਂ ਦੀ ਗਿਣਤੀ ਫਰਜ਼ੀ ਸਾਬਤ ਹੋ ਰਹੀ ਹੈ, ਮੈਂਬਰਾਂ ਦੀ ਗਿਣਤੀ ਦੇ ਬਰਾਬਰ ਵੀ ਭਾਜਪਾ ਨੂੰ ਵੋਟਾਂ ਨਹੀਂ ਮਿਲ ਰਹੀਆਂ।

ਸੂਬਿਆਂ ਵਿੱਚ ਦਫਨ ਹੁੰਦੀਆਂ ਭਾਜਪਾ ਸਰਕਾਰਾਂ, ਰਾਜਾਂ ਵਿੱਚ ਡਿੱਗਦੀ ਭਾਜਪਾ ਦੀ ਸਾਖ, ਸੂਬਿਆਂ ਵਿੱਚ ਡਿਗਦੀ ਭਾਜਪਾ ਦੀ ਲੋਕਪ੍ਰਿਅਤਾ ਕੀ ਮੋਦੀ ਲਈ ਖਤਰੇ ਦੀ ਘੰਟੀ ਮੰਨੀ ਜਾਣੀ ਚਾਹੀਦੀ ਹੈ? ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਵੀ ਸੂਬਿਆਂ ਵਿੱਚ ਭਾਜਪਾ ਦੀ ਸਫਲਤਾ ਕਿਉਂ ਨਹੀਂ ਯਕੀਨੀ ਬਣਾ ਰਹੀ? ਕੀ ਭਾਜਪਾ ਨੂੰ ਆਪਣੀ ਮੈਂਬਰਸ਼ਿਪ ਦੀ ਗਿਣਤੀ ਨੂੰ ਫਿਰ ਤੋਂ ਜਾਂਚਣ-ਪਰਖਣ ਦੀ ਲੋੜ ਹੈ? ਕੀ ਭਾਜਪਾ ਦੇ ਸੂਬਾਈ ਨੇਤੇ ਅਸਮਰੱਥ, ਜਨ-ਵਿਰੋਧੀ ਅਤੇ ਨਕਾਰਾ ਹਨ? ਕੀ ਉਨ੍ਹਾਂ ਵਿੱਚ ਜਨ ਪਰਖ ਦੀ ਘਾਟ ਹੈ, ਕੀ ਉਨ੍ਹਾਂ ਵਿੱਚ ਜਨ ਦੂਰਦਰਸ਼ਿਤਾ ਨਹੀਂ ਹੈ? ਕੀ ਭਾਜਪਾ ਦੇ ਸੂਬਾਈ ਨੇਤਾ ਨਰਿੰਦਰ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਪ੍ਰਾਪਤੀਆਂ ਨੂੰ ਜਨਤਾ ਤੱਕ ਪਹੁੰਚਾਉਣ ਵਿੱਚ ਸਫਲ ਸਾਬਤ ਹੋ ਰਹੇ ਹਨ? ਕੀ ਭਾਜਪਾ ਦੀਆਂ ਸੂਬਾਈ ਸਰਕਾਰਾਂ ਦੇ ਅਨੁਪਾਤ ਵਿੱਚ ਬੇਹੱਦ ਕਮਜ਼ੋਰ ਅਤੇ ਅਸਮਰੱਥ ਸਾਬਿਤ ਹੋ ਰਹੀਆਂ ਹਨ। ਜੇ ਨਹੀਂ ਤਾਂ ਭਾਜਪਾ ਦੀਆਂ ਸੂਬਾਈ ਸਰਕਾਰਾਂ ਫਿਰ ਤੋਂ ਸੱਤਾ ਵਿੱਚ ਪਰਤ ਕਿਉਂ ਨਹੀਂ ਰਹੀਆਂ ਹਨ, ਆਪਣੇ ਬਲ 'ਤੇ ਬਹੁਮਤ ਹਾਸਲ ਕਰਨ ਦੀ ਵੀਰਤਾ ਕਿਉਂ ਨਹੀਂ ਯਕੀਨੀ ਕਰ ਪਾ ਰਹੀਆਂ? ਜਨਤਾ ਭਾਜਪਾ ਦੀਆਂ ਸੂਬਾਈ ਸਰਕਾਰਾਂ ਨੂੰ ਲਗਾਤਾਰ ਕਿਉਂ ਰੱਦ ਕਰ ਰਹੀ ਹੈ? ਇਹ ਸਾਰੇ ਸਵਾਲ ਮਹੱਤਵ ਪੂਰਨ ਹਨ, ਪਰ ਇਨ੍ਹਾਂ ਸਾਰੇ ਸਵਾਲਾਂ 'ਤੇ ਭਾਜਪਾ ਦੀ ਗੰਭੀਰਤਾ ਅਜੇ ਤੱਕ ਸਾਹਮਣੇ ਨਹੀਂ ਆ ਰਹੀ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਹੁਣ ਤੱਕ ਇਸ ਦ੍ਰਿਸ਼ਟੀਕੋਣ 'ਤੇ ਕੋਈ ਸਾਫ ਸਮਝ ਵਿਕਸਿਤ ਨਹੀਂ ਕਰ ਪਾ ਰਹੀ ਹੈ, ਜਦ ਕਿ ਭਾਜਪਾ ਨੂੰ ਇਸ ਸਿੱਟੇ ਨੂੰ ਲੱਭਣਾ ਹੋਵੇਗਾ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਚਮਤਕਾਰੀ ਦਿੱਖ ਦੇ ਬਾਵਜੂਦ ਸੂਬਿਆਂ ਵਿੱਚ ਭਾਜਪਾ ਕਿਉਂ ਹਾਰ ਰਹੀ ਹੈ, ਸਰਕਾਰ ਬਣਾਉਣ ਲਈ ਭਾਜਪਾ ਨੂੰ ਵਿਰੋਧੀ ਦਲਾਂ ਤੋਂ ਸਹਿਯੋਗ ਹੀ ਲੈਣਾ ਨਹੀਂ ਪੈ ਰਿਹਾ, ਸਗੋਂ ਸਿਧਾਂਤ ਤੇ ਨੈਤਿਕਤਾ ਦੇ ਨਾਲ ਸਮਝੌਤਾ ਕਰਨਾ ਪੈ ਰਿਹਾ ਹੈ। ਇਹ ਵੀ ਗੱਲ ਬੈਠ ਰਹੀ ਹੈ ਕਿ ਭਾਜਪਾ ਸੱਤਾ ਖਾਤਰ ਸਿਧਾਂਤ ਤੇ ਨੀਤੀਆਂ ਨਾਲ ਸਮਝੌਤਾ ਕਰ ਰਹੀ ਹੈ ਅਤੇ ਨੈਤਿਕਤਾ ਅਤੇ ਸੁੱਚਤਾ ਤੋਂ ਭਾਜਪਾ ਲਗਾਤਾਰ ਪਿੱਛੇ ਹਟ ਰਹੀ ਹੈ?

ਸਭ ਤੋਂ ਪਹਿਲਾਂ ਭਾਜਪਾ ਨਾਲੋ ਨਾਲ ਤਿੰਨ ਰਾਜਾਂ ਤੋਂ ਸੱਤਾ 'ਚੋਂ ਬਾਹਰ ਹੋ ਗਈ। ਇਹ ਤਿੰਨੇ ਸੂਬੇ ਮੁੱਖ ਰਹੇ ਹਨ, ਜਿੱਥੇ ਭਾਜਪਾ ਦਾ ਜਨ ਆਧਾਰ ਜਨਸੰਘ ਦੇ ਕਾਰਜਕਾਲ ਤੋਂ ਮਜ਼ਬੂਤ ਰਿਹਾ ਹੈ। ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਭਾਜਪਾ ਦੀਆਂ ਸਰਕਾਰਾਂ ਬਣੀਆਂ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਸੰਬੰਧ ਵਿੱਚ ਭਾਜਪਾ ਇਹ ਕਹਿ ਰਹੀ ਹੈ ਕਿ ਉਨ੍ਹਾਂ ਦਾ ਖੋਰਾ ਲੰਮੇ ਸ਼ਾਸਨ ਦਾ ਪ੍ਰਤੀਕ ਹੈ। ਲੰਮੇ ਸਮੇਂ ਤੱਕ ਸ਼ਾਸਨ ਵਿੱਚ ਰਹਿਣ ਕਾਰਨ ਥੋੜ੍ਹੀ ਜਨਤਾ ਦੀ ਨਾਰਾਜ਼ਗੀ ਸੀ, ਜਨਤਾ ਬਦਲਾਅ ਚਾਹੁੰਦੀ ਸੀ, ਇਸ ਲਈ ਅਸੀਂ ਹਾਰ ਗਏ। ਇਹ ਤਰਕ ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਲਈ ਠੀਕ-ਠਾਕ ਮੰਨਿਆ ਜਾ ਸਕਦਾ ਹੈ, ਪਰ ਰਾਜਸਥਾਨ ਬਾਰੇ ਕਿਹੜਾ ਤਰਕ ਭਾਜਪਾ ਕੋਲ ਸੀ? ਰਾਜਸਥਾਨ ਵਿੱਚ ਭਾਜਪਾ ਦੀ ਵਸੁੰਧਰਾ ਰਾਜੇ ਸਰਕਾਰ ਸਿਰਫ ਪੰਜ ਸਾਲ ਸੀ, ਫਿਰ ਵੀ ਭਾਜਪਾ ਦੀ ਹਾਰ ਹੋਈ, ਕਮਜ਼ੋਰ ਕਾਂਗਰਸ ਨੇ ਸੱਤਾ ਹਾਸਲ ਕਰ ਲਈ। ਰਾਜਸਥਾਨ ਦੀ ਹਾਰ ਭਾਜਪਾ ਲਈ ਖਤਰੇ ਦੀ ਘੰਟੀ ਸੀ, ਫਿਰ ਵੀ ਭਾਜਪਾ ਇਸ ਘੰਟੀ ਨੂੰ ਨਹੀਂ ਸੁਣ ਸਕੀ ਅਤੇ ਫਿਰ ਆਪਣੀਆਂ ਸੂਬਾਈ ਸਰਕਾਰਾਂ ਨੂੰ ਜਨ ਪੱਖੀ ਬਣਾਉਣ ਦਾ ਸਪੱਸ਼ਟ ਨਿਰਦੇਸ਼ ਦੇਣ ਤੋਂ ਅਸਫਲ ਸਾਬਿਤ ਹੋਈ ਹੈ।

ਰਾਜਸਥਾਨ ਵਿੱਚ ਵਸੁੰਧਰਾ ਰਾਜੇ ਸਰਕਾਰ ਦੇ ਹਸ਼ਰ ਤੋਂ ਭਾਜਪਾ ਕੁਝ ਸਬਕ ਲੈਂਦੀ ਤਾਂ ਫਿਰ ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਭਾਜਪਾ ਨੂੰ ਅਜਿਹੀ ਅਪਮਾਨ ਜਨਕ ਸਥਿਤੀ 'ਚੋਂ ਲੰਘਣ ਲਈ ਮਜਬੂਰ ਨਾ ਹੋਣਾ ਪੈਂਦਾ। ਹਰਿਆਣਾ ਵਿੱਚ ਭਾਜਪਾ ਆਪਣੇ ਪਿਛਲੇ ਅੰਕੜੇ ਤੱਕ ਨਹੀਂ ਪਹੁੰਚ ਸਕੀ, ਬਹੁਮਤ ਤੋਂ ਕਾਫੀ ਪਿੱਛੇ ਰਹਿ ਗਈ। ਚੌਟਾਲਾ ਪਰਵਾਰ 'ਚੋਂ ਨਿਕਲੀ ਨਵੀਂ ਪਾਰਟੀ ਨਾਲ ਭਾਜਪਾ ਨੂੰ ਗਠਜੋੜ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਗਠਜੋੜ ਦਲ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਨ ਲਈ ਭਾਜਪਾ ਨੂੰ ਮਜਬੂਰ ਹੋਣਾ ਪਿਆ। ਸਭ ਤੋਂ ਵੱਡਾ ਧੱਕਾ ਤਾਂ ਭਾਜਪਾ ਨੂੰ ਮਹਾਰਾਸ਼ਟਰ ਵਿੱਚ ਲੱਗਾ ਹੈ। ਮਹਾਰਾਸ਼ਟਰ ਕਿੰਨਾ ਮਹੱਤਵ ਪੂਰਨ ਸੂਬਾ ਹੈ, ਇਹ ਕੌਣ ਨਹੀਂ ਜਾਣਦਾ? ਮਹਾਰਾਸ਼ਟਰ ਦੇ ਮੁੰਬਈ ਤੋਂ ਹੀ ਦੱਖਣ ਵੱਲ ਸਿਆਸੀ ਸੰਦੇਸ਼ ਜਾਂਦੇ ਹਨ। ਭਾਜਪਾ ਦੱਖਣ ਦੇ ਸੂਬਿਆਂ ਵਿੱਚ ਅਜੇ ਵੀ ਬਹੁਤ ਕਮਜ਼ੋਰ ਹੈ, ਦੱਖਣ ਦੇ ਸੂਬਿਆਂ ਵਿੱਚ ਭਾਜਪਾ ਨੇ ਮਜ਼ਬੂਤ ਹੋਣ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ।

ਭਾਜਪਾ ਦੀਆਂ ਸੂਬਾਈ ਸਰਕਾਰਾਂ ਲੀਡਰਾਂ ਅਤੇ ਵਰਕਰਾਂ ਦੀਆਂ ਜਨ ਵਿਰੋਧੀ ਨੀਤੀਆਂ-ਪ੍ਰੋਗਰਾਮਾਂ ਅਤੇ ਹੰਕਾਰ ਦੀਆਂ ਸ਼ਿਕਾਰ ਹੋ ਰਹੀਆਂ ਹਨ। ਰਾਜਸਥਾਨ ਵਿੱਚ ਵਸੁੰਧਰਾ ਰਾਜੇ ਕਿੰਨੀ ਹੰਕਾਰੀ ਸੀ, ਉਸ ਨੇ ਕੇਂਦਰੀ ਲੀਡਰਸ਼ਿਪ ਨੂੰ ਹੀ ਚੁਣੌਤੀ ਦੇ ਦਿੱਤੀ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਵਸੁੰਧਰਾ ਰਾਜੇ ਸਾਹਮਣੇ ਝੁਕ ਗਈ। ਵਸੁੰਧਰਾ ਰਾਜੇ ਨੇ ਆਪਣੇ ਸੂਬੇ ਵਿੱਚ ਸੈਂਕੜੇ ਮੰਦਰਾਂ ਨੂੰ ਜ਼ਮੀਨਦੋਜ਼ ਕਰਵ-ਾਇਆ, ਹਿੰਦੂਆਂ ਨੂੰ ਅਪਮਾਨਿਤ ਕਰਨ ਲਈ ਕੋਈ ਕਸਰ ਨਹੀਂ ਛੱਡੀ। ਵਸੁੰਧਰਾ ਰਾਜੇ ਦੀ ਹਿੰਦੀ ਵਿਰੋਧੀ ਨੀਤੀ ਕਾਰਨ ਆਰ ਐਸ ਐਸ ਨੂੰ ਵੀ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪਿਆ ਸੀ। ਹਰਿਆਣਾ ਵਿੱਚ ਮਨੋਹਰ ਲਾਲ ਖੱਟੜ ਦੀ ਸਰਕਾਰ ਚੰਗੀ ਹੋਣ ਦੇ ਬਾਵਜੂਦ ਸੂਬਾਈ ਸਮੀਕਰਨ ਨੂੰ ਸਾਧਨ ਲਈ ਸਿਆਸੀ ਵੀਰਤਾ ਨਹੀਂ ਦਿਖਾ ਸਕੀ। ਰਾਬਰਟ ਵਾਡਰਾ ਅਤੇ ਹੁੱਡਾ ਦੇ ਭ੍ਰਿਸ਼ਟਾਚਾਰ ਨੂੰ ਸਿਰੇ ਨਹੀਂ ਲਾ ਸਕੀ। ਹਰਿਆਣਾ ਦੀ ਜਨਤਾ ਨੇ ਰਾਬਰਟ ਵਾਡਰਾ ਅਤੇ ਹੁੱਡਾ ਦੇ ਭ੍ਰਿਸ਼ਟਾਚਾਰ ਵਿਰੁੱਧ ਭਾਜਪਾ ਨੂੰ ਸੱਤਾ ਸੌਂਪੀ ਸੀ। ਮਹਾਰਾਸ਼ਟਰ ਵਿੱਚ ਵੀ ਦੇਵੇਂਦਰ ਫੜਨਵੀਸ ਮਜ਼ਬੂਤ ਸਰਕਾਰ ਨਹੀਂ ਦੇ ਸਕੇ। ਦੇਵੇਂਦਰ ਫੜਨਵੀਸ ਤੋਂ ਰਾਸ਼ਟਰਵਾਦੀਆਂ ਨੂੰ ਵੱਡੀ ਉਮੀਦ ਸੀ। ਮੁੰਬਈ ਦੇ ਫਿਲਮੀ ਬਾਜ਼ਾਰ ਵਿੱਚ ਪਾਕਿਸਤਾਨੀ ਕਲਾਕਾਰਾਂ ਏ ਜੇਹਾਦੀਆਂ 'ਤੇ ਰੋਕ ਲਾਉਣ ਦੀ ਮਨਸ਼ਾ ਰਾਸ਼ਟਰਵਾਦੀਆਂ ਨੇ ਪਾਲੀ ਸੀ। ਇਸ ਤੋਂ ਇਲਾਵਾ ਸ਼ਿਵ ਸੈਨਾ ਦੀਆਂ ਬਾਗੀ ਤੇਵਰ ਵਾਲੀਆਂ ਨੀਤੀਆਂ 'ਤੇ ਕੰਟਰੋਲ ਦੀ ਲੋੜ ਸੀ। ਸ਼ਿਵ ਸੈਨਾ ਸਰਕਾਰ ਵਿੱਚ ਸੀ ਅਤੇ ਸਰਕਾਰ ਦੇ ਵਿਰੁੱਧ ਵੀ ਲਗਾਤਾਰ ਸਰਗਰਮ ਸੀ। ਇਸ ਲਈ ਭਾਜਪਾ ਨੂੰ ਗਠਜੋੜ ਵਿੱਚ ਚੋਣਾਂ ਲੜਨ ਦੇ ਨਾਲ-ਨਾਲ ਸ਼ਿਵ ਸੈਨਾ ਵਿਰੁੱਧ ਬਦਲਵੀਂ ਨੀਤੀ ਦੀ ਲੋੜ ਸੀ। ਜੇ ਫੜਨਵੀਸ ਦੀ ਜਗ੍ਹਾ ਕੋਈ ਦੂਜਾ ਮੁੱਖ ਮੰਤਰੀ ਹੁੰਦਾ ਤਾਂ ਇਹ ਪੰਜ ਸਾਲਾਂ ਵਿੱਚ ਸ਼ਿਵ ਸੈਨਾ ਦੀ ਕਬਰ ਪੁੱਟ ਦਿੰਦਾ।

ਸੂਬਾਈ ਚੋਣਾਂ ਵਿੱਚ ਭਾਜਪਾ ਦੀ ਹਾਰ ਦੇ ਸਭ ਤੋਂ ਵੱਡੇ ਦੋ ਕਾਰਨ ਹਨ। ਇੱਕ ਫਰਜ਼ੀ ਮੈਂਬਰਸ਼ਿਪ ਤੇ ਦੂਜਾ ਫਰਜ਼ੀ ਵਰਕਰ। ਭਾਜਪਾ ਨੇ ਮਿਸਡ ਕਾਲ ਦੇ ਆਧਾਰ 'ਤੇ ਮੈਂਬਰਸ਼ਿਪ ਵੰਡੀ ਹੈ। ਮੈਂਬਰਸ਼ਿਪ ਵੰਡਦੇ ਸਮੇਂ ਭਾਜਪਾ ਨੇ ਇਹ ਨਹੀਂ ਦੇਖਿਆ ਕਿ ਮੈਂਬਰਸ਼ਿਪ ਲੈਣ ਵਾਲੇ ਅਪਰਾਧੀ ਹਨ, ਫਰਜ਼ੀ ਹਨ, ਜੇਹਾਦੀ ਹਨ ਜਾਂ ਦੇਸ਼ ਵਿਰੋਧੀ ਹਨ? ਇੱਕ ਉਦਾਹਰਣ ਇਥੇ ਦੇਖਣੀ ਬਹੁਤ ਜ਼ਰੂਰੀ ਹੈ। ਮਹਾਰਾਸ਼ਟਰ ਵਿੱਚ ਭਾਜਪਾ ਦੀ ਮੈਂਬਰਸ਼ਿਪ ਗਿਣਤੀ ਇੱਕ ਕਰੋੜ 48 ਲੱਖ ਹੈ, ਪਰ ਪਿਛਲੀਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ ਇੱਕ ਕਰੋੜ 34 ਲੱਖ ਵੋਟਾਂ ਮਿਲੀਆਂ, ਭਾਵ 14 ਲੱਖ ਮੈਂਬਰਾਂ ਨੇ ਭਾਜਪਾ ਨੂੰ ਵੋਟਾਂ ਪਾਈਆਂ ਹੁੰਦੀਆਂ ਤਾਂ ਭਾਜਪਾ ਨੂੰ ਮਹਾਰਾਸ਼ਟਰ ਵਿੱਚ ਸਿਰਫ 105 ਨਹੀਂ, ਲਗਭਗ 200 ਦੇ ਲਗਭਗ ਸੀਟਾਂ ਮਿਲਦੀਆਂ। ਇਸ ਸਥਿਤੀ ਵਿੱਚ ਭਾਜਪਾ ਨੂੰ ਮਹਾਰਾਸ਼ਟਰ ਵਿੱਚ ਅਪਮਾਨ ਜਨਕ ਰਾਜਨੀਤੀ ਦਾ ਭੈੜਾ ਨਤੀਜਾ ਨਾ ਸਹਿਣਾ ਪੈਂਦਾ। ਇਹੀ ਸਥਿਤੀ ਹਰਿਆਣਾ ਦੀ ਰਹੀ ਹੈ। ਕੇਂਦਰ ਅਤੇ ਸੂਬਾਈ ਸੱਤਾ ਵਿੱਚ ਬਿਰਾਜਮਾਨ ਹੋਣ ਕਾਰਨ ਭਾਜਪਾ ਅੰਦਰ ਫਰਜ਼ੀ ਵਰਕਰਾਂ ਅਤੇ ਫਰਜ਼ੀ ਨੇਤਾਵਾਂ ਦਾ ਹੜ੍ਹ ਆਇਆ ਹੈ। ਫਰਜ਼ੀ ਵਰਕਰ ਅਤੇ ਫਰਜ਼ੀ ਨੇਤਾ ਦਾ ਅਰਥ ਇਥੇ ਸਿਰਫ ਸੱਤਾ ਸੁੱਖ ਭੋਗਣ ਤੇ ਸੱਤਾ ਦੀ ਮਲਾਈ ਖਾਣ ਤੋਂ ਬਾਅਦ ਕਿਨਾਰਾ ਕਰ ਲੈਣ ਵਾਲੇ ਵਰਕਰਾਂ ਅਤੇ ਨੇਤਾਵਾਂ ਤੋਂ ਹੈ। ਫਰਜ਼ੀ ਵਰਕਰ ਅਤੇ ਫਰਜ਼ੀ ਨੇਤਾ ਦੇ ਲਪੇਟੇ ਵਿੱਚ ਆਉਣ ਵਾਲੇ ਭਾਜਪਾ ਦੇ ਵੱਡੇ ਸੂਬਾਈ ਅਤੇ ਵੱਡੇ ਕੇਂਦਰੀ ਨੇਤਾ ਵੀ ਸਮਰਪਿਤ ਵਰਕਰਾਂ ਦੀ ਅਣਦੇਖੀ ਹੀ ਨਹੀਂ ਕਰਦੇ, ਸਗੋਂ ਅਪਮਾਨਿਤ ਵੀ ਕਰਦੇ ਹਨ। ਵੱਡੇ ਨੇਤਾ ਅਤੇ ਮੁੱਖ ਮੰਤਰੀ ਸਿਰਫ ਫਰਜ਼ੀ ਵਰਕਰਾਂ ਅਤੇ ਫਰਜ਼ੀ ਨੇਤਾਵਾਂ ਨਾਲ ਘਿਰੇ ਹੁੰਦੇ ਹਨ, ਇਨ੍ਹਾਂ ਹੀ ਲੋਕਾਂ ਨੂੰ ਸੁਣਦੇ ਹਨ, ਸਮਰਪਿਤ ਅਤੇ ਨਿਸ਼ਠਾਵਾਨੇ ਵਰਕਰ ਮੁੱਖ ਮੰਤਰੀ, ਮੰਤਰੀ ਤੱਕ ਨਹੀਂ ਪਹੁੰਚ ਪਾਉਂਦੇ, ਉਪਰੋਂ ਨੌਕਰਸ਼ਾਹੀ ਦੇ ਪ੍ਰਪੰਚ ਵੀ ਭਾਜਪਾ ਦੇ ਸਮਰਪਿਤ ਅਤੇ ਨਿਸ਼ਠਾਵਾਨ ਵਰਕਰਾਂ 'ਤੇ ਛਾਂਟੇ ਮਾਰਦੇ ਹਨ, ਜਿਸ ਦਾ ਭੈੜਾ ਨਤੀਜਾ ਹੁਣ ਸਾਹਮਣੇ ਆ ਰਿਹਾ ਹੈ। ਜਦੋਂ ਤੁਸੀਂ ਮਿਸਡ ਕਾਲ ਨਾਲ ਫਰਜ਼ੀ ਮੈਂਬਰ ਬਣਾਓਗੇ ਤਾਂ ਉਸ ਦਾ ਭੈੜਾ ਨਤੀਜਾ ਵੀ ਭਾਜਪਾ ਹੀ ਭੋਗੇਗੀ।

## ਹਲਕਾ ਫੁਲਕਾ

ਮੋਟੀ ਪਤਨੀ, "ਮੈਂ ਕਿਹਾ ਜੀ, ਆਪਣੇ ਪੁਰਾਣੇ ਕੱਪੜੇ ਦਾਨ ਕਰ ਦੇਵਾਂ?"

ਪਤੀ, "ਦਾਨ ਕੀ ਕਰਨੇ ਹਨ, ਸੁੱਟ ਹੀ ਦੇ।"

ਪਤਨੀ, "ਨਹੀਂ ਜੀ, ਦੁਨੀਆ ਵਿੱਚ ਬਹੁਤ ਸਾਰੀਆਂ ਗਰੀਬ ਤੇ ਭੁੱਖੀਆਂ-ਪਿਆਸੀਆਂ ਔਰਤਾਂ ਹਨ, ਕੋਈ ਵੀ ਪਹਿਨ ਲਵੇਗੀ।"

ਪਤੀ, "ਤੇਰੇ ਨਾਪ ਦੇ ਕੱਪੜੇ ਜਿਸ ਨੂੰ ਆਉਣਗੇ, ਉਹ ਭੁੱਖੀ-ਪਿਆਸੀ ਕਿਵੇਂ ਹੋ ਸਕਦੀ ਹੈ?"

*********

ਪਤੀ ਹੱਥ-ਪੈਰ ਛਿਲਵਾ ਕੇ ਅਤੇ ਅੱਖ ਸੁਜਾ ਕੇ ਘਰ ਆਇਆ। ਪਤਨੀ ਨੇ ਘਬਰਾ ਕੇ ਪੁੱਛਿਆ, "ਇਹ ਕੀ ਹੋਇਆ ਜੀ?"

ਪਤੀ, "ਕੁਝ ਨਹੀਂ, ਇੱਕ ਔਰਤ ਸਕੂਟੀ ਨਾਲ ਟੱਕਰ ਮਾਰ ਕੇ ਨਿਕਲ ਗਈ।"

ਪਤਨੀ, "...ਤਾਂ ਉਸ ਦੀ ਸਕੂਟੀ ਦਾ ਨੰਬਰ ਨੋਟ ਕੀਤਾ, ਕੌਣ ਸੀ?"

ਪਤੀ, "ਨਹੀਂ, ਦਰਦ ਕਾਰਨ ਸਕੂਟੀ ਦਾ ਰੰਗ ਤੇ ਨੰਬਰ ਤਾਂ ਨਹੀਂ ਦੇਖ ਸਕਿਆ, ਪਰ ਗੋਰੀ ਤੇ ਸੁਨਹਿਰੀ ਵਾਲਾਂ ਵਾਲੀ ਸੀ, ਹਰੇ ਰੰਗ ਦਾ ਸੂਟ ਪਾਇਆ ਸੀ, ਗੁਲਾਬੀ ਚੂੜੀਆਂ, ਗੂੜ੍ਹੇ ਲਾਲ ਰੰਗ ਦੀ ਲਿਪਸਟਿਕ, ਕੰਨਾਂ ਵਿੱਚ ਹੀਰੇ ਦੀਆਂ ਵਾਲੀਆਂ ਸਨ, ਹੱਥਾਂ 'ਤੇ ਮਹਿੰਦੀ ਲੱਗੀ ਸੀ ਅਤੇ ਹਾਂ, ਸੱਜੀ ਗੱਲ੍ਹ 'ਤੇ ਬੁੱਲ੍ਹਾਂ ਨੇੜੇ ਤਿਲ ਵੀ ਸੀ।"

ਇੰਨਾ ਦੱਸਦਿਆਂ ਪਤੀਦੇਵ ਦੀ ਦੂਜੀ ਅੱਖ ਵੀ ਸੁੱਜ ਗਈ।

